ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 12 | Issue 42 |26 October to 1 November 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਅਕਾਲ ਤਖ਼ਤ ਸਾਹਿਬ ਕਿਸੇ ਵੀ ਦੁਨਿਆਵੀ ਤਖ਼ਤ ਦੇ ਅਧੀਨ ਨਹੀਂ ਹੋ ਸਕਦਾ : ਭਾਈ ਦਲਜੀਤ ਸਿੰਘ ਬਿੱਟੂ

## 14 ਨਵੰਬਰ ਨੂੰ ਸਿੱਖ ਪ੍ਰਚਾਰਕਾਂ ਨੂੰ ਵਿਚਾਰ ਗੋਸ਼ਟੀ ਦਾ ਸੱਦਾ





ਅੰਮ੍ਰਿਤਸਰ/ਏ.ਟੀ.ਨਿਊਜ਼ :- ਮੌਜੂਦਾ ਸਮੇਂ ਵਿਚ ਸਿੱਖ ਪੰਥ ਵਿੱਚ ਜੋ ਖਲਾਅ ਪੈਦਾ ਹੋ ਰਿਹਾ ਹੈ ਉਸ ਨੂੰ ਭਰਨ ਦੇ ਲਈ ਅਤੇ ਪੰਥ ਨੂੰ ਇਕ ਕਰਨ ਦੇ ਲਈ ਸੰਘਰਸ਼ੀ ਯੋਧਿਆਂ ਵੱਲੋਂ ਸੰਵਾਦ, ਵਿਚਾਰ ਗੋਸ਼ਟੀ ਦਾ ਪਿੜ ਬੰਨ੍ਹਿਆ ਗਿਆ ਹੈ ਸਥਾਨਕ ਗੁ: ਸ਼ਹੀਦਗੰਜ ਸਾਹਿਬ ਰੇਲਵੇ ਕਲੋਨੀ ਬੀ - ਬਲਾਕ ਵਿਖੇ ਕਰਵਾਈ ਵਿਚਾਰ ਗੋਸ਼ਟੀ ਜਿਸ ਵਿੱਚ ਪੰਥ ਦੀਆਂ ਮੌਜੂਦਾ ਸਿੱਖ ਜਥੇਬੰਦੀਆਂ, ਸੰਪਰਦਾਵਾਂ ਦੇ ਆਗੂ ਅਤੇ ਕੌਮ ਦਾ ਦਰਦ ਰੱਖਣ ਵਾਲਿਆਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ ਗਿਆ। ਜਿਸ ਦਾ ਮੁੱਖ ਧੁਰਾ ਪੰਥ ਵਿਚ ਏਕਤਾ ਕਿਵੇਂ ਹੁੰਦੀ ਹੈ ਅਤੇ ਅੱਜ ਦੇ ਸਮੇਂ ਵਿਚ ਪੰਥਕ ਏਕਤਾ ਕਿਵੇਂ ਹੋ ਸਕਦੀ ਹੈ ? ਇਸ ਵਿਚਾਰ ਗੋਸ਼ਟੀ ਦੀ ਆਰੰਭਤਾ ਦਾ ਪਹਿਲਾ ਵਿਸ਼ਾ, ਅਕਾਲੀ ਅਤੇ ਅਕਾਲ ਤਖ਼ਤ ਸਾਹਿਬ ਦੀ ਵਰਤਮਾਨ ਸਥਿਤੀ ਅਤੇ ਭਵਿੱਖ ਦਾ ਅਮਲ ਸੀ । ਜਿਸ ਵਿੱਚ ਪੰਥਕ ਸੰਘਰਸ਼ ਦੇ ਪਿੜ ਵਿੱਚ ਨਿਸ਼ਕਾਮ ਵਿਚਰਦਿਆਂ ਹੋਇਆਂ ਸੇਵਾਵਾਂ ਨਿਭਾਉਣ ਵਾਲੇ ਜੁਝਾਰੂ ਸਿੰਘਾਂ ਭਾਈ ਰਜਿੰਦਰ ਸਿੰਘ ਮੁਗਲਵਾਲ, ਭਾਈ ਲਾਲ ਸਿੰਘ ਅਕਾਲਗੜ੍ਹ, ਭਾਈ ਦਲਜੀਤ ਸਿੰਘ ਬਿੱਟੂ, ਭਾਈ ਨਰੈਣ ਸਿੰਘ ਚੌੜਾ, ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਅਮਰੀਕ ਸਿੰਘ ਈਸੜੂ, ਭਾਈ ਸੁਖਦੇਵ ਸਿੰਘ ਫਗਵਾੜਾ, ਭਾਈ ਹਰਦੀਪ ਸਿੰਘ ਮਹਿਰਾਜ, ਭਾਈ ਸੁਖਦੇਵ ਸਿੰਘ ਡੋਡ, ਭਾਈ ਸਤਨਾਮ ਸਿੰਘ ਖੰਡੇਵਾਲਾ ਅਤੇ ਭਾਈ ਸਤਨਾਮ ਸਿੰਘ ਝੰਜੀਆਂ ਵੱਲੋਂ ਸਾਂਝੇ ਤੌਰ ਉੱਤੇ ਬੰਦੀ ਛੋੜ ਦਿਵਸ ਅਤੇ ਗੁਰੂ ਗ੍ਰੰਥ-ਗੁਰੂ ਪੰਥ ਗੁਰਿਆਈ ਦਿਵਸ ਮੌਕੇ ਆਪਸੀ ਵਿਚਾਰ ਵਟਾਂਦਰੇ ਦੀ ਗੁਰੂ ਖਾਲਸਾ ਪੰਥ ਦੀ ਰਵਾਇਤ ਦੇ ਅਨੁਸਾਰ (ਬਾਕੀ ਸ.ਫਾ 30 'ਤੇ)

# ਸ਼੍ਰੋਮਣੀ ਕਮੇਟੀ ਪ੍ਰਧਾਨਗੀ ਦੇ ਮਾਮਲੇ ਵਿਚ ਬੀਬੀ ਜਾਗੀਰ ਕੌਰ ਬਾਦਲਕਿਆਂ ਨਾਲ ਟਕਰਾਅ ਦੇ ਰਾਹ



- ਸ਼੍ਰੋਮਣੀ ਕਮੇਟੀ ਦਾ ਇਜਲਾਸ ਅੱਗੇ ਪਾਉਣ ਸਬੰਧੀ ਜਗੀਰ ਕੌਰ ਦੀ ਅਪੀਲ ਰੱਦ
- ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਇਜਲਾਸ 9 ਨੂੰ ਨਵੰਬਰ ਹੀ ਕਰਨ ਦਾ ਐਲਾਨ
- ਅਕਾਲੀ ਦਲ 'ਚ ਬ.ਗਾਵਤ ਕਾਰਨ ਕਾਹਲੀ ਵਿਚ ਸੱਦਿਆ ਇਜਲਾਸ : ਦਾਦੂਵਾਲ
- ਢੀਂਡਸਾ ਗਰੁੱਪ ਬੀਬੀ ਜਗੀਰ ਕੌਰ ਦੇ ਹੱਕ ਵਿਚ

ਅੰਮ੍ਰਿਤਸਰ/ਏ.ਟੀ.ਨਿਊਜ਼ :- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 9 ਨਵੰਬਰ ਨੂੰ ਰੱਖੇ ਗਏ ਜਨਰਲ ਇਜਲਾਸ ਵਿੱਚ ਚੁਣੇ ਜਾਣ ਵਾਲੇ ਪ੍ਰਧਾਨ ਲਈ ਜੋੜ-ਤੋੜ ਦੀ ਰਾਜਨੀਤੀ ਜ਼ੋਰਾਂ 'ਤੇ ਚੱਲ ਰਹੀ ਹੈ। ਸ਼੍ਰੋਮਣੀ ਕਮੇਟੀ ਦੇ 9 ਨਵੰਬਰ ਨੂੰ ਹੋਣ ਜਾ ਰਹੇ ਸਾਲਾਨਾ ਚੋਣ ਇਜਲਾਸ ਨੂੰ ਲੈ ਕੇ ਦਿਲਚਸਪ ਸਿਆਸੀ ਸਥਿਤੀ ਬਣਦੀ ਜਾ ਰਹੀ ਹੈ। ਇਸ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਦਾ ਰੰਗ-ਢੰਗ ਪਿਛਲੇ ਕਈ ਸਾਲਾਂ ਤੋਂ ਕੁਝ ਵੱਖਰਾ ਹੋਣ ਦੇ ਆਸਾਰ ਬਣਦੇ ਜਾ ਰਹੇ ਹਨ। ਹੁਣ ਤੱਕ ਪ੍ਰਾਪਤ ਸੂਚਨਾਵਾਂ ਅਨੁਸਾਰ ਇਸ ਵਾਰ ਦੀ ਚੋਣ ਵਿਚ ਮੁੱਖ ਮੁਕਾਬਲਾ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਅਧਿਕਾਰਿਤ ਤੌਰ 'ਤੇ ਖੜ੍ਹੇ ਕੀਤੇ ਜਾਣ ਵਾਲੇ ਉਮੀਦਵਾਰ ਅਤੇ ਅਕਾਲੀ ਦਲ ਦੀ ਹੀ ਨੇਤਾ ਤੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਦਰਮਿਆਨ ਹੋ ਸਕਦਾ ਹੈ। ਜਾਣਕਾਰੀ ਅਨੁਸਾਰ ਬੀਬੀ ਜਗੀਰ ਕੌਰ ਇਕ ਮਹੀਨੇ ਤੋਂ ਆਪਣੇ ਤੌਰ 'ਤੇ ਹੀ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਨਿੱਜੀ ਤੌਰ 'ਤੇ ਸੰਪਰਕ ਕਰ ਰਹੇ ਹਨ। ਇਸ ਦਰਮਿਆਨ ਬੀਤੇ ਦਿਨ ਬੀਬੀ ਜਗੀਰ ਕੌਰ ਵਲੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕਰਨ ਦੀ ਵੀ ਸੂਚਨਾ ਹੈ। ਇਸ ਮੀਟਿੰਗ ਵਿਚ ਬੀਬੀ ਨੇ ਪ੍ਰਧਾਨ ਸੁਖਬੀਰ ਸਿੰਖ ਬਾਦਲ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਸ਼੍ਰੋਮਣੀ ਅਕਾਲੀ ਦਲ ਵਲੋਂ ਪਾਰਟੀ ਦੀ ਜਮਹੂਰੀਅਤ ਅੰਦਰ ਰਹਿ ਕੇ ਸ਼੍ਰੋਮਣੀ ਕਮੇਟੀ ਪ੍ਰਧਾਨਗੀ ਦੀ ਚੋਣ ਲੜਨ ਦਾ ਅਧਿਕਾਰ ਰੱਖਦੇ ਹਨ। ਬੀਬੀ ਜਗੀਰ ਕੌਰ ਵਲੋਂ ਸ਼੍ਰੋਮਣੀ ਕਮੇਟੀ ਦਾ ਚੋਣ ਇਜਲਾਸ ਅੱਗੇ ਪਾਉਣ ਦੀ ਮੰਗ ਨੂੰ ਵੀ (ਬਾਕੀ ਸ.ਫਾ 30 'ਤੇ)



### ਪ੍ਰਧਾਨ ਦੀ ਚੋਣ ਬੰਦ ਲਿ.ਫਾ.ਫਾ ਜਾਂ ਪਰਚੀ ਲਿਖ ਕੇ ਨਹੀਂ ਹੋਵੇਗੀ

ਇਸ ਵਾਰ ਸ਼੍ਰੋਮਣੀ ਕਮੇਟੀ ਦੀ ਚੋਣ ਦੌਰਾਨ ਇਕ ਵੱਡਾ .ਫਰਕ ਇਹ ਹੋਣ ਦੇ ਆਸਾਰ ਹਨ ਕਿ ਇਸ ਵਾਰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਵੇਲੇ ਕੋਈ ਬੰਦ ਲਿ.ਫਾ.ਫਾ ਜਾਂ ਪਰਚੀ ਲਿਖ ਕੇ ਕਿਸੇ ਉਮੀਦਵਾਰ ਦਾ ਐਲਾਨ ਨਹੀਂ ਕਰਨਗੇ, ਸਗੋਂ ਉਹ ਚੋਣ ਤੋਂ ਕੁਝ ਦਿਨ ਪਹਿਲਾਂ ਹੀ ਪਾਰਟੀ ਦੇ ਅਧਿਕਾਰਿਤ ਉਮੀਦਵਾਰ ਦਾ ਨਾਂਅ ਐਲਾਨ ਦੇਣਗੇ। ਇਸ ਦਰਮਿਆਨ ਇਸ ਗੱਲ ਦੀ ਵੀ ਸੰਭਾਵਨਾ ਹੈ ਕਿ ਬਾਦਲ ਵਿਰੋਧੀ ਅਕਾਲੀ ਦਲਾਂ ਵਿਚੋਂ ਢੀਂਡਸਾ ਗੁੱਟ ਅਤੇ ਭਾਜਪਾ ਦੇ ਨੇੜੇ ਗਏ ਅਕਾਲੀ ਗੁੱਟ ਵੀ ਬੀਬੀ ਜਗੀਰ ਕੌਰ ਦੀ ਮਦਦ ਕਰਨਗੇ। ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਤੇ ਸਾਬਕਾ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ (ਬਾਕੀ ਸ.ਫਾ 30 'ਤੇ)

# ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਵਲੋਂ ਇਟਲੀ ਨਾਲ ਹਵਾਈ ਸੰਪਰਕ ਸੰਬੰਧੀ ਮਿਲਾਨ ਏਅਰਪੋਰਟ ਦੇ ਅਧਿਕਾਰੀਆਂ ਨਾਲ ਮੀਟਿੰਗ

ਅੰਮ੍ਰਿਤਸਰ/ਏ.ਟੀ.ਨਿਊਜ਼ :-ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਤੋਂ ਇਟਲੀ ਅਤੇ ਹੋਰਨਾਂ ਮੁਲਕਾਂ ਨਾਲ ਅੰਤਰਰਾਸ਼ਟਰੀ ਹਵਾਈ ਸੰਪਰਕ ਨੂੰ ਹੁਲਾਰਾ ਦੇਣ ਦੀ ਕੋਸ਼ਿਸ਼ ਵਿੱਚ, ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਨੇ ਇਟਲੀ ਦੇ ਮਿਲਾਨ ਬਰਗਾਮੋ ਹਵਾਈ ਅੱਡੇ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ, ਅੰਮ੍ਰਿਤਸਰ ਹਵਾਈ ਅੱਡੇ;ਤੇ ਹੋਰ ਅੰਤਰਰਾਸ਼

ਅਤੇ ਘਰੇਲੂ ਉਡਾਣ ਲਿਆਉਣ ਲਈ ਇੱਕ ਕੇਂਦਰਿਤ ਪਹਿਲਕਦਮੀ ਹੈ ਜੋ 1990 ਦੇ ਦਹਾਕੇ ਵਿੱਚ ਅੰਮ੍ਰਿਤਸਰ ਤੋਂ ਸਮਾਜ ਸੇਵੀ ਸੰਸਥਾ ਅੰਮ੍ਰਿਤ ਵਿਕਾਸ ਮੰਚ ਦੁਆਰਾ ਕੀਤੇ ਗਏ ਕੰਮ ਨੂੰ ਅ ਵਧਾਉਂਦੀ ਹੈ।




ਇਸ ਮੀਟਿੰਗ ਵਿੱ ਅੰਮ੍ਰਿਤਸਰ ਤੋਂ ਭਾਰਤ। ਇਕਾਈ ਦੇ ਕਨਵੀਨਰ ਇੰਡਿਆ ਯੋਗੇਸ਼ ਕਾਮਰਾ ਅਤੇ ਮੈਂਬਰ ਰਵਰੀਤ ਸਿੰਘ, ਅਮਰੀਕਾ ਤੋਂ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਅਤੇ ਕੈਨੇਡਾ ਤੋਂ ਮੁੱਖ ਬੁਲਾਰੇ ਮੋਹਿਤ ਧੰਜੂ ਨੇ ਦੋਵਾਂ ਸ਼ਹਿਰਾਂ ਵਿਚਕਾਰ ਅਨੁਸੂਚਿਤ ਹਵਾਈ ਸੰਪਰਕ ਸਥਾਪਤ ਕਰਨ ਸੰਬੰਧੀ ਮਿਲਾਨ ਬਰਗਾਮੋ ਏਅਰਪੋਰਟ ਦੇ ਵਪਾਰਕ ਮਾਮਲਿਆਂ ਦੇ ਡੀਰੈਕਟਰ ਗੀਆਕੋਮੋ ਕੈਟਾਨੇਓ ਨਾਲ ਗੱਲਬਾਤ ਕੀਤੀ।

ਇੱਕ ਪ੍ਰੈਸ ਬਿਆਨ ਵਿੱਚ, ਯੋਗੇਸ਼ ਕਾਮਰਾ ਨੇ ਦੱਸਿਆ ਕਿ ਇਸ ਮੀਟਿੰਗ ਦੌਰਾਨ ਭਾਰਤ ਅਤੇ ਇਟਲੀ ਦਰਮਿਆਨ ਦੁਵੱਲੇ ਹਵਾਈ ਸੇਵਾ

ਸਮਝੌਤਿਆਂ ਜਿਸ ਨਾਲ ਦੋਨਾਂ ਮੁਲਕਾਂ ਦੇ ਨਿਰਧਾਰਤ ਹਵਾਈ ਅੱਡਿਆਂ ਤੇ ਉਡਾਣ ਚਲਾਉਣ ਦੀ ਇਜਾਜਤ ਹੁੰਦੀ ਹੈ, ਹਵਾਈ ਅੱਡਿਆਂ ਵਿਚਕਾਰਪ੍ਰਤੀ ਹਫ਼ਤੇ ਕਿੰਨੀਆਂ ਸਵਾਰੀਆਂ ਆ ਜਾ ਸਕਦੀਆਂ ਹਨ, ਹੋਰ ਵਪਾਰਕ ਜਾਗਰੂਕਤਾ ਪੈਦਾ ਕਰਨ ਲਈ ਵੱਖ-ਵੱਖ ਏਅਰਲਾਈਨਾਂ ਨੂੰ ਸੱਦਾ ਦੇਣ ਦੇ ਮੁੱਦਿਆਂ ਤੇ ਲੰਮੀ ਚਰਚਾ ਕੀਤੀ ਗਈ। ਦੋਵੇਂ ਧਿਰਾਂ ਆਪਸੀ ਤੌਰ ਤੇ ਪੰਜਾਬ ਅਤੇ ਇਟਲੀ ਦਰਮਿਆਨ ਹਵਾਈ ਸੰਪਰਕ ਬਣਾਉਣ ਅਤੇ ਪੰਜਾਬੀਆਂ ਤੱਕ ਜਾਣਕਾਰੀ ਪਹੁੰਚਾਉਣ ਸੰਬੰਧੀ ਮਿਲ ਕੇ ਕੰਮ ਕਰਨ ਲਈ ਸਹਿਮਤ ਹੋਈਆਂ ਜਿਸਦੀ ਪਿਛਲੇ ਕੁਝ ਦਹਾਕਿਆਂ ਤੋਂ ਮੰਗ ਕੀਤੀ ਜਾ ਰਹੀ ਹੈ।

ਕੜਿਆਂ ਅਨੁਸਾਰ, ਮਈ ਨੇ ਨੂੰ ਛੱਡ ਕੇ, ਜਨਵਰੀ ਤੋਂ ਅਗਸਤ 2022 ਦਰਮਿਆਨ 20,000 ਤੋਂ ਵੱਧ ਯਾਤਰੀਆਂ ਦੀ ਵੱਡੀ ਗਣਤੀ ਨੇ ਅੰਮ੍ਰਿਤਸਰ ਅਤੇ ਮਲਾਨ ਬਰਗਾਮੋ ਹਵਾਈ ਅੱਡੇ ਵਿਚਕਾਰ ਯਾਤਰਾ ਕੀਤੀ ਹੈ। ਇਨ੍ਹਾਂ ਅੰਕੜਿਆਂ ਵੱਚ ਅੰਮ੍ਰਿਤਸਰ ਤੋਂ ਰੋਮ ਅਤੇ ਮਿਲਾਨਮਾਲਪੈਂਸਾ ਹਵਾਈ ਅੱਡੇ ਦੇ ਹਜ਼ਾਰਾਂ ਯਾਤਰੀ ਸ਼ਾਮਲ ਨਹੀਂ ਹਨ।

ਵਰਤਮਾਨ ਵਿੱਚ ਭਾਰਤੀ ਘੱਟ ਕੀਮਤ ਵਾਲੀ ਏਅਰਲਾਈਨ ਸਪਾਈਸਜੈਬਟ ਅਤੇ ਇਟਲੀ ਦੀ ਨਿਓਸ ਏਅਰ ਅੰਮ੍ਰਿਤਸਰ ਤੋਂ ਮਿਲਾਨ ਅਤੇ ਰੋਮ ਲਈ ਇਹਨਾਂ ਵਿਸ਼ੇਸ਼ ਉਡਾਣਾਂ ਦਾ ਸੰਚਾਲਨ ਕਰ ਰਹੇ ਹਨ।ਏਅਰ ਇੰਡੀਆ ਨੇ 2021 ਵਿੱਚ ਲਗਭਗ 6 ਮਹੀਨਿਆਂ ਲਈ ਅੰਮ੍ਰਿਤਸਰ ਅਤੇ ਰੋਮ ਵਿਚਕਾਰ ਵੰਦੇ ਭਾਰਤ ਮਿਸ਼ਨ ਤਹਿਤ ਸਿੱਧੀਆਂ ਉਡਾਣਾਂ ਵੀ ਚਲਾਈਆਂ ਸਨ।

ਮਿਲਾਨ ਬਰਗਾਮੋ ਏਅਰਪੋਰਟ ਦੇ ਡਾਇਰੈਕਟਰ ਜਿਆਕੋਮੋ ਕੈਟਾਨੇਓ ਨੇ ਏਅਰਪੋਰਟ ਬਾਰੇ ਜਾਣਕਾਰੀ ਪੇਸ਼ ਕੀਤੀ।ਉਹਨਾਂ ਭਾਰਤੀ ਅਤੇ ਪੰਜਾਬੀ ਭਾਈਚਾਰੇ ਦੀ ਵੱਡੀ ਆਬਾਦੀ ਜੋ ਇਟਲੀ ਅਤੇ ਏਅਰਪੋਰਟ ਦੇ ਨੇੜਲੇ ਸ਼ਹਿਰਾਂ ਵਿੱਚ ਵੱਸਦੀ ਹੈ, ਦੇ ਅੰਕੜੇ ਵੀ ਸਾਂਝੇ ਕੀਤੇ। ਇਸ ਵਿੱਚ ਪੰਜਾਬੀਆਂ ਦੀ ਬਹੁਤਾਤ ਗਿਣਤੀ ਬਰਗਾਮੋ ਮਿਲਾਨ ਏਅਰਪੋਰਟ ਦੇ ਨੇੜਲੇ ਇਲਾਕਿਆਂ ਵਿੱਚ ਹੈ। ਕੈਟਾਨੇਓ ਪੰਜਾਬ ਤੋਂ


ਮਿਲਾਨ ਬਰਗਾਮੋ ਏਅਰਪੋਰਟ ਦੇ ਡਾਇਰੈਕਟਰ ਨਾਲ ਮੀਟਿੰਗ ਕਰਦੀ ਹੋਏ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੀ ਟੀਮ।

ਇਟਲੀ ਲਈ ਸਿੱਧੀਆਂ ਉਡਾਣਾਂ ਦੀ ਗਿਣਤੀ ਨੂੰ ਦੇਖ ਕੇ ਬਹੁਤ ਉਤਸ਼ਾਹਿਤ ਸੀ, ਜੋ ਕਿ ਕਈ ਵਾਰ ਰੋਜ਼ਾਨਾ ੩ ਉਡਾਣਾਂ ਤੱਕ ਸੀ।

ਕੈਟਾਨੇਓ ਨੇ ਮਿਲਾਨ-ਅੰਮ੍ਰਿਤਸਰ ਹਵਾਈ ਸੰਪਰਕ ਨੂੰ ਇੱਕ ਸਥਾਈ ਰੂਟ ਬਣਾਉਣ ਲਈ ਜ਼ੋਰਦਾਰ ਇੱਛਾ ਦਾ ਪ੍ਰਗਟਾਵਾ ਕੀਤਾ।ਉਹਨਾਂ ਇਹ ਵੀਸਾਂਝਾ ਕੀਤਾ ਕਿ ਬਹੁਗਿਣਤੀ ਪੰਜਾਬੀਆਂ ਦੇ ਇਸ ਹਵਾਈ ਅੱਡੇ ਦੇ ਕੋਲ ਹੋਣ ਨਾਲ, ਪੰਜਾਬ ਦੇ ਨਾਲ ਬਰਗਮੋ ਦੇ ਆਲੇ ਦੁਆਲੇ ਵਪਾਰਕ ਅਤੇਉਦਯੋਗਿਕ ਖੇਤਰਾਂ ਨੂੰ ਵੀ ਬਹੁਤ ਲਾਭ ਪਹੁੰਚੇਗਾ। ਇਹ ਇਕ ਕਾਮਯਾਬ ਹਵਾਈ ਸੰਪਰਕ ਸਾਬਤ ਹੋ ਸਕਦਾ ਹੈ।

ਕਾਮਰਾ ਨੇ ਅਗਾਂਹ ਦੱਸਿਆ ਕਿ ਸਿੱਧੀਆਂ ਉਡਾਣਾਂ ਦੇ ਨਾਲ, ਯੂਰਪ ਦੇ ਹੋਰ ਮੁਲਕਾਂ, ਯੂਨਾਈਟਿਡ ਕਿੰਗਡਮ ਅਤੇ ਉਬਤਰੀ ਅਮਰੀਕਾ ਨਾਲ ਅਗਾਂਹਕਨੈਕਸ਼ਨ ਹੋਣ ਦੀਆਂ ਸੰਭਾਵਨਾਵਾਂ ਬਾਰੇ ਵੀ ਚਰਚਾ ਕੀਤੀ ਗਈ ਕਿਉਂਕਿ ਯੂਰਪ ਦੇ ਬਹੁਤ ਸਾਰੇ ਪ੍ਰਮੁੱਖ ਹਵਾਈ ਅੱਡੇ ਹੁਣ ਸਵੈ-ਤਬਾਦਲਾ(ਸੈਲਫ ਟਰਾਂਸਫਰ) ਦੀ ਸਹੂਲਤ ਪ੍ਰਦਾਨ ਕਰਦੇ ਹਨ।

## 6 ਰਾਜਾਂ ਵੱਲੋਂ ਰਾਸ਼ਟਰਪਤੀ ਦੀ ਕਰਜ਼ਾ ਮੁਆਫੀ ਯੋਜਨਾ ਵਿਰੁੱਧ ਅਪੀਲ ਦਾਇਰ

### ਅਦਾਲਤ ਨੇ ਯੋਜਨਾ ਉਪਰ ਲਾਈ ਆਰਜ਼ੀ ਰੋਕ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਅਮਰੀਕਾ ਦੇ 6 ਰਾਜਾਂ ਨੇ ਰਾਸ਼ਟਰਪਤੀ ਜੋਅ ਬਾਈਡਨ ਵੱਲੋਂ ਲਾਗੂ ਵਿਦਿਆਰਥੀਆਂ ਦੀ ਕਰਜ਼ਾ ਮੁਆਫੀ ਯੋਜਨਾ ਦਾ ਵਿਰੋਧ ਕਰਦਿਆਂ ਅਦਾਲਤ ਵਿਚ ਅਪੀਲ ਦਾਇਰ ਕੀਤੀ ਗਈ ਹੈ। ਇਨ੍ਹਾਂ ਰਾਜਾਂ ਦਾ ਕਹਿਣਾ ਹੈ ਕਿ ਇਸ ਯੋਜਨਾ ਕਾਰਨ ਉਨ੍ਹਾਂ ਨੂੰ ਵੱਡੀ ਪੱਧਰ ਉਪਰ ਵਿੱਤੀ ਨੁਕਸਾਨ ਪੁੱਜੇਗਾ। ਕੰਜ਼ਰਵੇਟਿਵ (ਰਿਪਬਲੀਕਨ) ਪਾਰਟੀ ਦੀ ਸੱਤਾ ਵਾਲੇ 6 ਰਾਜ ਅਰਕਨਸਾਸ, ਲੋਵਾ, ਕਨਸਾਸ, ਮਿਸੌਰੀ, ਨੇਬਰਾਸਕਾ ਤੇ ਦੱਖਣੀ ਕੈਰੋਲੀਨਾ ਦੁਆਰਾ ਦਾਇਰ ਅਪੀਲ ਵਿਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਏਨੀ ਵੱਡੀ ਪੱਧਰ ਉਪਰ ਕਰਜ਼ਾ ਮੁਆਫ ਕਰਨ ਦਾ ਅਧਿਕਾਰ ਨਹੀਂ ਰੱਖਦੇ। ਇਨ੍ਹਾਂ ਰਾਜਾਂ ਨੇ ਦਲੀਲ ਦਿੱਤੀ ਹੈ ਕਿ ਇਸ ਯੋਜਨਾ ਰਾਹੀਂ ਉਨ੍ਹਾਂ ਨੂੰ ਵਿੱਤੀ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ। ਰਾਜਾਂ ਨੇ ਅਦਾਲਤ ਨੂੰ ਬੇਨਤੀ ਕੀਤੀ ਹੈ ਕਿ ਉਹ ਇਕ ਹਫਤੇ ਲਈ ਯੋਜਨਾ ਉਪਰ ਆਰਜੀ ਰੋਕ ਲਾ ਦੇਵੇ ਤਾਂ ਜੋ ਉਹ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾ ਸਕਣ ਤੇ ਰਾਹਤ ਲੈ ਸਕਣ। ਮਿਸੌਰੀ ਦੀ ਇਕ ਸੰਘੀ ਅਦਾਲਤ ਦੁਆਰਾ ਇਸ ਕਿਸਮ ਦੀ ਦਾਇਰ ਅਪੀਲ ਰੱਦ ਕਰ ਦੇਣ ਉਪਰੰਤ ਰਾਜਾਂ ਵੱਲੋਂ ਏਟਥ ਸਰਕਟ ਕੋਰਟ ਆਫ ਅਪੀਲਜ ਵਿਚ ਰਾਸ਼ਟਰਪਤੀ ਦੀ ਯੋਜਨਾ ਵਿਰੁੱਧ ਦੁਬਾਰਾ ਅਪੀਲ ਦਾਇਰ ਕੀਤੀ ਗਈ ਹੈ। ਫਿਲਹਾਲ ਅਦਾਲਤ ਨੇ (ਬਾਕੀ ਸਫ਼ਾ 31 'ਤੇ)






# ਅਮਰੀਕਾ ਦੇ ਸ਼ਹਿਰ ਸੇਂਟ ਲੂਇਸ ਦੇ ਇਕ ਹਾਈ ਸਕੂਲ ਵਿਚ ਹੋਈ ਗੋਲੀਬਾਰੀ ਵਿੱਚ 2 ਮੌਤਾਂ, 6 ਜ਼ਖਮੀ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਸੇਂਟ ਲੂਇਸ (ਮਿਸੂਰੀ) ਦੇ ਇਕ ਹਾਈ ਸਕੂਲ ਵਿਚ ਇਕ ਗੰਨਮੈਨ ਵੱਲੋਂ ਕੀਤੀ ਗੋਲੀਬਾਰੀ ਵਿਚ 2 ਜਣਿਆਂ ਦੀ ਮੌਤ ਹੋ ਗਈ ਤੇ 6 ਹੋਰ ਜ਼ਖਮੀ ਹੋ ਗਏ। ਕਮਿਸ਼ਨਰ ਮਾਈਕ ਸੈਕ ਨੇ ਇਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਸੈਂਟਰਲ ਵਿਜੂਅਲ ਐਂਡ ਪਰਫਾਰਮਿੰਗ ਆਰਟਸ ਹਾਈ ਸਕੂਲ ਦੇ ਅੰਦਰ ਹਮਲਾਵਰ ਨੇ ਗੋਲੀਆਂ ਮਾਰ ਕੇ ਇਕ ਔਰਤ ਤੇ ਇਕ ਨਾਬਾਲਗ ਲੜਕੀ ਦੀ ਹੱਤਿਆ ਕਰ ਦਿੱਤੀ। ਘਟਨਾ ਸਥਾਨਕ ਸਮੇ ਅਨੁਸਾਰ ਸਵੇਰੇ 9.10 ਵਜੇ ਵਾਪਰੀ। ਸੂਚਨਾ ਮਿਲਣ 'ਤੇ ਪੁਲਿਸ ਕੁਝ ਹੀ ਮਿੰਟਾਂ ਵਿਚ ਸਕੂਲ ਵਿਚ ਪਹੁੰਚ ਗਈ।

ਸਕੂਲ ਦੀ ਤੀਜੀ ਮੰਜਿਲ ਉਪਰ ਪੁਲਿਸ ਤੇ ਗੰਨਮੈਨ ਵਿਚਾਲੇ ਹੋਈ ਫਾਈਰਿੰਗ ਦੌਰਾਨ ਬੰਦੂਕਧਾਰੀ ਗੋਲੀ ਵੱਜਣ ਕਾਰਨ ਜ਼ਖਮੀ ਹੋ ਗਿਆ ਜਿਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਨਾਬਾਲਗ ਲੜਕੀ ਦੀ ਮੌਕੇ ਉਪਰ ਹੀ ਮੌਤ ਹੋ ਗਈ ਜਦ ਕਿ ਔਰਤ ਨੇ ਹਸਪਤਾਲ ਜਾ ਕੇ ਦਮ ਤੋੜ ਦਿੱਤਾ। ਸ਼ੱਕੀ ਹਮਲਾਵਰ ਦੀ ਅਜੇ ਪਛਾਣ ਕੀਤੀ ਜਾਣੀ ਹੈ ਜਦ ਕਿ


ਸੇਂਟ ਲੂਇਸ ਦੇ ਇਕ ਹਾਈ ਸਕੂਲ ਵਿਚ ਹੋਈ ਗੋਲਬਾਰੀ ਉਪਰੰਤ ਸਕੂਲ ਦੇ ਬਾਹਰ ਇਕੱਠੇ ਹੋਏ ਵਿਦਿਆਰਥੀ।

ਗੋਲੀਬਾਰੀ ਵਿਚ ਮਾਰੀਆਂ ਗਈ ਔਰਤ ਤੇ ਲੜਕੀ ਦੇ ਪਰਿਵਾਰ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਸੈਕ ਨੇ ਦੱਸਿਆ ਕਿ ਜ਼ਖਮੀਆਂ ਦਾ ਹਸਪਤਾਲ ਵਿਚ ਇਲਾਜ ਚਲ ਰਿਹਾ ਹੈ ਜਿੱਥੇ ਉਨਾਂ ਦੀ ਹਾਲਤ ਵਿਚ ਸੁਧਾਰ ਹੋ ਰਿਹਾ ਹੈ। ਸਕੂਲ ਵਿਚ ਹਮਲਾਵਰ ਕਿਸ ਤਰਾਂ ਦਾਖਲ ਹੋਇਆ, ਇਸ ਬਾਰੇ ਕਮਿਸ਼ਨਰ ਨੇ ਸਿੱਧਾ ਜਵਾਬ ਨਹੀਂ ਦਿੱਤਾ ਤੇ ਸਿਰਫ਼ ਏਨਾ ਕਿਹਾ ਕਿ ਮਾਮਲੇ ਨੂੰ ਉਲਝਾਓ ਨਾ। ਉਨ੍ਹਾਂ ਹੋਰ ਕੋਈ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ।

# ਕੈਨੇਡਾ 'ਚ ਹੈਂਡਗੰਨ 'ਤੇ ਪਾਬੰਦੀਆਂ

ਸਰੀ/ਏ.ਟੀ.ਨਿਊਜ਼ :- ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਰੀ ਵਿਚ ਇਕ ਪ੍ਰੈਸ ਕਾਨਫ਼ਰੰਸ ਦੌਰਾਨ ਕੈਨੇਡਾ ਅੰਦਰ ਹੈਂਡਗੰਨ ਦੀ ਵਿਕਰੀ, ਖਰੀਦ ਜਾਂ ਟ੍ਰਾਂਸਫਰ 'ਤੇ ਪਾਬੰਦੀ ਲਗਾਉਣ ਵਾਲਾ ਕਾਨੂੰਨ ਬੀਤੇ ਦਿਨੀਂ ਲਾਗੂ ਕਰਨ ਦਾ ਐਲਾਨ ਕੀਤਾ। ਦੱਸਣਯੋਗ ਹੈ ਕਿ ਕੈਨੇਡਾ ਵਿਚ ਗੰਨ ਹਿੰਸਾ ਨਾਲ ਨਜਿੱਠਣ ਦੀ ਯੋਜਨਾ ਦੇ ਹਿੱਸੇ ਵਜੋਂ 40 ਸਾਲਾਂ 'ਚ ਦੇਸ਼ ਦੇ ਸਭ ਤੋਂ ਸਖਤ ਬੰਦੂਕ ਨਿਯੰਤਰਣ ਉਪਾਵਾਂ ਨੂੰ ਲਾਗੂ ਕਰਨ ਵਾਲੇ ਪ੍ਰਸਤਾਵਿਤ ਕਾਨੂੰਨ ਦੇ ਨਾਲ ਮਈ ਮਹੀਨੇ ਵਿਚ ਹੈਂਡਗੰਨ ਫ੍ਰੀਜ਼ ਦਾ ਐਲਾਨ ਕੀਤਾ ਗਿਆ ਸੀ ਇਸ ਕਾਨਫਰੰਸ ਦੌਰਾਨ ਉਨ੍ਹਾਂ ਨਾਲ ਗੰਨ ਹਿੰਸਾ ਪੀੜਤ ਪਰਿਵਾਰਕ ਮੈਂਬਰ, ਪਬਲਿਕ ਸੇਫਟੀ ਮਨਿਸਟਰ ਮਾਰਕੋ ਮੈਂਡੀਸੀਨੋ, ਐਮ.ਪੀ ਰਣਦੀਪ ਸਿੰਘ ਸਰਾਏ, ਐਮ.ਪੀ. ਸੁੱਖ ਧਾਲੀਵਾਲ, ਐਮ. ਪੀ. ਪਰਮ ਬੈਂਸ ਤੇ ਹੋਰ ਹਾਜ਼ਰ ਸਨ। ਟਰੂਡੋ ਨੇ ਅੱਗੇ



ਕਿਹਾ ਜਿਵੇਂ ਕਿ ਅਸੀਂ ਦੇਖਦੇ ਹਾਂ ਕਿ ਗੰਨ ਹਿੰਸਾ ਵਧਦੀ ਜਾ ਰਹੀ ਹੈ, ਇਸ ਉਪਰ ਰੋਕ ਲਗਾਉਣ ਦੀ ਸਾਡੀ ਜ਼ਿੰਮੇਵਾਰੀ ਹੈ।

## ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨੇ ਸਿੱਖਾਂ ਨੂੰ ਬੰਦੀ ਛੋੜ ਦਿਵਸ 'ਤੇ ਵਧਾਈ ਦਿੱਤੀ

ਓਟਵਾ/ਏ.ਟੀ.ਨਿਊਜ਼ :- ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੰਦੀ ਛੋੜ ਦਿਵਸ ਮੌਕੇ ਸਿੱਖ ਪੰਥ ਨੂੰ ਵਧਾਈ ਦਿੱਤੀ ਹੈ। ਪ੍ਰਧਾਨ ਮੰਤਰੀ ਨੇ ਕਿਹਾ, ਬੰਦੀ ਛੋੜ ਦਿਵਸ 'ਤੇ ਕੈਨੇਡਾ ਅਤੇ ਦੁਨੀਆ ਭਰ ਦੇ ਸਿੱਖਾਂ ਨੂੰ ਵਧਾਈ ਦਿੰਦਾ ਹਾਂ। ਉਨ੍ਹਾਂ ਕਿਹਾ ਕਿ ਕੈਨੇਡਾ ਦੇ ਵਿਕਾਸ ਤੇ ਸੇਵਾ ਵਿਚ ਸਿੱਖਾਂ ਦਾ ਵਡਾ ਯੋਗਦਾਨ ਹੈ।

# ਨਿਊਯਾਰਕ 'ਚ ਹੋਏ ਦੀਵਾਲੀ ਸਮਾਗਮ ਦੌਰਾਨ ਭਾਰਤੀ ਭਾਈਚਾਰੇ ਨੇ ਕੀਤੀ ਵੱਡੀ ਗਿਣਤੀ 'ਚ ਸ਼ਮੂਲੀਅਤ

## ਮੇਅਰ ਐਰਿਕ ਐਡਮਜ ਤੇ ਹੋਰਨਾਂ ਨੇ ਦਿੱਤੀਆਂ ਦੀਵਾਲੀ ਦੀਆਂ ਮੁਬਾਰਕਾਂ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਨਿਊਯਾਰਕ ਦੇ ਟਾਈਮਜ਼ ਸਕੁਏਅਰ ਵਿਚ ਦੀਵਾਲੀ ਸਮਾਗਮ ਪੂਰੇ ਉਤਸ਼ਾਹ ਤੇ ਰਵਾਇਤੀ ਰਸਮਾਂ ਨਾਲ ਅਯੋਜਿਤ ਕੀਤਾ ਗਿਆ ਜਿਸ ਵਿਚ ਮੇਅਰ ਐਰਿਕ ਐਡਮਜ, ਨਿਊਯਾਰਕ ਦੇ ਸੈਨੇਟਰ ਚਾਰਲਸ ਈ ਸ਼ੂਮਰ, ਸਟੇਟ ਅਸੰਬਲੀ ਵੋਮੈਨ ਮੈਂਬਰ ਜੈਨੀਫਰ ਰਾਜ ਕੁਮਾਰ, ਮੈਨਹਟਨ ਬੋਰੋਘ ਦੇ ਪ੍ਰਧਾਨ ਮਾਰਕ ਲੈਵਾਈਨ ਤੇ ਨਿਊਯਾਰਕ ਵਿਚਲੇ ਭਾਰਤ ਦੇ ਕੌਂਸਲ ਜਨਰਲ ਰਣਧੀਰ ਜੈਸਵਾਲ ਸਮੇਤ ਵੱਡੀ ਗਿਣਤੀ ਵਿਚ ਅਮਰੀਕੀ ਤੇ ਭਾਰਤੀ ਭਾਈਚਾਰੇ ਦੇ ਲੋਕਾਂ ਨੇ ਹਿੱਸਾ ਲਿਆ। ਭਾਰਤ ਦੇ ਵੱਖ-ਵੱਖ ਹਿੱਸਿਆਂ ਨਾਲ ਸਬੰਧਤ ਲੋਕਾਂ ਨੇ ਵੱਖੋ-ਵੱਖਰੇ ਪਹਿਰਾਵੇ ਪਹਿਣ ਕੇ ਸਮਾਗਮ ਵਿਚ ਸ਼ਮੂਲੀਅਤ ਕੀਤੀ ਜੋ ਭਾਰਤ ਦੇ ਬਹੁ-ਸਭਿਆਚਾਰਕ ਸਮਾਜ ਦਾ ਪ੍ਰਤੀਕ ਸਨ।

ਮੇਅਰ ਐਡਮਜ ਤੇ ਹੋਰਨਾਂ ਨੇ ਦਿਵਾਲੀ ਦੀਆਂ ਮੁਬਾਰਕਾਂ ਦਿੱਤੀਆਂ। ਇਸ ਮੌਕੇ ਦੀਵੇ ਤੇ ਮੋਮਬੱਤੀਆਂ ਜਗਾ ਕੇ ਇਕਜੁੱਟਤਾ ਤੇ ਭਾਈਚਾਰਕ ਸਾਂਝ ਦਾ ਸੰਦੇਸ਼ ਦਿੱਤਾ ਗਿਆ। ਵੱਖ ਵੱਖ ਬੁਲਾਰਿਆਂ ਦੇ ਸੰਬੋਧਨ ਦੌਰਾਨ ਕਲਾਕਾਰਾਂ ਨੇ ਖੂਬ ਰੰਗ ਬੰਨਿਆ। ਸਮਾਗਮ ਦਾ ਉਦਘਾਟਨ ਕਰਦਿਆਂ ਆਪਣੇ ਸੰਬੋਧਨ ਵਿਚ ਸ਼ੂਮਰ ਨੇ ਕਿਹਾ 'ਅਸੀਂ ਦੀਵਾਲੀ ਨੂੰ ਮਾਨਤਾ ਦਿੰਦੇ ਹਾਂ। ਸਾਨੂੰ ਔਰਤਾਂ ਦੀ ਸ਼ਕਤੀ ਤੇ ਉਨ੍ਹਾਂ ਵੱਲੋਂ ਅਮਰੀਕਾ ਵਿਚ ਨਿਭਾਈ ਭੂਮਿਕਾ ਨੂੰ ਮਾਨਤਾ ਦੇਣ ਦੀ ਲੋੜ ਹੈ। ਆਓ ਆਪਾਂ



ਆਪਣੇ ਦੇਸ਼ ਤੇ ਸ਼ਹਿਰ ਦੇ ਨਾਲ ਨਾਲ ਔਰਤਾਂ ਦੀ ਤਰਕੀ ਲਈ ਕੰਮ ਕਰੀਏ।' ਬੀਬੀ ਜੈਨੀਫਰ ਰਾਜਕੁਮਾਰ ਨੇ ਮੇਅਰ ਐਡਮਜ ਦੀ ਤਾਰੀਫ ਕਰਦਿਆਂ ਕਿਹਾ ਕਿ ਅਸੀਂ ਜਨਤਿਕ ਤੌਰ 'ਤੇ ਉਨ੍ਹਾਂ ਨੂੰ ਹਿੰਦੂ ਮੇਅਰ ਕਹਿੰਦੇ ਹਾਂ। ਉਹ ਪੌਦਿਆਂ ਅਧਾਰਤ ਖਾਣਾ ਖਾਣ ਤੇ ਸਮਾਧੀ ਲਾਉਣ ਸਮੇਤ ਹਿੰਦੂ ਸਮਾਜ ਵਿਚ ਪ੍ਰਚਲਤ ਗੀਤੀ ਰਿਵਾਜਾਂ ਦਾ ਸਨਮਾਨ ਕਰਦੇ ਹਨ। ਉਨ੍ਹਾਂ ਕਿਹਾ ਕਿ ਮੈਨੂੰ ਨਿਊਯਾਰਕ ਸਟੇਟ ਅਸੈਂਬਲੀ ਵਿਚ ਪਹਿਲੀ ਹਿੰਦੂ ਔਰਤ ਵਜੋਂ ਚੁਣ ਕੇ ਆਉਣ ਦਾ ਮਾਣ ਸਨਮਾਨ ਮਿਲਿਆ ਹੈ ਪ੍ਰੰਤੂ ਗੱਲ ਇਥੇ ਹੀ ਖਤਮ ਨਹੀਂ ਹੋਵੇਗੀ ਤੇ ਆਉਣ ਵਾਲੇ ਸਮੇਂ ਵਿਚ ਹੋਰ ਭਾਰਤੀ ਔਰਤਾਂ ਸਟੇਟ ਅਸੈਂਬਲੀ ਵਿਚ ਚੁਣ ਕੇ ਆਉਣਗੀਆਂ। ਕੌਂਸਲ ਜਨਰਲ ਜੈਸਵਾਲ ਨੇ ਕਿਹਾ ਕਿ ਅਸੀਂ ਟਾਈਮਜ਼ ਸਕੁਏਅਰ ਵਿਚ ਹਰ ਸਾਲ ਦੀਵਾਲੀ ਮਨਾਉਂਦੇ ਹਾਂ ਪ੍ਰੰਤੂ ਇਸ ਵਾਰ ਦਾ ਦਿਵਾਲੀ ਸਮਾਗਮ ਖਾਸ ਹੈ। ਇਸ ਸਾਲ ਦੀ ਦਿਵਾਲੀ ਅਸੀਂ 75 ਸਾਲਾ ਅਜ਼ਾਦੀ ਦੇ ਜਸ਼ਨਾਂ ਦੇ ਹਿੱਸੇ ਵਜੋਂ ਮਨਾ ਰਹੇ ਹਾਂ। ਇਸ ਮੌਕੇ ਲੱਗੇ ਦੀਵਾਲੀ ਬਜ਼ਾਰ ਵਿਚ ਭਾਰਤ ਦੇ ਵੱਖ-ਵੱਖ ਰਵਾਇਤੀ ਖਾਣਿਆਂ ਤੇ ਮਠਿਆਈਆਂ ਦਾ ਆਨੰਦ ਲੋਕਾਂ ਨੇ ਲਿਆ।

# ਕੈਲੀਫੋਰਨੀਆ ਸਟੇਟ ਸੈਨੇਟ ਲਈ ਐਂਜਲਿਕ ਐਸ਼ਬੀ ਲਈ ਸੈਕਰਾਮੈਂਟੋ 'ਚ ਫੰਡ ਰੇਜਿੰਗ



ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਕੈਲੀਫੋਰਨੀਆ ਸਟੇਟ ਸੈਨੇਟ ਲਈ ਐਂਜਲਿਕ ਐਸ਼ਬੀ ਲਈ ਵੈਸਟ ਸੈਕਰਾਮੈਂਟੋ ਵਿੱਚ ਫੰਡ ਰੇਜਿੰਗ ਕੀਤਾ ਗਿਆ। ਇਸ ਫੰਡ ਰੇਜਿੰਗ ਵਿੱਚ ਸਥਾਨਕ ਨਾਮਵਰ ਸ਼ਖਸੀਅਤਾਂ ਨੇ ਸ਼ਮੂਲੀਅਤ ਕੀਤੀ।

ਇਸ ਮੌਕੇ ਸਟੇਟ ਸੈਨੇਟ ਲਈ ਖੜੀ ਐਂਜਲਿਕ ਐਸ਼ਬੀ ਨੇ ਸਾਰੇ ਫੰਡ ਦੇਣ ਵਾਲੇ ਸੱਜਣਾਂ ਦਾ ਧੰਨਵਾਦ ਕਰਦਿਆਂ ਕਿਹਾ ਉਹ ਪੰਜਾਬੀ ਸਿੱਖ ਭਾਈਚਾਰੇ ਦਾ ਦਿਲੋਂ ਆਦਰ ਕਰਦੀ ਹੈ ਤੇ ਆਉਣ ਵਾਲੇ ਸਮੇਂ 'ਚ ਵੀ ਇਸ ਮੱਦਦ ਨੂੰ ਕਦੇ ਨਹੀਂ ਭੁੱਲੇਗੀ, ਉਸਨੇ ਭਾਈਚਾਰੇ ਦੀ ਵਿਲੱਖਣਤਾ ਤੇ ਮਾਣ ਵੀ ਕੀਤਾ। ਇਸ ਫੰਡ ਰੇਜਿੰਗ ਦੇ ਮੁੱਖ ਪ੍ਰਬੰਧਕ ਨਰਿੰਦਰ ਸਿੰਘ ਥਾਂਦੀ ਨੇ ਐਂਜਲਿਕ ਐਸ਼ਬੀ ਬਾਰੇ ਦੱਸਿਆ ਤੇ ਫੰਡ ਦੇਣ ਬਦਲੇ ਆਏ ਦੋਸਤਾਂ ਮਿਤਰਾਂ, ਵੈਸਟ ਸੈਕਰਾਮੈਂਟੋ ਸਿੱਖ ਟੈਂਪਲ ਦੇ ਪ੍ਰਬੰਧਕਾਂ, ਗੁਰਦੁਆਰਾ ਦਸ਼ਮੇਸ਼ ਦਰਬਾਰ ਮੈਨੇਜਮੈਂਟ ਦੇ ਪ੍ਰਬੰਧਕਾਂ ਅਤੇ ਨਟੋਮਸ, ਐਲਕ ਗਰੋਵ, ਅਤੇ ਸੈਕਰਾਮੈਂਟੋ ਤੋਂ ਆਏ ਸਾਰਿਆਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਨਾਂ ਕਿਹਾ ਕਿ ਤੁਹਾਡੇ ਯੋਗਦਾਨ ਤੋਂ ਬਿਨਾਂ ਇਹ ਸਮਾਗਮ ਸੰਪੂਰਨ ਨਹੀਂ ਹੋਣਾ ਸੀ। ਇਸ ਮੌਕੇ ਨਰਿੰਦਰ ਥਾਂਦੀ ਨੇ ਐਂਜਲਿਕ ਐਸ਼ਬੀ ਲਈ ਆਪਣੀ ਵੋਟ ਅਤੇ ਸਮਰਥਨ ਕਰਨ ਲਈ ਵੀ ਕਿਹਾ ਜਿਸ ਦਾ ਸਿੱਧਾ ਮੁਕਾਬਲਾ ਸਾਬਕਾ ਇੰਸ਼ੋਰੈਂਸ ਕਮਿਸ਼ਨਰ ਡੇਵ ਜੋਨਜ ਨਾਲ ਹੈ।

# ਕੈਲੀਫੋਰਨੀਆ ਵਿਚ ਇਕ ਘਰ ਦੇ ਪਿਛਵਾੜੇ ਜ਼ਮੀਨ ਵਿਚ ਦੱਬੀ ਕਾਰ ਮਿਲੀ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਸਾਨਫਰਾਂਸਿਸਕੋ (ਕੈਲੀਫੋਰਨੀਆ) ਨੇੜੇ ਇਕ ਰਿਹਾਇਸ਼ੀ ਮਕਾਨ ਦੇ ਪਿਛਲੇ ਹਿੱਸੇ 'ਚ ਜ਼ਮੀਨ ਵਿਚ ਦੱਬੀ ਇਕ ਕਾਰ ਬਰਾਮਦ ਹੋਈ ਹੈ। ਕਾਰ ਵਿਚੋਂ ਕੋਈ ਬਰਾਮਦਗੀ ਨਹੀਂ ਹੋਈ। ਪੁਲਿਸ ਮੁਖੀ ਸਟੀਵਨ ਮੈਕੂਲੀ ਨੇ ਦੱਸਿਆ ਕਿ ਦੱਬੀ ਹੋਈ ਇਸ ਕਾਰ ਦਾ ਪਤਾ ਸੂਹੀਆ ਕੁੱਤਿਆਂ ਨੇ ਲਾਇਆ ਸੀ ਜਿਸ ਉਪਰੰਤ ਜ਼ਮੀਨ ਪੁੱਟੀ ਗਈ। ਇਹ ਮਾਮਲਾ ਐਥਰਟਨ ਸ਼ਹਿਰ ਦਾ ਹੈ ਜਿਥੇ ਮੌਜੂਦਾ ਮਕਾਨ ਮਾਲਕ ਘਰ ਦਾ ਕੰਮ ਕਰਵਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਹੀਆ ਕੁੱਤਿਆਂ ਨੇ ਜ਼ਮੀਨ ਵਿਚ ਮਨੁੱਖੀ ਲਾਸ਼ ਹੋਣ ਦਾ ਸੰਕੇਤ ਦਿੱਤਾ ਸੀ ਪ੍ਰੰਤੂ ਕਾਰ ਵਿਚੋਂ ਕੋਈ ਮਨੁੱਖੀ ਰਹਿੰਦ ਖੂੰਹਦ ਨਹੀਂ ਮਿਲੀ। ਐਥਰਟਨ ਦੇ ਮੇਅਰ ਰਿਕ ਡੀਗੋਲੀਆ ਅਨੁਸਾਰ ਕਾਰ ਜ਼ਮੀਨ ਵਿਚ 5 ਫੁੱਟ ਹੇਠਾਂ ਦੱਬੀ ਹੋਈ ਸੀ। ਉਨ੍ਹਾਂ ਕਿਹਾ ਕਿ ਬਰਾਮਦ ਮਰਸੀਡਜ-ਬੈਂਜ਼ ਕਾਰ 1992 ਵਿਚ ਲਾਪਤਾ ਹੋਈ ਸੀ। ਮੇਅਰ ਅਨੁਸਾਰ ਪੁਲਿਸ ਨੇ ਕਾਰ ਦੇ ਸੰਭਾਵੀ ਮਾਲਕ ਦਾ ਪਤਾ ਲਾ ਲਿਆ ਹੈ ਜਿਸ ਦੀ ਪੁਸ਼ਟੀ ਅਜੇ ਨਹੀਂ ਹੋ ਸਕੀ ਪ੍ਰੰਤੂ ਲੱਗਦਾ ਹੈ ਕਿ ਉਸ ਦੀ ਮੌਤ ਹੋ ਚੁੱਕੀ। ਉਨ੍ਹਾਂ ਦਸਿਆ ਕਿ ਮਾਮਲਾ ਪੁਲਿਸ ਦੀ ਜਾਂਚ ਅਧੀਨ ਹੈ।

# ਬਰੈਂਪਟਨ ਸਿਟੀ ਕੌਂਸਲ ਚੋਣ 'ਚ ਚਾਰ ਪੰਜਾਬੀ ਜਿੱਤੇ

ਬਰੈਂਪਟਨ/ਏ.ਟੀ.ਨਿਊਜ਼ :- ਪੰਜਾਬੀਆਂ ਦਾ ਗੜ੍ਹ ਮੰਨੇ ਜਾਂਦੇ ਬਰੈਂਪਟਨ ਸਿਟੀ ਦੀ ਮਿਉਂਸਪਲ ਚੋਣ ਵਿੱਚ ਚਾਰ ਪੰਜਾਬੀ ਜੇਤੂ ਰਹੇ। ਪ੍ਰਾਪਤ ਜਾਣਕਾਰੀ ਅਨੁਸਾਰ ਨਵਜੀਤ ਕੌਰ ਬਰਾੜ ਨੇ ਵਾਰਡ 2 ਤੇ 6 ਅਤੇ ਹਰਕੀਰਤ ਸਿੰਘ ਨੇ ਵਾਰਡ 9 ਤੇ 10 ਤੋਂ ਸਿਟੀ ਕੌਂਸਲਰ ਵਜੋਂ ਚੋਣ ਜਿੱਤੀ ਹੈ ਜਦਕਿ ਗੁਰਪ੍ਰਤਾਪ ਸਿੰਘ ਤੂਰ ਵਾਰਡ 9 ਤੇ 10 ਤੋਂ ਰਿਜਨਲ ਕੌਂਸਲਰ ਚੁਣੇ ਗਏ ਹਨ। ਇਸੇ ਤਰ੍ਹਾਂ ਪੱਤਰਕਾਰ ਸਤਪਾਲ ਜੌਹਲ ਵਾਰਡ ਨੰਬਰ 9 ਤੇ 10 ਤੋਂ ਪੀਲ ਸਕੂਲ ਬੋਰਡ ਦੇ ਟਰੱਸਟੀ ਬਣ ਗਏ ਹਨ। ਜ਼ਿਕਰਯੋਗ ਹੈ ਕਿ ਬਰੈਂਪਟਨ ਸਿਟੀ ਕੌਂਸਲ ਵਿੱਚ ਪੰਜ ਸਿਟੀ ਕੌਂਸਲਰ, ਪੰਜ ਰਿਜਨਲ ਕੌਂਸਲਰ ਅਤੇ ਪੰਜ ਸਕੂਲ ਟਰੱਸਟੀ ਚੁਣੇ ਜਾਂਦੇ ਹਨ। ਪੈਟਰਿਕ ਬਰਾਊਨ ਦੋ ਪੰਜਾਬੀਆਂ ਨਿੱਕੀ ਕੌਰ ਅਤੇ ਬੌਬ ਦੋਸਾਂਝ ਨੂੰ ਹਰਾ ਕੇ ਦੂਜੀ ਵਾਰ ਮੇਅਰ ਚੁਣੇ ਗਏ ਹਨ।






# ਖ਼ਾਲਸਾ ਪੰਥ ਦੇ ਨਿਸ਼ਕਾਮ ਸੇਵਾਦਾਰ ਅਤੇ ਯੂਨਾਈਟਿਡ ਸਿੱਖਸ ਦੇ ਡਾਇਰੈਕਟਰ ਭਾਈ ਅੰਮ੍ਰਿਤਪਾਲ ਸਿੰਘ ਭਾਟੀਆ ਨਹੀਂ ਰਹੇ



ਨਿਊਯਾਰਕ, (ਰਾਜ ਗੋਗਨਾ )– ਬੀਤੇ ਦਿਨ ਕੈਲੀਫੋਰਨੀਆ ਸੂਬੇ 'ਚ ਰਹਿੰਦੇ ਭਾਈ ਅੰਮ੍ਰਿਤਪਾਲ ਸਿੰਘ ਜੀ ਭਾਟੀਆ, ਜਿਨਾਂ ਨੂੰ ਜਨਤਾ 'ਭਾਟੀਆ ਅੰਕਲ' ਦੇ ਵਜੋਂ ਉਹ ਜਾਣੇ ਜਾਂਦੇ ਸਨ। ਬੀਤੇ ਦਿਨ ਉਹਨਾਂ ਦਾ ਸੈਂਟਾ ਕਲਾਰਾ, ਕੈਲੀਫੋਰਨੀਆ ਦੇ ਇੱਕ ਹਸਪਤਾਲ ਵਿੱਚ ਦੇਹਾਂਤ ਹੋ ਗਿਆ ਹੈ।

ਜਿੱਥੇ ਉਹ ਖ਼ਾਲਸਾ ਪੰਥ ਦੇ ਇਕ ਨਿਸ਼ਕਾਮ 'ਸੇਵਾਦਾਰ' ਸਨ, ਅਤੇ ਸਮਾਜ ਭਲਾਈ ਦੇ ਕੰਮਾਂ ਨੂੰ ਵੱਧ ਚੜ ਕੇ ਯੋਗਦਾਨ ਪਾਉਣ ਵਾਲੇ ਇਕ ਦਿਆਲੂ, ਮਿਲਾਪੜੇ ਇਨਸਾਨ ਸਨ। ਉਹ ਯੂਨਾਈਟਿਡ ਸਿੱਖਸ ਦੇ ਡਾਇਰੈਕਟਰ ਵੀ ਸਨ ਅਤੇ ਮਨੁੱਖੀ ਅਧਿਕਾਰਾਂ ਦੇ ਪੱਕੇ ਵਕੀਲ ਵੀ ਸਨ। ਜਿਨਾਂ ਨੇ ਯੂਨਾਈਟਿਡ ਸਿੱਖਸ ਦੇ ਨਾਲ ਬਹੁਤ ਸਾਰੇ ਪ੍ਰੋਜੈਕਟਾਂ ਨੂੰ ਉਤਸ਼ਾਹਿਤ ਕੀਤਾ ਅਤੇ ਉਹ ਮਾਨਵਤਾਵਾਦੀ ਰਾਹਤ ਅਤੇ ਵਕਾਲਤ ਦੇ ਯਤਨਾਂ ਵਿੱਚ ਵਿਸ਼ਵ ਪੱਧਰ 'ਤੇ ਉਹਨਾਂ ਨੇ ਕੌਮ ਦੀ ਸੇਵਾ ਕੀਤੀ। ਦੱਸਣਯੋਗ ਹੈ ਕਿ ਯੂਨਾਈਟਿਡ ਸਿੱਖਸ ਵਿੱਚ ਉਹਨਾਂ ਨੇ ਕਈਆਂ ਸਿੱਖ ਕੌਮ ਦੇ ਸਿੰਘਾਂ ਦੇ ਨਾਲ ਕੰਮ ਕੀਤਾ ਜਿਨਾਂ ਓਡੀ ਮੌਤ ਦਾ ਸੁਣ ਕੇ ਅਮਰੀਕਾ 'ਚ ਵੱਸਦੇ ਪੰਜਾਬੀ ਭਾਈਚਾਰੇ ਨੇ ਬਹੁਤ ਹੀ ਦੁੱਖ ਮਨਾਇਆ ਹੈ। ਉਹਨਾਂ ਦੇ ਸਾਰੇ ਸੱਜਣਾਂ ਮਿੱਤਰਾਂ ਨੇ ਪਰਿਵਾਰ ਦੇ ਨਾਲ ਜਿੱਥੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਉੱਥੇ ਅਮਰੀਕਾ 'ਚ' ਵੱਸਦੇ ਪੰਜਾਬੀ ਭਾਈਚਾਰੇ ਅਤੇ ਯੂਨਾਈਟਿਡ ਸਿੱਖ ਨਾਲ ਜੁੜੇ ਹੋਏ ਸਮੂਹ ਸੰਸਥਾ ਨੇ ਆਪਣੀ ਡੂੰਘੀ ਸੰਵੇਦਨਾ ਜਤਾਈ ਹੈ ਅਤੇ ਅਕਾਲ ਪੁਰਖ ਵਾਹਿਗੁਰੂ ਜੀ ਉਹਨਾਂ ਦੀ ਆਤਮਾ ਨੂੰ ਸ਼ਾਂਤੀ ਦੇਣ ਅਤੇ ਭਾਟੀਆ ਪਰਿਵਾਰ ਨੂੰ ਇਹ ਭਾਣਾ ਮੰਨਣ ਦਾ ਬਲ ਬਖ਼ਸ਼ਣੀ।

# ਚੋਣ ਕਮਿਸ਼ਨ ਵੱਲੋਂ ਇਮਰਾਨ ਖ਼ਾਨ ਅਯੋਗ ਕਰਾਰ

## ਸਾਬਕਾ ਪ੍ਰਧਾਨ ਮੰਤਰੀ 'ਤੇ ਸੀ ਤੋਹਫ਼ਿਆਂ ਦੀ ਵਿਕਰੀ ਤੋਂ ਆਮਦਨ ਲੁਕਾਉਣ ਦਾ ਲੱਗਾ ਦੋਸ਼

### ਪੰਜ ਸਾਲ ਤੱਕ ਨਹੀਂ ਬਣ ਸਕਣਗੇ ਸੰਸਦ ਮੈਂਬਰ

ਇਸਲਾਮਾਬਾਦ/ਏ.ਟੀ.ਨਿਊਜ਼ :- ਪਾਕਿਸਤਾਨ ਚੋਣ ਕਮਿਸ਼ਨ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ 'ਤੋਸ਼ਾਖਾਨਾ ਕੇਸ' ਵਿੱਚ ਪੰਜ ਸਾਲਾਂ ਲਈ ਅਯੋਗ ਕਰਾਰ ਦਿੱਤਾ ਹੈ। ਉਨ੍ਹਾਂ 'ਤੇ ਵਿਦੇਸ਼ੀ ਨੇਤਾਵਾਂ ਤੋਂ ਪ੍ਰਾਪਤ ਤੋਹਫ਼ਿਆਂ ਦੀ ਵਿਕਰੀ ਤੋਂ ਪ੍ਰਾਪਤ ਆਮਦਨ ਲੁਕਾਉਣ ਦਾ ਦੋਸ਼ ਸੀ। ਮੁੱਖ ਚੋਣ ਕਮਿਸ਼ਨਰ ਸਿਕੰਦਰ ਸੁਲਤਾਨ ਰਾਜਾ ਦੀ ਅਗਵਾਈ ਵਾਲੇ ਚਾਰ ਮੈਂਬਰੀ ਬੈਂਚ ਦੇ ਇਸ ਫ਼ੈਸਲੇ ਮਗਰੋਂ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ (ਪੀਟੀਆਈ) ਮੁਖੀ ਇਮਰਾਨ ਖ਼ਾਨ ਪੰਜ ਸਾਲਾਂ ਤੱਕ ਸੰਸਦ ਮੈਂਬਰ ਨਹੀਂ ਬਣ ਸਕਦੇ। ਇਹ ਫ਼ੈਸਲਾ ਪੰਜ ਮੈਂਬਰੀ ਬੈਂਚ ਵੱਲੋਂ ਸਰਬਸੰਮਤੀ ਨਾਲ ਲਿਆ ਗਿਆ। ਹਾਲਾਂਕਿ ਫ਼ੈਸਲੇ ਦੇ ਐਲਾਨ ਸਮੇਂ ਬੈਂਚ ਦੇ ਪੰਜਾਬ ਤੋਂ ਮੈਂਬਰ ਹਾਜ਼ਰ ਨਹੀਂ ਸਨ।

ਦੱਸਣਯੋਗ ਹੈ ਕਿ ਸੱਤਾਧਾਰੀ ਗੱਠਜੋੜ ਸਰਕਾਰ ਦੇ ਸੰਸਦ ਮੈਂਬਰਾਂ ਨੇ ਅਗਸਤ ਮਹੀਨੇ ਇਮਰਾਨ ਖ਼ਾਨ ਖ਼ਿਲਾਫ਼ ਪਾਕਿਸਤਾਨ ਚੋਣ ਕਮਿਸ਼ਨ (ਈਸੀਪੀ) ਨੂੰ ਸ਼ਿਕਾਇਤ ਦਿੱਤੀ ਸੀ। ਇਸ ਸ਼ਿਕਾਇਤ ਵਿੱਚ ਤੋਸ਼ਾਖਾਨਾ ਵਿੱਚੋਂ ਰਿਆਇਤੀ ਭਾਅ 'ਤੇ ਖਰੀਦੇ ਗਏ ਤੋਹਫਿਆਂ ਦੀ ਵਿਕਰੀ ਤੋਂ ਹੋਈ ਆਮਦਨ ਦਾ ਖ਼ੁਲਾਸਾ ਨਾ ਕਰਨ ਨੂੰ ਲੈ ਕੇ ਇਮਰਾਨ ਖ਼ਾਨ ਨੂੰ ਅਯੋਗ ਕਰਾਰ ਦੇਣ ਦੀ ਮੰਗ ਕੀਤੀ ਗਈ ਸੀ। ਮਾਮਲੇ ਦੀ ਸੁਣਵਾਈ ਮਗਰੋਂ ਚੋਣ ਕਮਿਸ਼ਨ ਨੇ 19 ਸਤੰਬਰ ਨੂੰ ਆਪਣਾ ਫ਼ੈਸਲਾ ਰਾਖਵਾਂ ਰੱਖ ਲਿਆ ਸੀ। ਚੋਣ ਕਮਿਸ਼ਨ ਦੇ ਬੈਂਚ ਨੇ ਹੁਣ ਸਰਬਸੰਮਤੀ ਨਾਲ ਫ਼ੈਸਲਾ ਸੁਣਾਇਆ ਕਿ ਇਮਰਾਨ ਖ਼ਾਨ ਭ੍ਰਿਸ਼ਟਾਚਾਰ ਵਿੱਚ ਸ਼ਾਮਲ ਸਨ ਅਤੇ ਉਨ੍ਹਾਂ ਨੂੰ ਸੰਸਦ ਦੇ ਮੈਂਬਰ ਵਜੋਂ ਅਯੋਗ ਕਰਾਰ ਦੇ ਦਿੱਤਾ। ਬੈਂਚ ਨੇ ਇਹ ਵੀ ਕਿਹਾ ਕਿ ਉਨ੍ਹਾਂ ਖ਼ਿਲਾਫ਼ ਭ੍ਰਿਸ਼ਟਾਚਾਰ ਕਾਨੂੰਨ ਤਹਿਤ ਕਾਰਵਾਈ ਵੀ ਕੀਤੀ ਜਾਵੇਗੀ।



ਦੱਸਣਯੋਗ ਹੈ ਕਿ ਸਾਲ 2018 ਵਿਚ ਸੱਤਾ ਵੇਲੇ ਇਮਰਾਨ ਖ਼ਾਨ ਨੂੰ ਅਧਿਕਾਰਤ ਦੌਰਿਆਂ ਦੌਰਾਨ ਅਰਬ ਸ਼ਾਸਕਾਂ ਤੋਂ ਮਹਿੰਗੇ ਤੋਹਫ਼ੇ ਮਿਲੇ ਸਨ ਜਿਹੜੇ ਤੋਸ਼ਾਖਾਨਾ ਵਿੱਚ ਜਮ੍ਹਾਂ ਕੀਤੇ ਗਏ ਸਨ। ਬਾਅਦ ਵਿੱਚ ਖ਼ਾਨ ਨੇ ਸਬੰਧਿਤ ਕਾਨੂੰਨ ਮੁਤਾਬਕ ਤੋਹਫ਼ਿਆਂ ਨੂੰ ਰਿਆਇਤੀ ਮੁੱਲ 'ਤੇ ਖਰੀਦਿਆ ਅਤੇ ਵੱਧ ਮੁਨਾਫ਼ੇ 'ਤੇ ਵੇਚ ਦਿੱਤਾ। ਸਾਬਕਾ ਪ੍ਰਧਾਨ ਮੰਤਰੀ ਨੇ ਸੁਣਵਾਈ ਦੌਰਾਨ ਚੋਣ ਕਮਿਸ਼ਨ ਨੂੰ ਦੱਸਿਆ ਸੀ ਕਿ ਤੋਸ਼ਾਖਾਨਾ ਤੋਂ ਲਗਭਗ 2.1 ਕਰੋੜ ਰੁਪਏ ਵਿੱਚ ਖਰੀਦੇ ਤੋਹਫ਼ਿਆਂ ਦੀ ਵਿਕਰੀ ਤੋਂ ਉਨ੍ਹਾਂ ਨੂੰ 5.8 ਕਰੋੜ ਰੁਪਏ ਮਿਲੇ ਸਨ। ਇਮਰਾਨ ਖ਼ਾਨ ਵੱਲੋਂ ਖਰੀਦੇ ਤੋਹਫ਼ਿਆਂ ਵਿੱਚ ਗਰਾਫ ਕੰਪਨੀ ਦੀ ਘੜੀ, ਇੱਕ ਮਹਿੰਗਾ ਪੈੱਨ, ਮੁੰਦਰੀ ਅਤੇ ਰੋਲੈਕਸ ਕੰਪਨੀਆਂ ਚਾਰ ਘੜੀਆਂ ਸਣੇ ਹੋਰ ਸਾਮਾਨ ਸ਼ਾਮਲ ਸੀ। ਆਪਣੇ ਵਿਰੋਧੀਆਂ ਮੁਤਾਬਕ ਇਮਰਾਨ ਆਮਦਨ ਕਰ ਰਿਟਰਨ ਵਿੱਚ ਇਨ੍ਹਾਂ ਤੋਹਫ਼ਿਆਂ ਦੀ ਵਿਕਰੀ ਦੱਸਣ 'ਚ ਅਸਫਲ ਰਹੇ ਸਨ। ਇਸੇ ਦੌਰਾਨ ਸਥਾਨਕ ਜੀਓ ਨਿਊਜ਼ ਟੀਵੀ 'ਤੇ ਪ੍ਰਸਾਰਿਤ (ਲੰਡਨ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਰਿਕਾਰਡ ਕੀਤੀ) ਟਿੱਪਣੀ 'ਚ ਇਮਰਾਨ ਖ਼ਾਨ ਦੀ ਵਿਰੋਧੀ ਅਤੇ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੀ ਨੇਤਾ ਮਰੀਅਮ ਨਵਾਜ਼ ਨੇ ਕਿਹਾ, 'ਹੁਣ ਇਹ ਸਾਬਤ ਹੋ ਗਿਆ ਹੈ ਉਹ ਇੱਕ 'ਸਰਟੀਫਾਈਡ ਚੋਰ' ਹਨ।'

### ਫ਼ੈਸਲੇ ਨੂੰ ਹਾਈ ਕੋਰਟ 'ਚ ਚੁਣੌਤੀ ਦੇਵੇਗੀ ਤਹਿਰੀਕ-ਏ-ਇਨਸਾਫ਼ ਪਾਰਟੀ

ਤਹਿਰੀਕ-ਏ-ਇਨਸਾਫ਼ ਪਾਰਟੀ ਨੇ ਇਮਰਾਨ ਖ਼ਾਨ ਨੂੰ ਅਯੋਗ ਠਹਿਰਾਏ ਜਾਣ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਦਾ ਫ਼ੈਸਲਾ ਕੀਤਾ ਹੈ ਅਤੇ ਇਸ ਗੱਲ ਨੂੰ ਖਾਰਜ ਕੀਤਾ ਕਿ ਉਹ (ਇਮਰਾਨ) ਹੁਣ ਕੌਮੀ ਅਸੈਂਬਲੀ ਦੇ ਮੈਂਬਰ ਨਹੀਂ ਹਨ। ਹਾਲਾਂਕਿ ਖ਼ਾਨ ਨੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਪੀਟੀਆਈ ਦੇ ਜਨਰਲ ਸਕੱਤਰ ਅਸਦ ਉਮਰ ਨੇ ਕਿਹਾ ਕਿ ਪਾਰਟੀ ਮੁਖੀ ਇਮਰਾਨ ਖ਼ਾਨ ਨੂੰ ਅਯੋਗ ਠਹਿਰਾਏ ਜਾਣ ਦੇ ਫ਼ੈਸਲੇ ਨੂੰ ਇਸਲਾਮਾਬਾਦ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਜਾਵੇਗੀ। ਵਕੀਲ ਫ਼ੈਸਲ ਚੌਧਰੀ ਨੇ ਕਿਹਾ ਚੋਣ ਕਮਿਸ਼ਨ ਦੇ ਟ੍ਰਿਬਿਊਨਲ ਕੋਲ ਮਾਮਲੇ ਦੇ ਸੁਣਵਾਈ ਦਾ ਕੋਈ ਅਧਿਕਾਰ ਨਹੀਂ ਹੈ ਅਤੇ ਇਸ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ, 'ਇਹ ਇੱਕ ਗ਼ੈਰਕਾਨੂੰਨੀ ਅਤੇ ਗ਼ੈਰ-ਸੰਵਿਧਾਨਕ ਹੁਕਮ ਹੈ।'

### ਪੀਟੀਆਈ ਵਰਕਰਾਂ ਤੇ ਪੁਲਿਸ ਵਿਚਾਲੇ ਹਿੰਸਕ ਝੜਪਾਂ

ਇਸਲਾਮਾਬਾਦ : ਪਾਕਿਸਤਾਨ ਚੋਣ ਕਮਿਸ਼ਨ (ਈਸੀਪੀ) ਵੱਲੋਂ ਤੋਸ਼ਾਖਾਨਾ ਕੇਸ ਵਿੱਚ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਅਯੋਗ ਕਰਾਰ ਦਿੱਤੇ ਜਾਣ ਮਗਰੋਂ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਵਰਕਰਾਂ ਅਤੇ ਪੁਲਿਸ ਵਿਚਾਲੇ ਝੜਪਾਂ ਕਾਰਨ ਦੇਸ਼ ਵਿੱਚ ਹਿੰਸਾ ਭੜਕ ਗਈ। ਏਆਰਵਾਈ ਨਿਊਜ਼ ਮੁਤਾਬਕ ਚੋਣ ਕਮਿਸ਼ਨ ਦੇ ਫ਼ੈਸਲੇ ਦੇ ਤੁਰੰਤ ਬਾਅਦ ਪੀਟੀਆਈ ਕਾਰਕੁਨਾਂ ਅਤੇ ਪੁਲਿਸ ਟੁਕੜੀਆਂ ਦੇ ਆਹਮੋ-ਸਾਹਮਣੇ ਹੋਣ ਕਾਰਨ ਹਿੰਸਾ ਭੜਕ ਗਈ। ਪ੍ਰਦਰਸ਼ਨ ਦੌਰਾਨ ਪੁਲਿਸ ਨੇ ਪੀਟੀਆਈ ਨੇਤਾ ਸਾਲੇਹ ਮੁਹੰਮਦ ਤੇ ਉਨ੍ਹਾਂ ਦੇ ਅੰਗ ਰੱਖਿਅਕ ਨੂੰ ਚੋਣ ਕਮਿਸ਼ਨ ਦੇ ਦਫ਼ਤਰ ਅੱਗਿਓਂ ਗ੍ਰਿਫ਼ਤਾਰ ਕਰ ਲਿਆ।

# ਸ਼ੀ ਜਿਨਪਿੰਗ ਤੀਜੀ ਵਾਰ ਬਣੇ ਚੀਨ ਦੇ ਰਾਸ਼ਟਰਪਤੀ

## ਮਾਓ ਜ਼ੇ ਤੁੰਗ ਤੋਂ ਬਾਅਦ ਬਣੇ ਦੂਜੇ ਸਭ ਤੋਂ ਸ਼ਕਤੀਸ਼ਾਲੀ ਨੇਤਾ

ਬੀਜਿੰਗ/ਏ.ਟੀ.ਨਿਊਜ਼ :- ਸ਼ੀ ਜਿਨਪਿੰਗ (69) ਨੇ ਬੀਤੇ ਐਤਵਾਰ ਨੂੰ ਚੀਨ ਦੇ ਰਾਸ਼ਟਰਪਤੀ ਵਜੋਂ ਇਤਿਹਾਸਕ ਤੀਜਾ ਕਾਰਜਕਾਲ ਪ੍ਰਾਪਤ ਕਰ ਲਿਆ ਹੈ। ਉਹ ਤੀਜੀ ਵਾਰ ਕਮਿਊਨਿਸਟ ਪਾਰਟੀ ਆਫ ਚਾਈਨਾ (ਸੀ.ਪੀ.ਸੀ.) ਦੇ ਜਨਰਲ ਸਕੱਤਰ ਚੁਣੇ ਗਏ ਹਨ । ਸੀ.ਪੀ.ਸੀ. ਦੇ ਸੰਸਥਾਪਕ ਮਾਓ ਜ਼ੇ ਤੁੰਗ ਤੋਂ ਬਾਅਦ ਸ਼ੀ ਜਿਨਪਿੰਗ ਅਜਿਹੇ ਪਹਿਲੇ ਨੇਤਾ ਹਨ, ਜਿਨ੍ਹਾਂ ਨੂੰ ਲਗਾਤਾਰ ਤੀਜੀ ਵਾਰ ਚੀਨ ਦੀ ਵਾਗਡੋਰ ਸੰਭਾਲਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਇਸ ਮੌਕੇ ਸੰਬੋਧਨ ਕਰਦਿਆਂ ਸ਼ੀ ਜਿਨਪਿੰਗ ਨੇ ਚੀਨ ਦੇ ਤੇਜ਼ੀ ਨਾਲ ਵਿਕਾਸ ਲਈ ਭਵਿੱਖ ਦੀ ਨੀਤੀ 'ਤੇ ਵੀ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਅਸੀਂ ਸੁਧਾਰ ਤੇ ਖੁੱਲ੍ਹੇਪਣ ਦੀ ਦਿਸ਼ਾ ਵਿਚ 40 ਸਾਲ ਤੋਂ ਵੱਧ ਦੇ ਅਣਥੱਕ ਯਤਨਾਂ ਤੋਂ ਬਾਅਦ ਦੋ ਚਮਤਕਾਰ ਕੀਤੇ ਹਨ। ਪਹਿਲਾ ਤੇਜ਼ੀ ਨਾਲ ਆਰਥਿਕ ਵਿਕਾਸ ਤੇ ਦੂਜਾ ਦੀਰਘਕਾਲਿਕ ਸਮਾਜਿਕ ਸਥਿਰਤਾ। ਉਨ੍ਹਾਂ ਕਿਹਾ ਕਿ ਦੁਨੀਆ ਨੂੰ ਚੀਨ ਦੀ ਜ਼ਰੂਰਤ ਹੈ। ਚੀਨ, ਦੁਨੀਆ ਬਿਨਾਂ ਵਿਕਸਿਤ ਨਹੀਂ ਹੋ ਸਕਦਾ ਤੇ ਦੁਨੀਆ ਵੀ ਚੀਨ ਦੇ ਬਿਨਾਂ ਅੱਗੇ ਨਹੀਂ ਵਧ ਸਕਦੀ। ਇਸ ਲਈ ਹੋਰਨਾਂ ਦੇਸ਼ਾਂ ਨਾਲ ਮਿਲ ਕੇ ਕੰਮ ਕਰਨ ਦੀ ਜ਼ਰੂਰਤ ਹੈ।



ਜਿਨਪਿੰਗ ਦੇ ਤੀਜੀ ਵਾਰ ਰਾਸ਼ਟਰਪਤੀ ਬਣਨ ਦੇ ਨਾਲ ਹੀ ਪਾਰਟੀ ਦਾ 4 ਦਹਾਕੇ ਪੁਰਾਣਾ ਨਿਯਮ ਵੀ ਟੁੱਟ ਗਿਆ। ਦਰਅਸਲ, ਚੀਨ 'ਚ 1982 ਵਿਚ ਸਭ ਤੋਂ ਸਿਖਰਲੇ ਅਹੁਦੇ 'ਤੇ 10 ਸਾਲ ਦੇ ਕਾਰਜਕਾਲ ਦਾ ਨਿਯਮ ਬਣਾਇਆ ਗਿਆ ਸੀ। ਹਾਲਾਂਕਿ, ਜਿਨਪਿੰਗ ਨੂੰ 5 ਹੋਰ ਸਾਲਾਂ ਲਈ ਸੱਤਾ 'ਚ ਬਰਕਰਾਰ ਰੱਖਣ ਲਈ ਇਸ ਨਿਯਮ ਨੂੰ ਦਰਕਿਨਾਰ ਕਰ ਦਿੱਤਾ ਗਿਆ। ਇਸ ਸਾਲ ਜਿਨਪਿੰਗ ਸੀ.ਪੀ.ਸੀ. ਪ੍ਰਮੁੱਖ ਤੇ ਰਾਸ਼ਟਰਪਤੀ ਵਜੋਂ ਆਪਣਾ 10 ਸਾਲ ਦਾ ਕਾਰਜਕਾਲ ਪੂਰਾ ਕਰ ਰਹੇ ਹਨ । ਪਾਰਟੀ ਸੰਸਥਾਪਕ ਮਾਓ ਜ਼ੇ ਤੁੰਗ ਤੋਂ ਬਾਅਦ ਉਹ ਪਹਿਲੇ ਚੀਨੀ ਨੇਤਾ ਬਣ ਗਏ ਹਨ, ਜੋ ਸੱਤਾ 'ਚ ਤੀਜੇ ਕਾਰਜਕਾਲ ਤੱਕ ਕਾਇਮ ਰਹਿਣਗੇ। ਮਾਓ ਜ਼ੇ ਤੁੰਗ ਨੇ ਕਰੀਬ ਤਿੰਨ ਦਹਾਕਿਆਂ ਤੱਕ ਚੀਨ 'ਤੇ ਸ਼ਾਸਨ ਕੀਤਾ ਸੀ ।ਜਾਣਕਾਰਾਂ ਦਾ ਮੰਨਣਾ ਹੈ ਕਿ ਨਵਾਂ ਕਾਰਜਕਾਲ ਮਿਲਣ ਦਾ ਸਿੱਧਾ ਮਤਲਬ ਹੈ ਕਿ ਜਿਨਪਿੰਗ ਵੀ ਮਾਓ ਦੀ ਤਰ੍ਹਾਂ ਜੀਵਨ ਭਰ ਸੱਤਾ ਵਿਚ ਬਣੇ ਰਹਿਣ ਦੀ ਮਨਸ਼ਾ ਰੱਖਦੇ ਹਨ।

# ਪੰਜਾਬ ਦੇ ਸਿੱਖ ਚੈਨਲ ਪੰਜਾਬੀ ਸ਼ਬਦਾਂ ਦੇ ਅਰਥਾਂ ਤੋਂ ਅਣਜਾਣ


Pro Punjab Tv
24m ·
ਬੰਦੀ ਛੋੜ ਦਿਵਸ 'ਤੇ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ 'ਚ ਮੁਸਲਿਮ ਭਰਾਵਾਂ ਨੇ ਕੀਤੀ ਨਵਾਜ ਅਦਾ
ਸਿਖ ਮੁਸਲਿਮ ਭਾਈਚਾਰਕ ਸਾਂਝ ਦਾ ਵੇਖਣ ਨੂੰ ਮਿਲਿਆ ਖੂਬਸੂਰਤ ਨਜ਼ਾਰਾ

ਚੰਡੀਗੜ੍ਹ/ਏ.ਟੀ.ਨਿਊਜ਼ :- ਪੰਜਾਬ ਦੇ ਪੰਜਾਬੀ ਤੇ ਖਾਸਕਰ ਸਿੱਖਾਂ ਦੇ ਚੈਨਲ ਲਗਾਤਾਰ ਪੰਜਾਬੀ ਸ਼ਬਦਾਂ ਦੇ ਅਰਥਾਂ ਦਾ ਘਾਣ ਕਰ ਰਹੇ ਹਨ। ਮੌਜੂਦਾ ਪੰਜਾਬ ਵਿੱਚ ਪੰਜਾਬੀ ਮੀਡੀਆ ਨੇ ਆਪਣਾ ਪਾਸਾਰ ਤਾਂ ਕਰ ਲਿਆ ਹੈ ਪਰ ਇਹ ਪੰਜਾਬੀ ਦੇ ਅਸਲ ਸ਼ਬਦਾਂ ਦੇ ਅਰਥਾਂ ਤੋਂ ਅਣਜਾਣ ਹਨ। ਉਦਾਹਰਨ ਦੇ ਤੌਰ 'ਤੇ ਬੀਤੇ ਦਿਨੀਂ ਪੰਜਾਬ ਦੇ ਨਾਮੀ ਚੈਨਲ ਇਕ ਖ਼ਬਰ ਨੂੰ ਚਲਾ ਰਹੇ ਸਨ ਜਿਸ ਵਿੱਚ ਉਹ ਦੱਸਦੇ ਹਨ ਕਿ 'ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਮੁਸਲਮਾਨ ਭਾਈਚਾਰੇ ਨੇ ਕੀਤੀ ਨਮਾਜ਼ ਅਦਾ'। ਜਦਕਿ ਮੁਸਲਿਮ ਭਾਈਚਾਰੇ ਦੀ ਨਮਾਜ਼ ਦਾ ਸਮਾਂ ਹੋਣ ਕਰਕੇ ਬਾਹਰਵਾਰ ਜੋੜਾ ਘਰ ਕੋਲ ਵਾਲ਼ੇ ਪਲਾਜ਼ੇ 'ਚ ਨਮਾਜ ਅਦਾ ਕੀਤੀ ਗਈ ਸੀ ਤੇ ਪੰਜਾਬੀ ਚੈਨਲਾਂ ਉੱਤੇ ਪਲਾਜ਼ਾ ਵਾਲੀ ਜਗ੍ਹਾ ਨੂੰ 'ਪਰਿਕਰਮਾ' ਕਿਹਾ ਜਾ ਰਿਹਾ ਸੀ ਜਦ ਕਿ ਫੋਟੋ ਵਿਚ ਸਾਫ ਦਿਖ ਰਿਹਾ ਸੀ ਕਿ ਬਾਹਰਵਾਰ ਜੋੜਾ ਘਰ ਕੋਲ ਵਾਲਾ ਪਲਾਜ਼ਾ ਹੈ। ਇਸ ਤੋਂ ਸਾਫ਼ ਪਤਾ ਚੱਲ ਜਾਂਦਾ ਹੈ ਕਿ ਪੰਜਾਬ ਦਾ ਪੰਜਾਬੀ ਮੀਡੀਆ ਧਨ ਕਮਾਉਣ ਦੀ ਲਾਲਸਾ ਵਿੱਚ ਲੱਗਿਆ ਹੋਇਆ ਹੈ ਨਾ ਕਿ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਵਿਚ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Asst. Editor: Balwinderpal Singh, Sarbjeet Kaur Sarb Online Interview Host: Balraj Pannu Proof Editor: Prabhjot Kaur
Designer: Anil Kumar Content Composer: Amritpal Singh US Distributor: Amritsar Times Inc Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਸਿੱਖ ਸੌਦਾ ਸਾਧ ਦਾ ਡੇਰਾ ਨਹੀਂ ਬਣਨ ਦੇਣਗੇ

- ਮਾਲਵੇ ’ਚ ਬਣਨ ਵਾਲੇ ਸੱਚਾ ਸੌਦਾ ਦੇ ਡੇਰੇ ਨੂੰ ਲੈ ਕੇ ਅੰਮ੍ਰਿਤਪਾਲ ਸਿੰਘ ਨੇ ਕੀਤਾ ਚੈਲਿੰਜ
- ਕਿਹਾ ਕਿ ਸਰਕਾਰ ਡੇਰਾਵਾਦੀ ਅੱਤਵਾਦ ਨੂੰ ਉਤਸ਼ਾਹਿਤ ਕਰ ਰਹੀ ਹੈ
- ਮੋੜ ਬੰਬ ਕਾਂਡ ਬਾਰੇ ਸੌਦਾ ਸਾਧ ਉਪਰ ਕਾਰਵਾਈ ਕਿਉਂ ਨਹੀਂ ਹੋਈ

**ਕਵਰ ਸਟੋਰੀ**

**ਪ੍ਰੋਫ਼ੈਸਰ ਬਲਵਿੰਦਰ ਪਾਲ ਸਿੰਘ**



ਸਿੱਖ ਧਰਮ ਨੂੰ ਕਮਜ਼ੋਰ ਕਰਨ ਲਈ ਹਕੂਮਤਾਂ ਡੇਰਾਵਾਦ ਨੂੰ ਉਕਸਾ ਰਹੀਆਂ ਹਨ। ਅੱਜ ਲੋੜ ਹੈ ਪੰਜਾਬ ਦੀ ਗੁਲਾਮੀ ਨੂੰ ਦੂਰ ਕਰਨ ਦੀ। ਇਹ ਸ਼ਬਦ ਪਿੰਡ ਬੱਛੋਆਣਾ ਵਿਖੇ ਇੱਕ ਧਾਰਮਿਕ ਇਕੱਠ ਨੂੰ ਸੰਬੋਧਨ ਕਰਦਿਆਂ ਵਾਰਿਸ ਪੰਜਾਬ ਜੱਥੇਬੰਦੀ ਦੇ ਮੁੱਖ ਸੇਵਾਦਾਰ ਭਾਈ ਅੰਮ੍ਰਿਤਪਾਲ ਸਿੰਘ ਕਹੇ ਬੀਤੇ ਦਿਨੀਂ ਕਹੇ ਸਨ। ਉਨ੍ਹਾਂ ਡੇਰਾ ਸੱਚਾ ਸੌਦਾ ਵੱਲੋਂ ਪੰਜਾਬ ਦੇ ਮਾਲਵਾ ਖੇਤਰ ਦੇ ਸੁਨਾਮ ਵਿਚ ਪ੍ਰਮੁੱਖ ਡੇਰਾ ਖੋਲ੍ਹਣ ਦੇ ਐਲਾਨ ਦਾ ਸਖ਼ਤ ਵਿਰੋਧ ਕਰਦਿਆਂ ਕਿਹਾ ਕਿ ਸਿੱਖ ਡੇਰਾ ਨਹੀਂ ਬਣਨ ਦੇਣਗੇ। ਉਨ੍ਹਾਂ ਕਿਹਾ ਕਿ ਡੇਰਾਵਾਦ ਨੂੰ ਉਕਸਾਉਣਾ ਸਿੱਧੇ ਤੌਰ ’ਤੇ ਸਿੱਖ ਧਰਮ ਨੂੰ ਕਮਜ਼ੋਰ ਕਰਨਾ ਹੈ। ਸਰਕਾਰ ਅਜਿਹੀ ਉਕਸਾਹਟ ਪੈਦਾ ਕਰਨ ਤੋਂ ਰੋਕੇ ਤੇ ਖਾਲਸਾ ਪੰਥ ਦਾ ਸਬਰ ਨਾ ਪਰਖੇ। ਹਾਲਾਤ ਖਰਾਬ ਹੋਏ ਤਾਂ ਸਰਕਾਰ ਜਿੰਮੇਵਾਰ ਹੋਵੇਗੀ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਆਓ ਅਸੀਂ ਬਾਣੀ ਅਤੇ ਬਾਣੇ ਨਾਲ ਜੁੜ ਕੇ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਗੁਰੂ ਦੇ ਲੜ ਲੱਗੀਏ ਅਤੇ ਨੌਜਵਾਨ ਪਤਿਤ ਪਣੇ ਤੋਂ ਗੁਰੇਜ ਕਰਨ ਤੇ ਆਪਣੀ ਸਿੱਖੀ ਧਰਮ ਨੂੰ ਪ੍ਰਫੁਲਤ ਕਰਦਿਆਂ ਸਿੱਖੀ ਸਿਧਾਂਤਾਂ ’ਤੇ ਚੱਲਣ। ਉਨ੍ਹਾਂ ਕਿਹਾ ਕਿ ਪੰਜਾਬ ’ਚ ਪੰਥਕ ਏਕਤਾ ਮੁੱਦਿਆਂ ਦੇ ਆਧਾਰ ’ਤੇ ਕੀਤੀ ਜਾ ਸਕਦੀ ਹੈ। ਸਭ ਤੋਂ ਵੱਡੀ ਏਕਤਾ ਪੰਜਾਬ ਵਿਚੋਂ ਡੇਰਾਵਾਦ ਨੂੰ ਖ਼ਤਮ ਕਰਨ ਲਈ ਅੱਗੇ ਆਉਣ ਤੇ ਮਾਲਵੇ ਵਿਚ ਬਣਨ ਵਾਲੇ ਡੇਰੇ ਦਾ ਹਰ ਸਿੱਖ ਡਟ ਕੇ ਵਿਰੋਧ ਕਰੇ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਧਰਮ ਪਰਿਵਰਤਨ ਦੀ ਜੋ ਲਹਿਰ ਚੱਲ ਰਹੀ ਹੈ ਵੀ ਸਿੱਖ ਧਰਮ ਨੂੰ ਗੁਲਾਮੀ ਵੱਲ ਧਕੇਲ ਰਹੀ ਹੈ, ਜਿਸ ਦਾ ਵਿਰੋਧ ਕਰਨਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਸਿੱਖ ਉਸ ਪਾਖੰਡੀ, ਬਲਾਤਕਾਰੀ, ਧੀਆਂ ਭੈਣਾਂ ਦੀ ਬੇਅਦਬੀ ਵਾਲੇ, ਮੌੜ ਬੰਬ ਧਮਾਕੇ ਦੇ ਦੋਸ਼ਾਂ ਵਿਚ ਘਿਰੇ ਸਾਧ ਨੂੰ ਪੰਜਾਬ ਅੰਦਰ ਡੇਰਾ ਬਣਾਉਣ ਦੀ ਆਗਿਆ ਨਹੀਂ ਦੇਣਗੇ, ਜੇਕਰ ਅਜਿਹਾ ਹੁੰਦਾ ਹੈ ਤਾਂ ਪੰਜਾਬ ਦਾ ਮਾਹੌਲ ਖਰਾਬ ਹੋਣ ਲਈ ਪੰਜਾਬ ਸਰਕਾਰ ਜ਼ਿੰਮੇਵਾਰ ਹੋਵੇਗੀ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ, ਪਾਖੰਡੀ ਬਾਬਿਆਂ, ਡੇਰਾਵਾਦ, ਧਰਮ ਪਰਿਵਰਤਨ ਕਰਵਾਉਣ ਵਾਲੇ ਲੋਕਾਂ ਤੋਂ ਦੂਰੀ ਬਣਾ ਕੇ ਅਜਿਹੇ ਲੋਕਾਂ ਖ਼ਿਲਾਫ਼ ਇਕਮੁੱਠ ਹੋ ਕੇ ਗੁਰੂ ਦੀ ਫੌਜ ਬਣ ਕੇ ਲੜਾਈ ਲੜਨ। ਇਸ ਮੌਕੇ ਉਨ੍ਹਾਂ ਕਿਹਾ ਕਿ ਡੇਰਾ ਮੁਖੀ ਤਾਂ ਪਰੋਲ ’ਤੇ ਬਾਹਰ ਆ ਸਕਦਾ ਹੈ ਪਰ ਬੰਦੀ ਸਿੰਘਾਂ ਦੀ ਰਿਹਾਈ ਸਰਕਾਰਾਂ ਕਿਉਂ ਨਹੀਂ ਕਰਦੀਆਂ ? ਇਸ ਤੋਂ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਸਰਕਾਰ ਪੰਥ ਵਿਰੋਧੀ ਡੇਰਾਵਾਦ ਨੂੰ ਪ੍ਰਫੁਲਤ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਜਾਂਚ, ਮੌੜ ਬੰਬ ਬਲਾਸਟ ਦੀਆਂ ਤਾਰਾਂ ਡੇਰੇ ਨਾਲ ਜੁੜੀਆਂ ਹੋਣ ਦੇ ਬਾਵਜੂਦ ਪੰਜਾਬ ਅੰਦਰ ਡੇਰਾ ਬਣਾਉਣ ਦਾ ਫੈਸਲਾ ਪੰਜਾਬ ਦਾ ਮਾਹੌਲ ਖਰਾਬ ਕਰਨ ਲਈ ਮੁੱਢਲੇ ਕਦਮ ਹਨ। ਸਰਕਾਰ ਡੇਰਾਵਾਦੀ ਅੱਤਵਾਦ ਨੂੰ ਉਤਸ਼ਾਹਿਤ ਕਰ ਰਹੀ ਹੈ। ਸਰਕਾਰ ਵਲੋਂ ਮੋੜ ਬੰਬ ਕਾਂਡ ਬਾਰੇ ਸੌਦਾ ਸਾਧ ਉਪਰ ਕਾਰਵਾਈ ਕਿਉਂ ਨਹੀਂ ਹੋਈ।

## ਮੌੜ ਬਲਾਸਟ ਕੇਸ ਟਰੇਸ : ਪੰਜਾਬ ਦੇ ਡੀਜੀਪੀ ਗੌਰਵ ਯਾਦਵ



ਜਲੰਧਰ: ਤਤਕਾਲੀ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਕੈਪਟਨ ਅਮਰਿੰਦਰ ਸਿੰਘ ਦੇ ਕਾਰਜਕਾਲ ਦੌਰਾਨ 2017 ਦੇ ਮੌੜ ਬੰਬ ਧਮਾਕੇ ਦੇ ਮਾਮਲੇ ਦੀ ਜਾਂਚ ਨੂੰ ਠੱਪ ਕੀਤੇ ਜਾਣ ਦਾ ਦਾਅਵਾ ਕੀਤੇ ਜਾਣ ਤੋਂ ਠੀਕ ਇੱਕ ਸਾਲ ਬਾਅਦ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਹੁਣੇ ਜਿਹੇ ਕਿਹਾ ਕਿ ਇਸ ਮਾਮਲੇ ਨੂੰ ਟਰੇਸ ਕਰ ਲਿਆ ਗਿਆ ਹੈ। ‘ਅਸੀਂ ਕੇਂਦਰੀ ਏਜੰਸੀਆਂ ਨਾਲ ਵੀ ਤਾਲਮੇਲ ਕਰ ਰਹੇ ਹਾਂ, ਕਿਉਂਕਿ ਆਈਐਸਆਈ ਪੰਜਾਬ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਤਾਂ ਜੋ ਇਸ ਪੰਜਾਬ ਦੀ ਸ਼ਾਂਤੀ ਭੰਗ ਕੀਤੀ ਜਾ ਸਕੇ।ਅਸੀਂ ਸੂਬੇ ਵਿੱਚ ਅੱਤਵਾਦ ਨੂੰ ਮੁੜ ਸਿਰ ਚੁੱਕਣ ਦੀ ਇਜਾਜ਼ਤ ਨਹੀਂ ਦੇਵਾਂਗੇ।’

ਮੌੜ ਬੰਬ ਧਮਾਕੇ ਦੇ ਮਾਮਲੇ ਦੇ ਕੇਸ ਵਿੱਚ ਕੋਈ ਗ੍ਰਿਫਤਾਰੀ ਨਾ ਹੋਣ ਬਾਰੇ, ਉਸਨੇ ਕਿਹਾ, ਮੇਰੇ ਕੋਲ ਤਿਆਰ ਤੱਥ ਅਤੇ ਅੰਕੜੇ ਨਹੀਂ ਹਨ। ਟਰੇਸਿੰਗ ਦਾ ਮਤਲਬ ਹੈ ਕਿ ਕਿਸਨੇ ਕੀਤਾ ਅਤੇ ਇਹ ਕਿਵੇਂ ਕੀਤਾ ਗਿਆ ਅਤੇ ਕਿਹੜੇ ਦੋਸ਼ੀ ਜੁੜੇ ਹੋਏ ਹਨ। ਇਤਫਾਕਨ, ਰੰਧਾਵਾ ਨੇ ਪਿਛਲੇ ਸਾਲ ਪੀਏਪੀ ਕੰਪਲੈਕਸ ਵਿਖੇ ਇਸੇ ਸਮਾਗਮ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਾਅਵਾ ਕੀਤਾ ਸੀ ਕਿ ਵਿਧਾਨ ਸਭਾ ਚੋਣਾਂ ਤੋਂ ਸਿਰਫ਼ ਚਾਰ ਦਿਨ ਪਹਿਲਾਂ ਮੌੜ ਬੰਬ ਧਮਾਕੇ ਦੇ ਮਾਮਲੇ ਦੀ ਜਾਂਚ ਨੂੰ ਠੱਪ ਕਰ ਦਿੱਤਾ ਗਿਆ ਸੀ। ਕੈਪਟਨ ਅਮਰਿੰਦਰ ਦੇ ਕਾਰਜਕਾਲ ਦੌਰਾਨ ਉਸਨੇ ਸਾਬਕਾ ਮੁੱਖ ਮੰਤਰੀ ਨੂੰ ਲੋਕਾਂ ਨੂੰ ਇਹ ਦੱਸਣ ਦੀ ਹਿੰਮਤ ਕੀਤੀ ਸੀ ਕਿ ਜਾਂਚ ਕਿਉਂ ਰੋਕੀ ਗਈ ਸੀ।ਰੰਧਾਵਾ ਨੇ ਕਿਹਾ, ‘ਅਸੀਂ ਉਨ੍ਹਾਂ ਨੂੰ ਕਈ ਵਾਰ ਜਾਂਚ ਤੇਜ਼ ਕਰਨ ਲਈ ਕਿਹਾ ਸੀ ਕਿਉਂਕਿ ਇਹ ਇੱਕ ਵੱਡਾ ਦਹਿਸ਼ਤੀ ਮਾਮਲਾ ਸੀ ਪਰ ਇਸ ਨੂੰ ਤੇਜ਼ ਕਰਨ ਦੀ ਬਜਾਏ, ਜਾਂਚ ਨੂੰ ਰੋਕ ਦਿੱਤਾ ਗਿਆ ਸੀ,’ ਰੰਧਾਵਾ ਨੇ ਕਿਹਾ ਸੀ। ਮੌੜ ਧਮਾਕੇ ’ਤੇ ਸ਼ੁਰੂਆਤੀ ਰੌਲੇ-ਰੱਪੇ ਤੋਂ ਬਾਅਦ, ਫਰਵਰੀ 2018 ਵਿਚ ਸਿਰਸਾ ਡੇਰੇ ਦਾ ਪਤਾ ਲੱਗਣ ਤੋਂ ਬਾਅਦ, ਇਹ ਮੁੱਦਾ ਅੱਤਵਾਦ ’ਤੇ ਸਿਆਸੀ ਅਤੇ ਪੁਲਿਸ ਦੇ ਭਾਸ਼ਣ ਤੋਂ ਬਾਅਦ ਗਾਇਬ ਹੋ ਗਿਆ ਸੀ। ਪੰਜਾਬ ਪਖੀ ਹਲਕਿਆਂ ਦਾ ਮੰਨਣਾ ਹੈ ਕਿ ਇਹ ਮੁੱਦਾ ਦਬਿਆ ਰਹੇਗਾ ਜਾਂ ਅੱਤਵਾਦ ਦੇ ਪੇਟੇ ਪਾ ਦਿੱਤਾ ਜਾਵੇਗਾ।



# ਬਾਦਲ ਦਲ ਜਥੇਬੰਦਕ ਤਬਦੀਲੀਆਂ ਦਾ ਦੌਰ ਸ਼ੁਰੂ ਕਰਨ ’ਚ ਰਿਹਾ ਅਸਫ਼ਲ

## ਜਗਮੀਤ ਬਰਾੜ ਖ਼ਿਲਾਫ਼ ਵੱਡੇ ਐਕਸ਼ਨ ਦੀ ਤਿਆਰੀ ਵਿਚ ਅਕਾਲੀ ਦਲ

## ਮੇਰੇ ਵਿਰੁੱਧ ਲਗਾਏ ਦੋਸ਼ ਬਿਲਕੁਲ ਬੇਬੁਨਿਆਦ : ਬਰਾੜ

ਚੰਡੀਗੜ੍ਹ/ਏ.ਟੀ.ਨਿਊਜ਼ :- ਸ਼੍ਰੋਮਣੀ ਅਕਾਲੀ ਦਲ ਅੰਦਰੂਨੀ ਜਮਹੂਰੀਅਤ ਕਾਇਮ ਕਰਨ ਅਤੇ ਖੁੱਸੇ ਆਧਾਰ ਦੀ ਬਹਾਲੀ ਲਈ ਜਥੇਬੰਦਕ ਤਬਦੀਲੀਆਂ ਦੇ ਮਿਥੇ ਪ੍ਰੋਗਰਾਮ ਤੋਂ ਖੁੰਝਦਾ ਦਿਖਾਈ ਦੇ ਰਿਹਾ ਹੈ। ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੋ ਕੁ ਮਹੀਨੇ ਪਹਿਲਾਂ ਜਥੇਬੰਦਕ ਢਾਂਚੇ ’ਚ ਵੱਡੀਆਂ ਤਬਦੀਲੀਆਂ ਦਾ ਐਲਾਨ ਕਰਦਿਆਂ ਨਵੰਬਰ ਤੱਕ ਇਹ ਪ੍ਰਕਿਰਿਆ ਮੁਕੰਮਲ ਕਰਨ ਦਾ ਐਲਾਨ ਕੀਤਾ ਸੀ। ਇਸ ਤੋਂ ਬਾਅਦ ਜ਼ਿਲ੍ਹਾ ਪੱਧਰ ਅਤੇ ਹਲਕਾਵਾਰ ਨਿਗਰਾਨਾਂ ਦੀਆਂ ਨਿਯੁਕਤੀਆਂ ਤਾਂ ਕਰ ਦਿੱਤੀਆਂ ਗਈਆਂ ਪਰ ਪਾਰਟੀ ਦੀਆਂ ਚੋਣਾਂ ਦਾ ਅਮਲ ਹੁਣ ਤੱਕ ਸ਼ੁਰੂ ਨਹੀਂ ਕੀਤਾ ਗਿਆ। ਮਹੱਤਵਪੂਰਨ ਤੱਥ ਇਹ ਹੈ ਕਿ ਅਕਾਲੀ ਦਲ ਦਾ ਸਮੁੱਚਾ ਜਥੇਬੰਦਕ ਢਾਂਚਾ ਭੰਗ ਹੋਏ ਨੂੰ ਦੋ ਮਹੀਨੇ ਤੋਂ ਵੀ ਵੱਧ ਦਾ ਸਮਾਂ ਹੋ ਗਿਆ ਹੈ। ਪਾਰਟੀ ਵੱਲੋਂ ਪਿਛਲੇ ਦਿਨਾਂ ਦੌਰਾਨ ਕਈ ਅਹਿਮ ਫ਼ੈਸਲੇ ਲਏ ਗਏ, ਜਿਨ੍ਹਾਂ ਵਿੱਚ ਦਿੱਲੀ ਦੇ ਸਿੱਖ ਆਗੂਆਂ ਪਰਮਜੀਤ ਸਿੰਘ ਸਰਨਾ ਦੀ ਅਗਵਾਈ ਵਾਲੇ ਅਕਾਲੀ ਦਲ ਨਾਲ ਸਮਝੌਤਾ ਅਤੇ ਹਰਿਆਣਾ ਦੀ ਵੱਖਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਰੋਧ ਵਿਚ ਉਲੀਕਿਆ ਜਾਣ ਵਾਲਾ ਪ੍ਰੋਗਰਾਮ ਸ਼ਾਮਲ ਹੈ। ਇਨ੍ਹਾਂ ਮਸਲਿਆਂ ਬਾਰੇ ਪਾਰਟੀ ਪੱਧਰ ’ਤੇ ਕਿਸ ਤਰ੍ਹਾਂ ਦੀਆਂ ਵਿਚਾਰਾਂ ਕੀਤੀਆਂ ਗਈਆਂ, ਇਸ ਸਬੰਧੀ ਸਮੁੱਚੀ ਲੀਡਰਸ਼ਿਪ ਹਨੇਰੇ ਵਿੱਚ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਅਹੁਦੇਦਾਰਾਂ ਦੀ ਚੋਣ, ਜੋ ਕਿ ਨਵੰਬਰ ਵਿੱਚ ਹੋਣੀ ਹੈ, ਲਈ ਵੀ ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਦੇ ਮੈਂਬਰਾਂ ਨਾਲ ਵਿਚਾਰਾਂ ਕਰਨੀਆਂ ਤਾਂ ਸ਼ੁਰੂ ਕਰ ਦਿੱਤੀਆਂ ਹਨ ਪਰ ਲੀਡਰਸ਼ਿਪ ਵੱਲੋਂ ਕਿਸ ਤਰ੍ਹਾਂ ਦੀ ਭੂਮਿਕਾ ਨਿਭਾਈ ਜਾ ਰਹੀ ਹੈ, ਇਸ ਸਬੰਧੀ ਕੋਈ ਸਥਿਤੀ ਸਾਹਮਣੇ ਨਹੀਂ ਆ ਰਹੀ। ਪਾਰਟੀ ਦੇ ਇੱਕ ਸੀਨੀਅਰ ਆਗੂ ਨੇ ਕਿਹਾ ਹੈ ਕਿ ਇਸ ਸਮੇਂ ਅਕਾਲੀ ਦਲ ਦੀਆਂ ਸਮੁੱਚੀਆਂ ਗਤੀਵਿਧੀਆਂ ਦੀ ਕਮਾਂਡ ਸੁਖਬੀਰ ਸਿੰਘ ਬਾਦਲ ਦੇ ਹੱਥ ਹੈ ਤੇ ਜੇ ਕੋਈ ਕਮੇਟੀ ਸਰਗਰਮ ਹੈ ਤਾਂ ਸਿਕੰਦਰ ਸਿੰਘ ਮਲੂਕਾ ਦੀ ਅਗਵਾਈ ਹੇਠ ਅਨੁਸਾਸ਼ਨੀ ਕਮੇਟੀ ਹੀ ਹੈ। ਪੰਜਾਬ ’ਚ ਪੰਜ ਸਾਲਾਂ ਦੇ ਵਕਫ਼ੇ ਦੌਰਾਨ ਹੀ ਦੋ ਵਿਧਾਨ ਸਭਾ ਅਤੇ ਇੱਕ ਸੰਸਦੀ ਚੋਣ ’ਚ ਨਮੋਸ਼ੀਜਨਕ ਹਾਰ ਦਾ ਸਾਹਮਣਾ ਕਰਨ ਤੋਂ ਬਾਅਦ ਅਕਾਲੀ ਦਲ ਪੂਰੀ ਤਰ੍ਹਾਂ ਸੰਕਟ ਵਿਚ ਘਿਰਿਆ ਹੋਇਆ ਦਿਖਾਈ ਦੇ ਰਿਹਾ ਹੈ। ਪਾਰਟੀ ਦੀ ਲੀਡਰਸ਼ਿਪ ਵੀ ਨਮੋਸ਼ੀ ਭਰੇ ਮਾਹੌਲ ਵਿਚ ਲੰਘ ਰਹੀ ਹੈ। ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਹੇਠ ਬਣਾਈ ਕਮੇਟੀ ਦੀ ਰਿਪੋਰਟ ਤੋਂ ਬਾਅਦ ਪੈਦਾ ਹੋਏ ਹਾਲਾਤ ਨੇ ਤਾਂ ਸੰਕਟ ਨੂੰ ਡੂੰਘਾ ਕੀਤਾ ਦਿਖਾਈ ਦੇ ਰਿਹਾ ਹੈ।



ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪਾਰਟੀ ਵੱਲੋਂ ਜ਼ਿਲ੍ਹਾ ਤੇ ਵਿਧਾਨ ਸਭਾ ਹਲਕਾਵਾਰ ਨਿਗਰਾਨਾਂ ਦੀਆਂ ਨਿਯੁਕਤੀਆਂ ਕਰ ਦਿੱਤੀਆਂ ਗਈਆਂ ਹਨ। ਇਹ ਨਿਯੁਕਤੀਆਂ ਜਥੇਬੰਦਕ ਚੋਣਾਂ ਦਾ ਮੁੱਢ ਹੀ ਕਿਹਾ ਜਾ ਸਕਦਾ ਹੈ। ਉਨ੍ਹਾਂ ਮੰਨਿਆ ਕਿ ਨਵੰਬਰ ਮਹੀਨੇ ਦੀ ਮਿਥੀ ਗਈ ਸਮਾਂ ਸੀਮਾ ਤੱਕ ਜਥੇਬੰਦਕ ਚੋਣਾਂ ਸੰਭਵ ਨਹੀਂ ਪਰ ਪਾਰਟੀ ਵੱਲੋਂ ਇਨ੍ਹਾਂ ਤਬਦੀਲੀਆਂ ਲਈ ਤਿਆਰੀਆਂ ਜਾਰੀ ਹਨ।

ਅਕਾਲੀ ਦਲ ਹਾਈਕਮਾਨ ਸੀਨੀਅਰ ਆਗੂ ਜਗਮੀਤ ਬਰਾੜ ਖ਼ਿਲਾਫ਼ ਵੱਡੀ ਕਾਰਵਾਈ ਕਰਨ ਦੇ ਰੌਂਅ ਵਿਚ ਹੈ। ਪਾਰਟੀ ਵਲੋਂ ਜਗਮੀਤ ਬਰਾੜ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ ਅਤੇ ਇਕ ਹਫਤੇ ਦੇ ਅੰਦਰ-ਅੰਦਰ ਜਵਾਬ ਮੰਗਿਆ ਗਿਆ ਹੈ। ਇਹ ਨੋਟਿਸ ਪਾਰਟੀ ਵਿਰੋਧੀ ਗਤੀਵਿਧੀਆਂ, ਲਗਾਤਾਰ ਪਾਰਟੀ ਵਿਰੋਧੀ ਦਿੱਤੇ ਜਾ ਰਹੇ ਬਿਆਨਾਂ ਦੇ ਚੱਲਦੇ ਜਾਰੀ ਕੀਤਾ ਗਿਆ ਹੈ। ਇਸ ਨੋਟਿਸ ਵਿਚ ਕਿਹਾ ਗਿਆ ਹੈ ਕਿ ਜੇਕਰ ਜਵਾਬ ਨਾ ਦਿੱਤਾ ਗਿਆ ਤਾਂ ਉਨ੍ਹਾਂ ਖ਼ਿਲਾਫ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਇਹ ਕਾਰਨ ਦੱਸੋ ਨੋਟਿਸ ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਸਿਕੰਦਰ ਸਿੰਘ ਮਲੂਕਾ ਨੇ ਜਾਰੀ ਕੀਤਾ ਹੈ।

ਇਥੇ ਇਹ ਖਾਸ ਤੌਰ ’ਤੇ ਦੱਸਣਯੋਗ ਹੈ ਕਿ ਜਗਮੀਤ ਬਰਾੜ ਵਲੋਂ ਲਗਾਤਾਰ ਪਾਰਟੀ ਵਿਰੋਧੀ ਨਾ ਸਿਰਫ ਬਿਆਨਬਾਜ਼ੀ ਕੀਤੀ ਜਾ ਰਹੀ ਸੀ ਸਗੋਂ ਪਾਰਟੀ ਲੀਡਰਸ਼ਿਪ ’ਤੇ ਵੀ ਸਵਾਲ ਚੁੱਕੇ ਜਾ ਰਹੇ ਸਨ, ਜਿਸ ਨੂੰ ਲੈ ਕੇ ਪਾਰਟੀ ਅੰਦਰ ਚਰਚਾ ਚੱਲ ਰਹੀ ਸੀ। ਹੁਣ ਜਦੋਂ ਅਕਾਲੀ ਦਲ ਨੇ ਸਖ਼ਤ ਐਕਸ਼ਨ ਲੈਂਦੇ ਹੋਏ ਬਰਾੜ ਨੂੰ ਇਕ ਹਫਤੇ ਵਿਚ ਜਵਾਬ ਦੇਣ ਲਈ ਆਖਿਆ ਹੈ ਤਾਂ ਦੇਖਣਾ ਇਹ ਹੋਵੇਗਾ ਕਿ ਜਗਮੀਤ ਬਰਾੜ ਦਾ ਇਸ ’ਤੇ ਕੀ ਪ੍ਰਤੀਕਰਮ ਹੁੰਦਾ ਹੈ।

ਦੱਸਣਯੋਗ ਹੈ ਕਿ ਜਗਮੀਤ ਬਰਾੜ ਨੇ 10 ਅਕਤੂਬਰ ਨੂੰ ਕੋਆਰਡੀਨੇਸ਼ਨ ਕਮੇਟੀ ਦਾ ਐਲਾਨ ਕੀਤਾ ਸੀ। ਬਰਾੜ ਨੇ 21 ਮੈਂਬਰੀ ਕੋਆਰਡੀਨੇਸ਼ਨ ਕਮੇਟੀ ਦਾ ਗਠਨ ਕੀਤਾ ਸੀ। ਇਸ ਕਮੇਟੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸੁਖਬੀਰ ਸਿੰਘ ਬਾਦਲ, ਸੁਖਦੇਵ ਸਿੰਘ ਢੀਂਡਸਾ, ਸਿਮਰਨਜੀਤ ਸਿੰਘ ਮਾਨ, ਬਲਵਿੰਦਰ ਸਿੰਘ ਭੂੰਦੜ, ਰਵੀ ਇੰਦਰ ਸਿੰਘ, ਚਰਨਜੀਤ ਸਿੰਘ ਅਟਵਾਲ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਤੋਂ ਇਲਾਵਾ 11 ਹੋਰ ਵੱਡੇ ਆਗੂਆਂ ਨੂੰ ਸ਼ਾਮਲ ਕੀਤਾ ਗਿਆ ਹੈ।

ਅਕਾਲੀ ਦਲ ਨੇ ਜਗਮੀਤ ਸਿੰਘ ਬਰਾੜ ਵਲੋਂ ਬਣਾਈ ਗਈ ਕੋਆਰਡੀਨੇਸ਼ਨ ਕਮੇਟੀ ਨੂੰ ਖਾਰਜ ਕਰ ਦਿੱਤਾ ਸੀ। ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਟਵੀਟ ਕਰਕੇ ਆਖਿਆ ਸੀ ਕਿ ਜਗਮੀਤ ਬਰਾੜ ਕੋਲ ਅਜਿਹਾ ਕੋਈ ਅਧਿਕਾਰ ਨਹੀਂ ਹੈ ਕਿ ਉਹ ਪਾਰਟੀ ਦੀ ਤਾਲਮੇਲ ਕਮੇਟੀ ਬਣਾ ਸਕਣ। ਚੀਮਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਪੱਸ਼ਟ ਕਰਦਾ ਹੈ ਕਿ ਅਸੀਂ ਨਾ ਤਾਂ ਕੋਈ ਤਾਲਮੇਲ ਕਮੇਟੀ ਬਣਾਈ ਹੈ ਅਤੇ ਨਾ ਹੀ ਕਿਸੇ ਨੂੰ ਕਮੇਟੀ ਬਨਾਉਣ ਦਾ ਅਧਿਕਾਰ ਦਿੱਤਾ ਹੈ। ਅਕਾਲੀ ਦਲ ਬਰਾੜ ਵਲੋਂ ਬਣਾਈ ਗਈ ਤਾਲਮੇਲ ਕਮੇਟੀ ਨੂੰ ਖਾਰਜ ਕਰਦਾ ਹੈ। ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਸਿਕੰਦਰ ਸਿੰਘ ਮਲੂਕਾ ਵਲੋਂ ਜਾਰੀ ਨੋਟਿਸ ਵਿਚ ਕਿਹਾ ਗਿਆ ਹੈ ਕਿ ਬੀਤੇ ਦਿਨੀਂ 10 ਅਕਤੂਬਰ ਨੂੰ ਚੰਡੀਗੜ੍ਹ ਪ੍ਰੈੱਸ ਕਲੱਬ ’ਚ ਕੀਤੀ ਪ੍ਰੈਸ ਕਾਨਫ਼ਰੰਸ ਵਿਚ ਤੁਸੀਂ (ਜਗਮੀਤ ਸਿੰਘ ਬਰਾੜ) ਆਪਣੇ ਆਪ ਨੂੰ 21 ਮੈਂਬਰੀ ਤਾਲਮੇਲ ਕਮੇਟੀ ਦਾ ਕਨਵੀਨਰ ਨਿਯੁਕਤ ਕਰ ਲਿਆ, ਹਾਲਾਂਕਿ ਇਸ ਵਾਸਤੇ ਪਾਰਟੀ ਵਲੋਂ ਤੁਹਾਨੂੰ ਕੋਈ ਅਧਿਕਾਰ ਨਹੀਂ ਦਿੱਤਾ ਗਿਆ ਸੀ ਤੇ

(ਬਾਕੀ ਸਫ਼ਾ 31 ’ਤੇ)

# ਸ਼੍ਰੋਮਣੀ ਕਮੇਟੀ ਚੋਣਾਂ ਲਈ ਗੁਰਦੁਆਰਾ ਚੋਣ ਕਮਿਸ਼ਨ ਨੂੰ ਕੇਂਦਰ ਤੋਂ ਹਰੀ ਝੰਡੀ ਦੀ ਉਡੀਕ

## ਕਮਿਸ਼ਨ ਕੋਲ ਮੌਜੂਦ ਹੈ ਪੰਜਾਬ ਸਰਕਾਰ ਵੱਲੋਂ ਦਿੱਤਾ ਦਫ਼ਤਰ ਅਤੇ ਅਮਲਾ ਸਪੀਕਰ ਸੰਧਵਾਂ ਨੇ ਗ੍ਰਹਿ ਮੰਤਰਾਲੇ ਨੂੰ ਲਿਖਿਆ ਪੱਤਰ

ਚੰਡੀਗੜ੍ਹ/ਏ.ਟੀ.ਨਿਊਜ਼ :- ਗੁਰਦੁਆਰਾ ਚੋਣ ਕਮਿਸ਼ਨ ਕੋਲ ਕਰਨ ਵਾਸਤੇ ਕੋਈ ਕੰਮ ਨਹੀਂ ਹੈ ਜਦੋਂ ਕਿ ਬਾਕੀ ਸਭ ਕੁਝ ਮੌਜੂਦ ਹੈ। ਸ਼੍ਰੋਮਣੀ ਕਮੇਟੀ ਚੋਣਾਂ ਦੀ ਵਰ੍ਹਿਆਂ ਤੋਂ ਉਡੀਕ ਹੈ। ਪੁਰਾਣੀ ਕਮੇਟੀ ਦੀ ਮਿਆਦ ਨਵੰਬਰ 2016 ਵਿਚ ਖ਼ਤਮ ਹੋ ਚੁੱਕੀ ਹੈ। ਹੁਣ ਚੋਣ ਦੇ ਐਲਾਨ ਦੀ ਉਡੀਕ ਵਿਚ ਗੁਰਦੁਆਰਾ ਚੋਣ ਕਮਿਸ਼ਨ ਵੀ ਸ਼ਾਮਲ ਹੋ ਗਿਆ ਹੈ। ਗਿਆਰਾਂ ਸਾਲ ਪਹਿਲਾਂ 18 ਸਤੰਬਰ 2011 ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੋਈਆਂ ਸਨ। ਨਵੀਂ ਚੋਣ ਕਦੋਂ ਹੋਵੇਗੀ, ਇਸ ’ਤੇ ਸਭ ਦੀ ਨਜ਼ਰ ਹੈ।



ਪੰਜਾਬ ਸਰਕਾਰ ਨੇ ਗੁਰਦੁਆਰਾ ਚੋਣ ਕਮਿਸ਼ਨ ਨੂੰ ਹਰ ਸੁਵਿਧਾ ਦਿੱਤੀ ਹੈ, ਪਰ ਕੇਂਦਰ ਨੇ ਸ਼੍ਰੋਮਣੀ ਕਮੇਟੀ ਚੋਣਾਂ ਦੀ ਤਰੀਕ ਅਜੇ ਤੱਕ ਨਹੀਂ ਦਿੱਤੀ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਅਕਤੂਬਰ 2020 ’ਚ ਜਸਟਿਸ (ਰਿਟਾ) ਐੱਸ.ਐੱਸ.ਸਾਰੋਂ ਨੂੰ ਮੁੱਖ ਕਮਿਸ਼ਨਰ (ਗੁਰਦੁਆਰਾ ਚੋਣਾਂ) ਲਗਾਇਆ ਸੀ, ਪਰ ਉਦੋਂ ਕਮਿਸ਼ਨ ਕੋਲ ਕੋਈ ਦਫ਼ਤਰ ਵਗ਼ੈਰਾ ਨਹੀਂ ਸੀ। ਅਖੀਰ ਜੁਲਾਈ 2021 ਨੂੰ ਸ੍ਰੀ ਸਾਰੋਂ ਨੇ ਬਤੌਰ ਮੁੱਖ ਕਮਿਸ਼ਨਰ ਜੁਆਇਨ ਕਰ ਲਿਆ ਸੀ। ਗ੍ਰਹਿ ਮਾਮਲੇ ਤੇ ਨਿਆਂ ਵਿਭਾਗ ਪੰਜਾਬ ਨੇ ਉਸ ਤੋਂ ਪਹਿਲਾਂ ਹੀ 23 ਜੂਨ 2021 ਨੂੰ ਗੁਰਦੁਆਰਾ ਚੋਣ ਕਮਿਸ਼ਨ ਦੇ ਦਫ਼ਤਰ ਦੀ ਰੈਨੋਵੇਸ਼ਨ ਲਈ 90.12 ਲੱਖ ਰੁਪਏ ਦੀ ਪ੍ਰਵਾਨਗੀ ਦਿੱਤੀ ਸੀ।

ਗੁਰਦੁਆਰਾ ਚੋਣ ਕਮਿਸ਼ਨ ਦੇ ਦਫ਼ਤਰ ਦੀ ਰੈਨੋਵੇਸ਼ਨ ਕਾਫ਼ੀ ਸਮਾਂ ਪਹਿਲਾਂ ਹੋ ਚੁੱਕੀ ਹੈ। ਇਸੇ ਤਰ੍ਹਾਂ ਗ੍ਰਹਿ ਵਿਭਾਗ ਪੰਜਾਬ ਨੇ 10 ਦਸੰਬਰ 2021 ਨੂੰ ਮੁੱਖ ਕਮਿਸ਼ਨਰ ਲਈ ਉੱਚੇ ਮਾਡਲ ਵਾਲੀ ਨਵੀਂ ਇਨੋਵਾ ਗੱਡੀ ਲਈ 16.41 ਲੱਖ ਰੁਪਏ ਦੀ ਪ੍ਰਵਾਨਗੀ ਦੇ ਦਿੱਤੀ ਸੀ। ਉਸ ਮਗਰੋਂ 11 ਮਾਰਚ 2022 ਨੂੰ ਗ੍ਰਹਿ ਵਿਭਾਗ ਨੇ ਗੁਰਦੁਆਰਾ ਕਮਿਸ਼ਨ ਲਈ 10 ਮੁਲਾਜ਼ਮਾਂ ਦੀ ਪ੍ਰਵਾਨਗੀ ਦੇ ਦਿੱਤੀ ਸੀ ਜਿਸ ਵਿਚ ਇੱਕ ਸੁਪਰਡੈਂਟ, ਇੱਕ ਪ੍ਰਾਈਵੇਟ ਸੈਕਟਰੀ, ਦੋ ਸੀਨੀਅਰ ਸਹਾਇਕ, ਦੋ ਕਲਰਕ ਆਦਿ ਸ਼ਾਮਲ ਹਨ। ਇਹ ਸਾਰੀਆਂ ਅਸਾਮੀਆਂ ਭਰੀਆਂ ਜਾ ਚੁੱਕੀਆਂ ਹਨ।

ਕੇਂਦਰ ਸਰਕਾਰ ਨੇ ਗੁਰਦੁਆਰਾ ਚੋਣ ਕਮਿਸ਼ਨ ਨੂੰ ਪੰਜਾਬ ਸਰਕਾਰ ਤੋਂ ਵੱਖਰੇ ਸੱਤ ਮੈਂਬਰੀ ਅਮਲੇ ਦੀ ਪ੍ਰਵਾਨਗੀ ਦਿੱਤੀ ਹੋਈ ਹੈ। ਸੂਤਰਾਂ ਅਨੁਸਾਰ ਕੇਂਦਰੀ ਗ੍ਰਹਿ ਮੰਤਰਾਲੇ ਨੇ ਇਹ ਅਸਾਮੀਆਂ ਕੰਟਰੈਕਟ ’ਤੇ ਭਰਨ ਲਈ ਕਿਹਾ ਹੈ ਜਦੋਂ ਕਿ ਗੁਰਦੁਆਰਾ ਕਮਿਸ਼ਨ ਲੰਮੀ ਚੌੜੀ ਪ੍ਰਕਿਰਿਆ ਤੋਂ ਬਚਣਾ ਚਾਹੁੰਦਾ ਹੈ। ਕਮਿਸ਼ਨ ਨੇ ਹੁਣ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਪੱਤਰ ਲਿਖਿਆ ਹੈ ਕਿ ਇਹ ਸੱਤ ਅਸਾਮੀਆਂ 89 ਦਿਨਾਂ ਦੀ ਭਰਤੀ ਦੇ ਆਧਾਰ ’ਤੇ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ ਪ੍ਰੰਤੂ ਕੇਂਦਰ ਨੇ ਇਸ ਬਾਰੇ ਅਜੇ ਕੋਈ ਜੁਆਬ ਨਹੀਂ ਦਿੱਤਾ ਹੈ।

ਗੁਰਦੁਆਰਾ ਚੋਣ ਕਮਿਸ਼ਨ ਕੋਲ ਮੌਜੂਦਾ ਸਮੇਂ ਪੰਜਾਬ ਸਰਕਾਰ ਦਾ ਅਮਲਾ ਤਾਂ ਮੌਜੂਦ ਹੈ ਅਤੇ ਕੇਂਦਰ ਦਾ ਸੱਤ ਮੈਂਬਰੀ ਅਮਲਾ ਮਿਲਣ ਨਾਲ ਕਮਿਸ਼ਨ ਕੋਲ 17 ਮੈਂਬਰ ਦੀ ਨਫ਼ਰੀ ਹੋ ਜਾਵੇਗੀ। ਸੂਤਰਾਂ ਮੁਤਾਬਕ ਕਮਿਸ਼ਨ ਦੇ ਅਮਲੇ ਕੋਲ ਇਸ ਵੇਲੇ ਕਰਨ ਲਈ ਕੋਈ ਕੰਮ ਨਹੀਂ ਹੈ ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦਾ ਐਲਾਨ ਨਹੀਂ ਹੋਇਆ ਹੈ। ਸ਼੍ਰੋਮਣੀ ਕਮੇਟੀ ਚੋਣਾਂ ਕਦੋਂ ਹੋਣਗੀਆਂ, ਇਸ ਦਾ ਫ਼ੈਸਲਾ ਕੇਂਦਰ ਸਰਕਾਰ ’ਤੇ ਨਿਰਭਰ ਕਰਦਾ ਹੈ।

ਪਤਾ ਲੱਗਾ ਹੈ ਕਿ ਮੁੱਖ ਕਮਿਸ਼ਨਰ ਨੂੰ ਹਾਲੇ ਤੇਲ ਖਰਚਾ ਨਹੀਂ ਮਿਲ ਰਿਹਾ ਹੈ ਜਦੋਂ ਕਿ ਪੰਜਾਬ ਸਰਕਾਰ ਦੇ ਸੂਤਰ ਆਖਦੇ ਹਨ ਕਿ ਕਮਿਸ਼ਨ ਨੂੰ ਆਲੀਸ਼ਾਨ ਦਫ਼ਤਰ ਤਿਆਰ ਕਰਕੇ ਦਿੱਤਾ ਗਿਆ ਹੈ ਅਤੇ ਉੱਚੇ ਮਾਡਲ ਵਾਲੀ ਗੱਡੀ ਤੋਂ ਇਲਾਵਾ ਸਾਰਾ ਅਮਲਾ ਵੀ ਦੇ ਦਿੱਤਾ ਹੈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਸ਼੍ਰੋਮਣੀ ਕਮੇਟੀ ਚੋਣਾਂ ਕਰਾਉਣ ਲਈ ਗੁਰਦੁਆਰਾ ਚੋਣ ਕਮਿਸ਼ਨ ਨੂੰ ਨੋਟਿਸ ਵੀ ਜਾਰੀ ਕੀਤਾ ਹੈ, ਜਿਸ ਦੀ ਕਮਿਸ਼ਨ ਨੇ ਪੁਸ਼ਟੀ ਨਹੀਂ ਕੀਤੀ ਹੈ।

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾ ਨੇ ਮੁੱਖ ਕਮਿਸ਼ਨਰ, ਗੁਰਦੁਆਰਾ ਚੋਣਾਂ ਨੂੰ ਲੋੜੀਂਦਾ ਸਟਾਫ਼ ਮੁਹੱਈਆ ਨਾ ਕਰਾਏ ਜਾਣ ਤੋਂ ਗ੍ਰਹਿ ਵਿਭਾਗ ਦੇ ਅਫ਼ਸਰਾਂ ਨਾਲ ਨਾਰਾਜ਼ਗੀ ਜਤਾਈ ਹੈ। ਸਪੀਕਰ ਨੇ ਲਿਖਿਆ ਹੈ ਕਿ ਗ੍ਰਹਿ ਵਿਭਾਗ ਜਸਟਿਸ (ਰਿਟਾ) ਐੱਸ.ਐੱਸ. ਸਾਰੋਂ ਨੂੰ ਲੋੜੀਂਦਾ ਸਟਾਫ਼ ਮੁਹੱਈਆ ਕਰਵਾਏ।

# ਮੂਸੇਵਾਲਾ ਕਤਲ ਕੇਸ ’ਚ ਐੱਨਆਈਏ ਵਲੋਂ ਅਫਸਾਨਾ ਖਾਨ ਤੋਂ ਪੁੱਛਗਿੱਛ

ਦਿੱਲੀ/ਏ.ਟੀ.ਨਿਊਜ਼ :- ਰਾਸ਼ਟਰੀ ਜਾਂਚ ਏਜੰਸੀ (ਐੱਨਆਈਏ) ਨੇ ਮਸ਼ਹੂਰ ਪੰਜਾਬੀ ਗਾਇਕਾ ਅਫ਼ਸਾਨਾ ਖ਼ਾਨ ਨੂੰ ਸੰਮਨ ਭੇਜਕੇ ਜਾਂਚ ਸ਼ੁਰੂ ਕਰ ਦਿਤੀ ਹੈ। ਇਹ ਸੰਮਨ ਅੱਤਵਾਦੀਆਂ ਤੇ ਅਪਰਾਧੀਆਂ ਦੀ ਮਿਲੀਭੁਗਤ ਦੀ ਜਾਂਚ ਦੇ ਮਾਮਲੇ ਵਿਚ ਭੇਜਿਆ ਗਿਆ ਹੈ। ਅਫ਼ਸਾਨਾ ਸਿੱਧੂ ਮੂਸੇਵਾਲਾ ਦੇ ਕਾਫ਼ੀ ਨਜ਼ਦੀਕੀ ਸੀ। ਉਸ ਕੋਲੋਂ ਦਿੱਲੀ ਸਥਿਤ ਐੱਨਆਈਏ ਦੇ ਹੈੱਡਕੁਆਰਟਰ ਵਿਚ ਬੀਤੇ ਦਿਨੀਂ ਬਿਸ਼ਨੋਈ ਗੈਂਗ ਦੇ ਵਿਰੋਧੀ ਬੰਬੀਹਾ ਗੈਂਗ ਨਾਲ ਉਸ ਦੇ ਸਬੰਧਾਂ ਬਾਰੇ ਪੰਜ ਘੰਟੇ ਪੁੱਛਗਿੱਛ ਕੀਤੀ ਗਈ। ਇਕ ਸੂਤਰ ਨੇ ਦੱਸਿਆ ਕਿ ਪ੍ਰੋਗਰਾਮਾਂ ਲਈ ਵਿਦੇਸ਼ ਵੀ ਜਾਂਦੀ ਰਹੀ ਹੈ ਤੇ ਕੁਝ ਕੌਮਾਂਤਰੀ ਸੰਪਰਕਾਂ ਦਾ ਵੀ ਪਤਾ ਲੱਗਾ ਹੈ ਜਿਨ੍ਹਾਂ ਦੀ ਜਾਂਚ ਕੀਤੀ ਜਾ ਰਹੀ ਹੈ। ਫੰਡ ਦੀ ਵੀ ਜਾਂਚ ਕੀਤੀ ਜਾ ਰਹੀ ਹੈ।



ਐੱਨਆਈਏ ਨੇ ਅਪਰਾਧੀਆਂ ਤੇ ਗੈਂਗਸਟਰਾਂ ਦੇ ਸਬੰਧਾਂ ਦੇ ਮਾਮਲੇ ’ਚ ਛੇ ਕੇਸ ਦਰਜ ਕੀਤੇ ਹਨ ਜਿਨ੍ਹਾਂ ਵਿਚ ਬਿਸ਼ਨੋਈ, ਬੰਬੀਹਾ ਤੇ ਰਿੰਦਾ ਗਿਰੋਹਾਂ ਦੇ ਮੈਂਬਰ ਸ਼ਾਮਲ ਹਨ। ਇਸ ਮਾਮਲੇ ਵਿਚ ਦੇਸ਼ ਭਰ ਵਿਚ ਕਈ ਛਾਪੇ ਵੀ ਮਾਰੇ ਗਏ ਹਨ। 12 ਸਤੰਬਰ ਨੂੰ ਐੱਨਆਈਏ ਨੇ 50 ਥਾਵਾਂ ਦੀ ਤਲਾਸ਼ੀ ਵੀ ਲਈ ਸੀ। ਇਨ੍ਹਾਂ ਛਾਪਿਆਂ ਦਾ ਮਕਸਦ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ’ਚ ਸੰਗਠਿਤ ਅਪਰਾਧਾਂ ਦੇ ਗਠਜੋੜ ਨੂੰ ਤੋੜਨਾ ਸੀ। ਜਾਂਚ ਦੌਰਾਨ ਪਤਾ ਲੱਗਾ ਸੀ ਕਿ ਹਾਲਾਂਕਿ ਗੈਂਗਸਟਰ ਵੱਖ-ਵੱਖ ਸੂਬਿਆਂ ਵਿਚ ਜੇਲ੍ਹਾਂ ਵਿਚ ਬੰਦ ਹਨ ਪਰ ਫੋਨ ਆਦਿ ਦੇ ਜ਼ਰੀਏ ਇਕ ਦੂਜੇ ਦੇ ਸੰਪਰਕ ’ਚ ਹਨ ਤੇ ਜੇਲ੍ਹਾਂ ਵਿਚ ਬੰਦ ਹੋਣ ਦੇ ਬਾਵਜੂਦ ਆਸਾਨੀ ਨਾਲ ਆਪਣਾ ਕੰਮ ਚਲਾ ਰਹੇ ਹਨ।ਉਸ ਦੇ ਪਤੀ ਸਾਜ ਨੇ ਇਸ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਅਫਸਾਨਾ ਖੁਦ ਇੰਸਟਾਗ੍ਰਾਮ ’ਤੇ ਲਾਈਵ ਆ ਕੇ ਪੂਰੇ ਮਾਮਲੇ ਦਾ ਖੁਲਾਸਾ ਕਰੇਗੀ।

ਦਰਅਸਲ ਅਫਸਾਨਾ ਖਾਨ ਸਿੱਧੂ ਮੂਸੇਵਾਲਾ ਦੇ ਕਰੀਬੀਆਂ ਵਿੱਚੋਂ ਇੱਕ ਹੈ। ਸਿੱਧੂ ਮੂਸੇਵਾਲਾ ਅਫਸਾਨਾ ਖਾਨ ਨੂੰ ਆਪਣੀ ਭੈਣ ਮੰਨਦਾ ਸੀ ਅਤੇ ਅਫਸਾਨਾ ਖਾਨ ਹਰ ਸਾਲ ਰੱਖੜੀ ਬੰਨ੍ਹਦੀ ਸੀ। ਸੂਤਰਾਂ ਮੁਤਾਬਕ ਲਾਰੈਂਸ ਗੈਂਗ ਅਤੇ ਬਾਕੀ ਗ੍ਰਿਫਤਾਰ ਮੁਲਜ਼ਮਾਂ ਨੇ ਖੁਲਾਸਾ ਕੀਤਾ ਹੈ ਕਿ ਅਫਸਾਨਾ ਖਾਨ ਬੰਬੀਹਾ ਗੈਂਗ ਦੀ ਕਰੀਬੀ ਹੈ। ਬੰਬੀਹਾ ਗੈਂਗ ਨਾਲ ਅਫਸਾਨਾ ਖਾਨ ਦਾ ਕੀ ਰਿਸ਼ਤਾ ਹੈ ਅਤੇ ਅਫਸਾਨਾ ਦੀ ਬੰਬੀਹਾ ਗੈਂਗ ਨਾਲ ਕਦੋਂ ਅਤੇ ਕਦੋਂ ਗੱਲਬਾਤ ਹੋਈ, ਇਨ੍ਹਾਂ ਸਾਰੀਆਂ ਗੱਲਾਂ ’ਤੇ ਜਾਂਚ ਏਜੰਸੀਆਂ ਕੰਮ ਕਰ ਰਹੀਆਂ ਹਨ। ਸੂਤਰਾਂ ਮੁਤਾਬਕ ਜਾਂਚ ਏਜੰਸੀ ਵੱਲੋਂ ਅਫਸਾਨਾ ਦੇ ਬੈਂਕ ਖਾਤਿਆਂ ਅਤੇ ਵਿਦੇਸ਼ਾਂ ’ਚ ਹੋਣ ਵਾਲੇ ਸ਼ੋਅ ਤੋਂ ਹੋਣ ਵਾਲੀ ਕਮਾਈ ’ਤੇ ਵੀ ਨਜ਼ਰ ਰੱਖੀ ਜਾ ਰਹੀ ਹੈ। ਇਹ ਪਹਿਲੀ ਵਾਰ ਹੈ ਜਦੋਂ ਅਫਸਾਨਾ ਤੋਂ ਪੁੱਛਗਿੱਛ ਕੀਤੀ ਗਈ ਹੈ। ਦੋਵੇਂ ਕਈ ਹਿੱਟ ਪੰਜਾਬੀ ਗੀਤਾਂ ਵਿੱਚ ਇਕੱਠੇ ਨਜ਼ਰ ਆ ਚੁੱਕੇ ਹਨ ਅਤੇ ਕਈ ਸ਼ੋਅਜ਼ ਵਿੱਚ ਇਕੱਠੇ ਪਰਫਾਰਮ ਕਰ ਚੁੱਕੇ ਹਨ।

ਦੱਸ ਦਈਏ ਕਿ ਸਿੱਧੂ ਮੂਸੇਵਾਲਾ ਦਾ 29 ਮਈ 2022 ਨੂੰ ਮਾਨਸਾ ਦੇ ਪਿੰਡ ਜਵਾਹਰਕੇ ਵਿਖੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

ਵਿਸ਼ੇਸ਼ ਰਿਪੋਰਟ

ਬਘੇਲ ਸਿੰਘ ਧਾਲੀਵਾਲ

# ਪੰਜਾਬ ਵਿਚ ਬਣੇਗਾ 'ਡੇਰਾ ਸੌਦਾ'

> ਡੇਰਾ ਮੁਖੀ ਡੇਰੇ ਦੀਆਂ ਦੋ ਸਾਧਵੀਆਂ ਤੇ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਕਤਲ ਤੋਂ ਇਲਾਵਾ ਡੇਰੇ ਦੇ ਹੀ ਸ਼ਰਧਾਲੂ ਰਣਜੀਤ ਸਿੰਘ ਦੇ ਕਤਲ ਦੇ ਮਾਮਲੇ ਵਿੱਚ ਅਦਾਲਤ ਵੱਲੋਂ ਦੋਸ਼ੀ ਪਾਏ ਜਾਣ ਮਗਰੋਂ ਉਮਰ ਕੈਦ ਭੁਗਤ ਰਿਹਾ ਹੈ।ਉਹ ਹਰਿਆਣਾ ਦੇ ਰੋਹਤਕ ਜ਼ਿਲ੍ਹੇ ਦੀ ਸੁਨਾਰੀਆ ਜੇਲ੍ਹ ਵਿੱਚ ਸਾਲ 2017 ਤੋਂ ਬੰਦ ਹਨ। ਪੈਰੋਲ ਦੇ ਨਿਯਮਾਂ ਮੁਤਾਬਕ ਹਾਲਾਂਕਿ ਉਹ ਕੋਈ ਵੱਡਾ ਇਕੱਠ ਨਹੀਂ ਕਰ ਸਕਦੇ ਪਰ ਉਨ੍ਹਾਂ ਦੇ ਸਤਿਸੰਗ ਨੂੰ ਉਨ੍ਹਾਂ ਦੇ ਆਪਣੇ ਯੂ ਟਿਊਬ ਚੈਨਲ 'ਸੰਤ ਐਮ ਐਸ ਜੀ' ਉੱਤੇ ਦਿਖਾਇਆ ਜਾਂਦਾ ਹੈ

- ➢ ਆਨਲਾਈਨ ਸਤਿਸੰਗ ਦੌਰਾਨ ਡੇਰਾ ਮੁਖੀ ਨੇ ਕੀਤਾ ਐਲਾਨ
- ➢ ਆਨਲਾਈਨ ਸਤਿਸੰਗ ਵਿਚ ਕਈ ਭਾਜਪਾ ਆਗੂਆਂ ਦੇ ਸ਼ਾਮਲ ਹੋਣ ਦੀ ਚਰਚਾ
- ➢ ਸੌਦਾ ਡੇਰਾ ਪੰਜਾਬ ਵਿਚ ਦੁਬਾਰਾ ਪ੍ਰਮੋਟ ਕਰਨ ਲੱਗੀ ਭਾਜਪਾ





ਹਰਿਆਣਾ ਵਿੱਚ ਆਦਮਪੁਰ ਜ਼ਿਮਨੀ ਚੋਣ ਅਤੇ ਪੰਚਾਇਤੀ ਚੋਣਾਂ ਨੂੰ ਲੈ ਕੇ ਸਰਗਮੀਆਂ ਤੇਜ਼ ਹੋ ਗਈਆਂ ਹਨ। ਆਦਮਪੁਰ ਵਿਧਾਨ ਸਭਾ ਦੀ ਜ਼ਿਮਨੀ ਚੋਣ ਲਈ ਦੋ ਨਵੰਬਰ ਨੂੰ ਵੋਟਾਂ ਪੈਣੀਆਂ ਹਨ ਜਦਕਿ ਪੰਚਾਇਤੀ ਚੋਣਾਂ ਦੀਆਂ ਵੋਟਾਂ ਨੌਂ ਤੇ 12 ਨਵੰਬਰ ਨੂੰ ਪੈਣੀਆਂ ਹਨ। ਹਰਿਆਣਾ ਵਿਚ ਪੰਚਾਇਤੀ ਤੇ ਆਦਮਪੁਰ ਵਿਧਾਨ ਸਭਾ ਦੀ ਜ਼ਿਮਨੀ ਚੋਣ ਤੋਂ ਪਹਿਲਾਂ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ 40 ਦਿਨਾਂ ਦੀ ਪੈਰੋਲ ਦਿੱਤੀ ਗਈ ਹੈ। ਡੇਰਾ ਮੁਖੀ ਡੇਰੇ ਦੀਆਂ ਦੋ ਸਾਧਵੀਆਂ ਤੇ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਕਤਲ ਤੋਂ ਇਲਾਵਾ ਡੇਰੇ ਦੇ ਹੀ ਸ਼ਰਧਾਲੂ ਰਣਜੀਤ ਸਿੰਘ ਦੇ ਕਤਲ ਦੇ ਮਾਮਲੇ ਵਿੱਚ ਅਦਾਲਤ ਵੱਲੋਂ ਦੋਸ਼ੀ ਪਾਏ ਜਾਣ ਮਗਰੋਂ ਉਮਰ ਕੈਦ ਭੁਗਤ ਰਿਹਾ ਹੈ।ਉਹ ਹਰਿਆਣਾ ਦੇ ਰੋਹਤਕ ਜ਼ਿਲ੍ਹੇ ਦੀ ਸੁਨਾਰੀਆ ਜੇਲ੍ਹ ਵਿੱਚ ਸਾਲ 2017 ਤੋਂ ਬੰਦ ਹਨ। ਪੈਰੋਲ ਦੇ ਨਿਯਮਾਂ ਮੁਤਾਬਕ ਹਾਲਾਂਕਿ ਉਹ ਕੋਈ ਵੱਡਾ ਇਕੱਠ ਨਹੀਂ ਕਰ ਸਕਦੇ ਪਰ ਉਨ੍ਹਾਂ ਦੇ ਸਤਿਸੰਗ ਨੂੰ ਉਨ੍ਹਾਂ ਦੇ ਆਪਣੇ ਯੂ ਟਿਊਬ ਚੈਨਲ 'ਸੰਤ ਐਮ ਐਸ ਜੀ' ਉੱਤੇ ਦਿਖਾਇਆ ਜਾਂਦਾ ਹੈ।

ਬੀਤੇ ਦਿਨੀਂ ਆਨਲਾਈਨ ਸਤਿਸੰਗ ਵਿਚ ਗੁਰਮੀਤ ਰਾਮ ਰਹੀਮ ਨੇ ਪੰਜਾਬ 'ਚ ਇਕ ਹੋਰ ਡੇਰਾ ਖੋਲ੍ਹਣ ਦੀ ਇਜਾਜ਼ਤ ਦੇ ਦਿੱਤੀ। ਬਠਿੰਡਾ ਦੇ ਸਲਾਬਤਪੁਰਾ ਤੋਂ ਬਾਅਦ ਪੰਜਾਬ ਵਿਚ ਇਹ ਦੂਸਰਾ ਡੇਰਾ ਹੋਵੇਗਾ। ਇਹ ਡੇਰਾ ਸੰਗਰੂਰ ਜ਼ਿਲ੍ਹੇ ਦੇ ਸੁਨਾਮ ਸ਼ਹਿਰ 'ਚ ਖੋਲ੍ਹਿਆ ਜਾਵੇਗਾ। ਆਨਲਾਈਨ ਸਤਿਸੰਗ ਦੌਰਾਨ ਸੌਦਾ ਸਾਧ ਸੁਨਾਮ ਦੀ ਸੰਗਤ ਨਾਲ ਰੂਬਰੂ ਹੋਇਆ ਤਾਂ ਡੇਰਾ ਪ੍ਰੇਮੀਆਂ ਨੇ ਉੱਥੇ ਸਥਿਤ ਨਾਮ ਚਰਚਾ ਘਰ ਨੂੰ ਡੇਰੇ ਵਿਚ ਤਬਦੀਲ ਕਰਨ ਦੀ ਮੰਗ ਰੱਖੀ। ਇਹ ਸੁਣ ਕੇ ਸੌਦਾ ਸਾਧ ਨੇ ਤੁਰੰਤ ਉਨ੍ਹਾਂ ਦੀ ਗੱਲ ਮੰਨ ਲਈ ਤੇ ਐਡਮਿਨਿਸਟ੍ਰੇਸ਼ਨ ਨੂੰ ਇਸ ਸਬੰਧੀ ਹੁਕਮ ਜਾਰੀ ਕੀਤੇ। ਤੁਹਾਨੂੰ ਦੱਸ ਦੇਈਏ ਕਿ ਡੇਰਾ ਸਿਰਸਾ ਤੋਂ ਬਾਅਦ ਬਠਿੰਡਾ ਦੇ ਸਲਾਬਤਪੁਰਾ ਵਿਚ ਦੂਜਾ ਸਭ ਤੋਂ ਵੱਡਾ ਡੇਰਾ ਹੈ। ਦੂਜੇ ਪਾਸੇ ਸਿੱਖਾਂ ਵਿਚ ਪਹਿਲਾਂ ਹੀ ਸੌਦਾ ਸਾਧ ਪ੍ਰਤੀ ਰੋਸ ਹੈ। ਗੁਰੂ ਗ੍ਰੰਥ ਸਾਹਿਬ ਦੇ ਬੇਅਦਬੀ ਮਾਮਲੇ, ਬਰਗਾੜੀ ਕਾਂਡ, ਮੌੜ ਮੰਡੀ ਬਲਾਸਟ 'ਚ ਕਈ ਡੇਰਾ ਪ੍ਰੇਮੀ ਨਾਮਜ਼ਦ ਹਨ। ਬਰਗਾੜੀ ਕਾਂਡ ਮਾਮਲੇ ਵਿਚ ਸੌਦਾ ਸਾਧ ਤੋਂ ਸਿਟ ਪੁੱਛਗਿੱਛ ਕਰ ਚੁੱਕੀ ਹੈ। ਚੇਤੇ ਰਹੇ ਕਿ ਸਾਲ 2007 'ਚ ਰਾਮ ਰਹੀਮ ਨੇ ਡੇਰਾ ਸਲਾਬਤਪੁਰਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਾਂਗ ਹੀ ਭੇਸ ਧਾਰਨ ਕੀਤਾ ਸੀ, ਜਿਸ 'ਤੇ ਵਿਵਾਦ ਹੋ ਗਿਆ ਸੀ। ਉਦੋਂ ਤੋਂ ਲੈ ਕੇ ਡੇਰਾ ਪ੍ਰੇਮੀਆਂ ਤੇ ਸਿੱਖਾਂ ਵਿਚਾਲੇ ਵਿਵਾਦ ਚੱਲ ਰਿਹਾ ਹੈ।

ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੇ ਆਨਲਾਈਨ ਸਤਿਸੰਗ ਵਿਚ ਕਈ ਭਾਜਪਾ ਆਗੂਆਂ ਦੇ ਸ਼ਾਮਲ ਹੋਣ ਦੀ ਚਰਚਾ ਚੁਫੇਰੇ ਹੈ। ਜਿਨ੍ਹਾਂ ਵਿਚ ਹਰਿਆਣਾ ਦੇ ਕੁਝ ਭਾਜਪਾ ਆਗੂਆਂ ਵਲੋਂ ਵੀ ਹਾਜ਼ਰੀ ਭਰੀ ਜਾ ਰਹੀ ਹੈ। ਉਸ ਦੀ ਪੈਰੋਲ ਇਕ ਵਾਰ ਫਿਰ ਖਿੱਤੇ 'ਚ ਚੋਣਾਂ ਦੇ ਨਾਲ ਮੇਲ ਖਾਂਦੀ ਹੈ, ਇਸ ਸਾਲ ਵਿਚ ਅਜਿਹਾ ਤੀਜੀ ਵਾਰ ਹੋਇਆ ਹੈ ।ਇਹ ਸਾਫ ਹੈ ਕਿ ਇਸ ਡੇਰੇ ਨੂੰ ਭਾਜਪਾ ਸਰਕਾਰ ਪੰਜਾਬ ਵਿਚ ਦੁਬਾਰਾ ਪ੍ਰਮੋਟ ਕਰ ਰਹੀ ਹੈ। ਦੱਸਣਯੋਗ ਹੈ ਕਿ ਹਰਿਆਣਾ 'ਵਿਚ ਅਗਲੇ ਮਹੀਨੇ ਪੰਚਾਇਤੀ ਚੋਣਾਂ ਅਤੇ ਆਦਮਪੁਰ ਹਲਕੇ ਲਈ ਜ਼ਿਮਨੀ ਚੋਣ ਹੋਣ ਜਾ ਰਹੀ ਹੈ ।।ਡੇਰਾ ਮੁਖੀ, ਜੋ ਆਪਣੀਆਂ ਦੋ ਸਾਧਵੀਆਂ ਨਾਲ ਜਬਰ ਜਨਾਹ ਦੇ ਮਾਮਲੇ ਵਿਚ 20 ਸਾਲ ਦੀ ਕੈਦ ਕੱਟ ਰਿਹਾ ਹੈ, ਹਰਿਆਣਾ ਵਿਚ 46 ਨਗਰਪਾਲਿਕਾਵਾਂ ਦੀਆਂ ਚੋਣਾਂ ਤੋਂ ਪਹਿਲਾਂ ਜੂਨ ਵਿਚ ਵੀ ਇਕ ਮਹੀਨੇ ਦੀ ਪੈਰੋਲ 'ਤੇ ਬਾਹਰ ਆਇਆ ਸੀ । ਪੰਜਾਬ ਵਿਧਾਨ ਸਭਾ ਚੋਣਾਂ ਤੋਂ ਮਹਿਜ਼ ਦੋ ਹਫ਼ਤੇ ਪਹਿਲਾਂ 7 ਫਰਵਰੀ ਤੋਂ ਉਸ ਨੂੰ ਤਿੰਨ ਹਫਤਿਆਂ ਦੀ ਛੁੱਟੀ ਦਿੱਤੀ ਗਈ ਸੀ । 55 ਸਾਲਾ ਡੇਰਾ ਮੁਖੀ ਯੂ.ਪੀ. ਦੇ ਬਾਗਪਤ ਵਿਚਲੇ ਡੇਰਾ ਬਰਨਾਵਾ ਆਸ਼ਰਮ ਤੋਂ ਆਨਲਾਈਨ 'ਸਤਿਸੰਗ' ਕਰ ਰਿਹਾ ਹੈ।

ਹਰਿਆਣਾ ਦੇ ਡਿਪਟੀ ਸਪੀਕਰ ਰਣਬੀਰ ਗੰਗਵਾ ਹਿਸਾਰ ਵਿਚ ਇਕ ਆਨਲਾਈਨ ਸਤਿਸੰਗ ਸੁਣਨ ਲਈ ਡੇਰੇ ਦੇ ਪੈਰੋਕਾਰਾਂ ਦੇ ਇਕ ਵੱਡੇ ਇਕੱਠ 'ਚ ਹਾਜ਼ਰ ਸਨ, ਜਿਸ ਦੌਰਾਨ ਉਨ੍ਹਾਂ ਆਪਣੇ ਪਰਿਵਾਰ ਦੇ ਡੇਰਾ ਸਿਰਸਾ ਨਾਲ ਸੰਬੰਧਾਂ ਬਾਰੇ ਗੱਲਬਾਤ ਕੀਤੀ। ਰਣਬੀਰ ਗੰਗਵਾ ਨੇ ਕਿਹਾ ਕਿ ਉਹ ਡੇਰਾ ਮੁਖੀ ਵਲੋਂ ਦਿੱਤੇ ਅਸ਼ੀਰਵਾਦ ਤੋਂ ਖੁਸ਼ ਹਨ ਅਤੇ ਉਮੀਦ ਕਰਦੇ ਹਨ ਕਿ ਇਕ ਦਿਨ ਉਹ ਆਹਮੋ-ਸਾਹਮਣੇ ਮਿਲਣਗੇ। ਗੰਗਵਾ ਨੇ ਕਿਹਾ ਕਿ ਉਹ ਡੇਰਾ ਮੁਖੀ ਦੇ ਆਨਲਾਈਨ ਸਤਿਸੰਗ 'ਚ ਸ਼ਾਮਿਲ ਹੋਣ ਵਿਚ ਕੁਝ ਗਲਤ ਨਹੀਂ ਵੇਖਦੇ, ਉਹ ਤੇ ਉਨ੍ਹਾਂ ਦਾ ਪਰਿਵਾਰ ਦਹਾਕਿਆਂ ਤੋਂ ਡੇਰੇ ਨਾਲ ਜੁੜਿਆ ਹੋਇਆ ਹੈ ਅਤੇ ਇਹ ਨਿੱਜੀ ਵਿਸ਼ਵਾਸ ਤੇ ਪਸੰਦ ਦਾ ਮਾਮਲਾ ਹੈ । ਡੇਰਾ ਮੁਖੀ ਨੂੰ ਪੈਰੋਲ ਦੇਣ ਦੇ ਸਮੇਂ 'ਤੇ ਉਠਾਏ ਜਾ ਰਹੇ ਸਵਾਲਾਂ 'ਤੇ ਗੰਗਵਾ ਨੇ ਕਿਹਾ ਕਿ ਜੇਲ੍ਹ ਦੇ ਨਿਯਮਾਂ ਦੇ ਉਲਟ ਜੇਕਰ ਪੈਰੋਲ ਦਿੱਤੀ ਗਈ ਹੈ ਤਾਂ ਕੋਈ ਇਤਰਾਜ਼ ਉਠਾ ਸਕਦਾ ਹੈ ਪਰ ਕਿਸੇ ਵੀ ਕੈਦੀ ਨੂੰ ਪੈਰੋਲ ਦੇਣਾ ਉਸ ਦਾ ਜਾਇਜ਼ ਹੱਕ ਹੈ ਅਤੇ ਇਸ ਲਈ ਨਿਯਮ ਬਣਾਏ ਗਏ ਹਨ। ਗੰਗਵਾ ਨੇ ਕਿਹਾ ਕਿ ਉਸ ਨੂੰ ਪੈਰੋਲ ਉਦੋਂ ਵੀ ਦਿੱਤੀ ਗਈ ਜਦ ਕੋਈ ਚੋਣਾਂ ਨਹੀਂ ਸਨ, ਇਸ ਲਈ ਮੈਨੂੰ ਇਹ ਕੋਈ ਮੁੱਦਾ ਨਹੀਂ ਦਿਖਾਈ ਦਿੰਦਾ।

ਇਸ ਤੋਂ ਪਹਿਲਾਂ ਕਰਨਾਲ ਦੀ ਮੇਅਰ ਰੇਨੂ ਬਾਲਾ ਨੇ ਭਾਜਪਾ ਦੇ ਕੁਝ ਹੋਰ ਆਗੂਆਂ ਨਾਲ ਆਨਲਾਈਨ ਸਤਿਸੰਗ ਵਿਚ ਹਾਜ਼ਰੀ ਲਗਵਾਈ। ਰੇਨੂ ਬਾਲਾ ਨੇ ਡੇਰਾ ਮੁਖੀ ਨੂੰ 'ਪਿਤਾਜੀ' ਕਹਿ ਕੇ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਅਸ਼ੀਰਵਾਦ ਹਮੇਸ਼ਾ ਨਾਲ ਰਹਿਣਾ ਚਾਹੀਦਾ ਹੈ ।

## ਡੇਰਾ ਮੁਖੀ ਦੀ ਪੈਰੋਲ ਅਤੇ ਮੋਦੀ ਸਰਕਾਰ 'ਤੇ ਸਵਾਲ ਉੱਠੇ

ਬਾਬਾ ਸਰਬਜੋਤ ਸਿੰਘ ਬੇਦੀ ਨੇ ਡੇਰਾ ਮੁਖੀ ਨੂੰ ਮਿਲੀ ਪੈਰੋਲ 'ਤੇ ਆਪਣੀ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਕਿਹਾ ਹੈ ਕਿ ਸਰਕਾਰ ਡੇਰਾ ਮੁਖੀ ਵੀ ਵਰਤੋਂ ਪੰਚਾਇਤੀ ਚੋਣਾਂ ਤੇ ਹਰਿਆਣਾ ਵਿਧਾਨ ਸਭਾ ਆਦਮਪੁਰ ਦੀ ਜ਼ਿਮਨੀ ਚੋਣ ਵਿਚ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।ਉਨ੍ਹਾਂ ਨੇ ਕਿਹਾ, 'ਇਹ ਠੀਕ ਹੈ ਕਿ ਕੈਦੀ ਨੂੰ ਪੈਰੋਲ ਲੈਣ ਦਾ ਹੱਕ ਹੈ ਪਰ ਦੂਜੇ ਪਾਸੇ ਜੇਲ੍ਹਾਂ ਵਿਚ ਹਜ਼ਾਰਾਂ ਅਜਿਹੇ ਕੈਦੀ ਹਨ, ਜਿਨ੍ਹਾਂ 'ਤੇ ਗੰਭੀਰ ਦੋਸ਼ ਨਹੀਂ ਹਨ ਤੇ ਕਈਆਂ ਨੇ ਆਪਣੀਆਂ ਸਜ਼ਾਵਾਂ ਵੀ ਪੂਰੀਆਂ ਕਰ ਲਈਆਂ ਹਨ, ਪਰ ਉਨ੍ਹਾਂ ਨੂੰ ਨਾ ਤਾਂ ਕਦੇ ਪੈਰੋਲ ਦਿੱਤੀ ਗਈ ਤੇ ਨਾ ਹੀ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਦਾ ਧਿਆਨ ਰੱਖਿਆ ਗਿਆ ਹੈ।ਬਾਬਾ ਬੇਦੀ ਕਹਿੰਦੇ ਹਨ, 'ਅਜਿਹੇ ਵਿੱਚ ਡੇਰਾ ਮੁਖੀ ਨੂੰ ਉਸ ਵੇਲੇ ਪੈਰੋਲ ਜਾਂ ਫਰਲੋ ਦੇਣੀ, ਜਦੋਂ ਕਿਤੇ ਚੋਣਾਂ ਹੋਣ ਤਾਂ ਇਹ ਸਰਕਾਰ ਦੀ ਮੰਸ਼ਾ 'ਤੇ ਸ਼ੱਕ ਤਾਂ ਪੈਦਾ ਕਰਦੇ ਹੀ ਹਨ।'

ਇਸੇ ਤਰ੍ਹਾਂ ਸੀਨੀਅਰ ਪੱਤਰਕਾਰ ਗੁਰਬਚਨ ਸਿੰਘ ਨੇ ਸਰਕਾਰ 'ਤੇ ਸਵਾਲ ਖੜ੍ਹਾ ਕਰਦਿਆਂ ਕਿਹਾ ਕਿ ਭਾਵੇਂ ਹਰ ਕੈਦੀ ਪੈਰੋਲ ਮੰਗ ਸਕਦਾ ਹੈ, ਪਰ ਇਹ ਸਰਕਾਰ ਤੇ ਪ੍ਰਸ਼ਾਸਨ ਨੇ ਵੇਖਣਾ ਹੁੰਦਾ ਹੈ ਕਿ ਕੈਦੀ ਨੂੰ ਪੈਰੋਲ ਦੀ ਇਸ ਵੇਲੇ ਕਿੰਨੀ ਲੋੜ ਹੈ। ਉਹ ਕਹਿੰਦੇ ਹਨ, 'ਜੇ ਸਰਕਾਰ ਤੇ ਪ੍ਰਸ਼ਾਸਨ ਡੇਰਾ ਮੁਖੀ ਨੂੰ ਚੋਣਾਂ ਤੋਂ ਬਾਅਦ ਪੈਰੋਲ ਦਿੰਦਾ ਤਾਂ ਸ਼ਾਇਦ ਸਰਕਾਰ ਤੇ ਡੇਰਾ ਮੁਖੀ 'ਤੇ ਇਹ ਉਂਗਲ ਨਾ ਉਠਦੀ ਕਿ ਉਹ ਚੋਣਾਂ ਨੂੰ ਪ੍ਰਭਾਵਿਤ ਨਹੀਂ ਕਰਦੇ ਹਨ। ਪਰ ਚੋਣਾਂ ਤੋਂ ਪਹਿਲਾਂ ਡੇਰਾ ਮੁਖੀ ਨੂੰ ਪੈਰੋਲ ਦਿੱਤੀ ਗਈ ਹੈ ਤੇ ਡੇਰਾ ਮੁਖੀ ਵੱਲੋਂ ਪੈਰੋਲ ਮਿਲਣ ਮਗਰੋਂ ਅੱਜ ਦੀ ਅਤਿ ਆਧੁਨਿਕ ਤਕਨੀਕ ਦੀ ਵਰਤੋਂ ਕਰਦਿਆਂ ਆਨਲਾਈਨ ਆਪਣੇ ਸਤਿਸੰਗ ਤੇ ਪ੍ਰਵਚਨ ਦੇ ਰਿਹਾ ਹੈ। ਇਨ੍ਹਾਂ ਨੂੰ ਨੈਤਿਕ ਤੌਰ 'ਤੇ ਵੀ ਠੀਕ ਨਹੀਂ ਕਿਹਾ ਜਾ ਸਕਦਾ।' ਗੁਰਬਚਨ ਸਿੰਘ ਦਾ ਕਹਿਣਾ ਹੈ ਕਿ ਡੇਰਾ ਮੁਖੀ ਨੂੰ ਪੰਜਾਬ ਵਿਧਾਨ ਸਭਾ ਤੋਂ ਪਹਿਲਾਂ ਵੀ ਪੈਰੋਲ ਦਿੱਤੀ ਗਈ ਸੀ ਪਰ ਪੰਜਾਬ ਵਿੱਚ ਤਾਂ ਡੇਰਾ ਮੁਖੀ ਦਾ ਕੋਈ ਜਾਦੂ ਨਹੀਂ ਚਲਿਆ। ਜੇ ਲੋਕ ਇਥੇ ਵੀ ਆਪਣੇ ਵਿਵੇਕ ਦਾ ਇਸਤੇਮਾਲ ਕਰਨਗੇ ਤਾਂ ਲੱਗਦਾ ਨਹੀਂ ਕਿ ਡੇਰਾ ਮੁਖੀ ਕੋਈ ਵੱਡਾ ਮਾਰਕਾ ਮਾਰ ਸਕੇ ਤੇ ਇਸ ਦਾ ਫਾਇਦਾ ਸਤਾਧਾਰੀ ਪਾਰਟੀ ਨੂੰ ਪੁੱਜੇ। ਉਂਜ ਸਤਾਧਾਰੀ ਪਾਰਟੀ ਨੇ ਡੇਰਾ ਮੁਖੀ ਨੂੰ ਪੈਰੋਲ ਚੋਣਾਂ ਵਿਚ ਲਾਹਾ ਲੈਣ ਲਈ ਹੀ ਦਿੱਤੀ ਹੈ।ਉਹ ਕਹਿੰਦੇ ਹਨ, 'ਡੇਰਾ ਮੁਖੀ ਵੱਲੋਂ ਕੀਤੇ ਜਾ ਰਹੇ ਲਾਈਵ ਪ੍ਰੋਗਰਾਮਾਂ ਵਿੱਚ ਨੇਤਾਵਾਂ ਦਾ ਪਹੁੰਚਣਾ ਤੇ ਡੇਰਾ ਮੁਖੀ ਵੱਲੋਂ ਇਸ਼ਾਰਿਆਂ-ਇਸ਼ਾਰਿਆਂ ਵਿੱਚ ਮਦਦ ਕਰਨ ਦੀ ਵੀ ਗੱਲ ਕਹੀ ਗਈ ਹੈ। ਆਦਮਪੁਰ ਦੀ ਜ਼ਿਮਨੀ ਚੋਣ ਵਿਚ ਭਾਵੇਂ ਡੇਰਾ ਪ੍ਰੇਮੀਆਂ ਦੀਆਂ ਜਿਆਦਾ ਵੋਟਾਂ ਨਹੀਂ ਹਨ ਪਰ ਫਿਰ ਵੀ ਇਸ ਦਾ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।' ਪੰਜਾਬ ਦੀਆਂ ਚੋਣਾਂ ਦੀ ਗੱਲ ਕਰਦਿਆਂ ਗੁਰਬਚਨ ਸਿੰਘ ਕਿਹਾ ਕਿ ਉਨ੍ਹਾਂ ਨੇ ਕਿਹਾ, 'ਭਾਵੇਂ ਉਥੇ ਇਸ ਦਾ ਜਾਦੂ ਨਹੀਂ ਚਲਿਆ ਪਰ ਅਕਾਲੀਆਂ ਨੇ ਡੇਰੇ ਵਾਲੇ ਸਾਥ ਲੈ ਕੇ ਆਪਣੀ ਹੋਂਦ ਗੁਆ ਲਈ। ਇਹਦਾ ਅਕਾਲੀਆਂ 'ਤੇ ਇਹੋ ਜਿਹਾ ਪਰਛਾਵਾਂ ਪਿਆ ਕਿ ਉਨ੍ਹਾਂ ਨੇ ਆਪਣੀਆਂ ਖੁਦ ਦੀਆਂ ਵੋਟਾਂ ਗੁਆ ਲਈਆਂ। ਅਕਾਲੀਆਂ ਨੂੰ ਹੁਣ ਨਤੀਜਿਆਂ ਦਾ ਪਤਾ ਲੱਗ ਰਿਹਾ ਹੈ।'

ਮਰਹੂਮ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਪੁੱਤਰ ਅੰਸ਼ੁਲ ਛਤਰਪਤੀ ਨੇ ਡੇਰਾ ਮੁਖੀ ਦੀ ਪੈਰੋਲ ਉੱਤੇ ਇਤਰਾਜ਼ ਪ੍ਰਗਟਾਇਆ ਹੈ। ਉਨ੍ਹਾਂ ਨੇ ਆਖਿਆ ਕਿ ਹਰਿਆਣਾ ਸਰਕਾਰ ਇਹਨਾਂ ਚੋਣਾਂ ਵਿੱਚ ਡੇਰਾ ਮੁਖੀ ਨੂੰ ਪੈਰੋਲ ਦੇ ਕੇ ਇਹਨਾਂ ਚੋਣਾਂ ਵਿੱਚ ਸਿਆਸੀ ਫ਼ਾਇਦਾ ਲੈਣਾ ਚਾਹੁੰਦੀ ਹੈ।ਉਨ੍ਹਾਂ ਨੇ ਕਿਹਾ, 'ਹਰਿਆਣਾ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਬੀਜੇਪੀ ਦੀ ਕਈ ਹੋਰ ਆਗੂ ਡੇਰਾ ਮੁਖੀ ਦੇ ਆਨ ਲਾਈਨ ਸਤਸੰਗ ਵਿੱਚ ਸ਼ਾਮਲ ਹੋ ਰਹੇ ਹਨ ਜਿਸ ਤੋਂ ਸਪੱਸ਼ਟ ਹੈ ਕਿ ਬੀਜੇਪੀ ਡੇਰਾ ਮੁਖੀ ਦੀ ਪੈਰੋਲ ਤੋਂ ਸਿਆਸੀ ਫ਼ਾਇਦਾ ਲੈਣਾ ਚਾਹੁੰਦੀ ਹੈ।'

ਦੂਜੇ ਪਾਸੇ ਕਾਂਗਰਸ ਵੀ ਬੀਜੇਪੀ ਆਗੂਆਂ ਦੇ ਸਤਸੰਗ ਵਿੱਚ ਸ਼ਾਮਲ ਹੋਣ ਉੱਤੇ ਇਤਰਾਜ਼ ਪ੍ਰਗਟ ਕਰ ਰਹੀ ਹੈ।ਹਰਿਆਣਾ ਕਾਂਗਰਸ ਦੇ ਸੀਨੀਅਰ ਆਗੂ ਅਤੇ ਸੂਬਾ ਸਰਕਾਰ ਦੇ ਸਾਬਕਾ ਗ੍ਰਹਿ ਮੰਤਰੀ ਸੁਭਾਸ਼ ਬੱਤਰਾ ਦਾ ਕਹਿਣਾ ਹੈ ਕਿ ਕਰਨਾਲ ਦੀ ਮੌਜੂਦਾ ਮੇਅਰ, ਡਿਪਟੀ ਮੇਅਰ ਅਤੇ ਸੀਨੀਅਰ ਡਿਪਟੀ ਮੇਅਰ ਦਾ ਸਤਿਸੰਗ ਵਿੱਚ ਸ਼ਾਮਲ ਹੋਣਾ ਇਹ ਦਰਸਾਉਂਦਾ ਹੈ ਕਿ ਬੀਜੇਪੀ ਇਹਨਾਂ ਚੋਣਾਂ ਵਿੱਚ ਡੇਰਾ ਮੁਖੀ ਦੀ ਪੈਰੋਲ ਦਾ ਸਿਆਸੀ ਫ਼ਾਇਦਾ ਲੈਣ ਦੀ ਫ਼ਿਰਾਕ ਵਿੱਚ ਹੈ।

ਇਸ ਮਾਮਲੇ ਵਿੱਚ ਕਰਨਾਲ ਦੇ ਡਿਪਟੀ ਮੇਅਰ ਨਵੀਨ ਕੁਮਾਰ ਨੇ ਆਪਣਾ ਪੱਖ ਰੱਖਦਿਆਂ ਕਿਹਾ, 'ਕਰਨਾਲ ਵਿੱਚ ਡੇਰਾ ਸਮਰਥਕਾਂ ਵੱਲੋਂ ਇਸ ਸਤਿਸੰਗ ਰੱਖਿਆ ਗਿਆ ਸੀ ਜਿਸ ਲਈ ਉਨ੍ਹਾਂ ਨੂੰ ਵੀ ਸੱਦਾ ਦਿੱਤਾ ਗਿਆ ਸੀ ਇਸ ਕਰ ਕੇ ਉਹ ਸ਼ਾਮਲ ਹੋਏ ਹਨ। ਇਸ ਨੂੰ ਰਾਜਨੀਤੀ ਨਾਲ ਜੋੜ ਕੇ ਨਹੀਂ ਦੇਖਣਾ ਚਾਹੀਦਾ।'

ਸ਼੍ਰੋਮਣੀ ਕਮੇਟੀ ਮੁਖੀ ਹਰਜਿੰਦਰ ਸਿੰਘ ਧਾਮੀ ਨੇ ਇਸ ਉੱਤੇ ਇਤਰਾਜ਼ ਪ੍ਰਗਟਾਉਂਦਿਆਂ ਹਰਿਆਣਾ ਸਰਕਾਰ ਦੀ ਅਲੋਚਨਾ ਕੀਤੀ ਸੀ। ਧਾਮੀ ਦਾ ਕਹਿਣਾ ਸੀ ਕਿ ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਨੂੰ ਤਾਂ ਸਰਕਾਰ ਰਿਹਾਅ ਨਹੀਂ ਕਰਦੀ ਬਲਕਿ ਡੇਰਾ ਮੁਖੀ ਜੋ ਗੰਭੀਰ ਕਿਸਮ ਦੇ ਕੇਸਾਂ ਵਿੱਚ ਸਜ਼ਾ ਭੁਗਤ ਰਹੇ ਹਨ ਉਨ੍ਹਾਂ ਨੂੰ ਵਾਰ-ਵਾਰ ਜੇਲ੍ਹ ਤੋਂ ਛੁੱਟੀ ਦਿੰਦੀ ਹੈ।

# ਸਨਾ ਇਰਸ਼ਾਦ ਮੱਟੂ ਨੂੰ ਵਿਦੇਸ਼ ਜਾਣ ਤੋਂ ਰੋਕਿਆ ਮੋਦੀ ਸਰਕਾਰ ਨੇ

## ਅਨੇਕਾਂ ਪੱਤਰਕਾਰ ਹਨ ਭਾਰਤੀ ਬਲੈਕ ਲਿਸਟ ਵਿਚ

ਕਵਰ ਸਟੋਰੀ

ਪ੍ਰਗਟ ਸਿੰਘ ਜੰਡਿਆਲਾ ਗੁਰੂ

ਪੁਲਿਤਜ਼ਰ ਪੁਰਸਕਾਰ ਜੇਤੂ ਅਤੇ ਕਸ਼ਮੀਰੀ ਫੋਟੋ ਪੱਤਰਕਾਰ ਸਨਾ ਇਰਸ਼ਾਦ ਮੱਟੂ ਇੱਕ ਵਾਰ ਫਿਰ ਵਿਦੇਸ਼ ਜਾਣ ਤੋਂ ਰੋਕਿਆ ਗਿਆ ਹੈ। ਸਨਾ ਇਰਸ਼ਾਦ ਮੱਟੂ ਨੇ ਦਾਅਵਾ ਕੀਤਾ ਹੈ ਕਿ ਉਹ ਆਪਣਾ ਪੁਲਿਤਜ਼ਰ ਪੁਰਸਕਾਰ ਲੈਣ ਲਈ ਨਿਊਯਾਰਕ ਜਾ ਰਹੇ ਸੀ, ਪਰ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਦਿੱਲੀ ਹਵਾਈ ਅੱਡੇ 'ਤੇ ਹੀ ਉਨ੍ਹਾਂ ਨੂੰ ਰੋਕ ਲਿਆ। ਮੱਟੂ ਨੇ ਕਿਹਾ ਕਿ ਅਮਰੀਕਾ ਦਾ ਵੀਜ਼ਾ ਅਤੇ ਟਿਕਟ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਅੰਤਰਰਾਸ਼ਟਰੀ ਯਾਤਰਾ ਕਰਨ ਤੋਂ ਰੋਕਿਆ ਗਿਆ ਹੈ।ਸਨਾ ਇਰਸ਼ਾਦ ਮੱਟੂ ਦੇ ਅਨੁਸਾਰ, 'ਇਹ ਦੂਜੀ ਵਾਰ ਹੈ ਜਦੋਂ ਮੈਨੂੰ ਬਿਨਾਂ ਕਿਸੇ ਕਾਰਨ ਤੋਂ ਯਾਤਰਾ ਕਰਨ ਤੋਂ ਰੋਕਿਆ ਗਿਆ ਹੈ। ਕੁਝ ਮਹੀਨੇ ਪਹਿਲਾਂ ਜੋ ਕੁਝ ਹੋਇਆ ਸੀ, ਉਸ ਬਾਰੇ ਕਈ ਅਧਿਕਾਰੀਆਂ ਨਾਲ ਸੰਪਰਕ ਕਰਨ ਦੇ ਬਾਵਜੂਦ, ਮੈਨੂੰ ਕੋਈ ਜਵਾਬ ਨਹੀਂ ਮਿਲਿਆ। ਇਸ ਪੁਰਸਕਾਰ ਸਮਾਰੋਹ ਵਿੱਚ ਸ਼ਾਮਲ ਹੋਣਾ ਮੇਰੀ ਜ਼ਿੰਦਗੀ ਦਾ ਸਭ ਤੋਂ ਅਹਿਮ ਪਲ ਸੀ।'

ਹਾਲਾਂਕਿ ਸਨਾ ਦੇ ਇਸ ਦਾਅਵੇ 'ਤੇ ਭਾਰਤ ਸਰਕਾਰ ਨੇ ਕੋਈ ਅਧਿਕਾਰਤ ਪ੍ਰਤੀਕਿਰਿਆ ਨਹੀਂ ਦਿੱਤੀ ਹੈ, ਪਰ ਜੰਮੂ-ਕਸ਼ਮੀਰ ਪੁਲਿਸ ਦੇ ਅਧਿਕਾਰੀਆਂ ਨੇ ਸਨਾ ਦੇ ਮਾਮਲੇ ਵਿਚ ਦੱਸਿਆ ਹੈ ਕਿ ਉਨ੍ਹਾਂ ਦਾ ਨਾਂ ਨੋ-ਫਲਾਈ ਲਿਸਟ ਵਿਚ ਹੈ, ਇਸ ਕਰਕੇ ਉਨ੍ਹਾਂ ਨੂੰ ਯਾਤਰਾ ਕਰਨ ਤੋਂ ਰੋਕਿਆ ਗਿਆ ਹੈ।

ਇਸ ਸਾਲ ਮਈ ਦੇ ਮਹੀਨੇ, ਸਨਾ ਇਰਸ਼ਾਦ ਮੱਟੂ ਨੂੰ ਭਾਰਤ ਵਿੱਚ ਕੋਰੋਨਾ ਲੌਕਡਾਊਨ ਦੌਰਾਨ ਕੀਤੀ ਫੋਟੋਗ੍ਰਾਫੀ ਲਈ ਫੀਚਰ ਫੋਟੋਗ੍ਰਾਫੀ ਸ਼੍ਰੇਣੀ ਵਿੱਚ ਪੁਲਿਤਜ਼ਰ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਨੇ ਇਹ ਫੋਟੋਗ੍ਰਾਫੀ ਖ਼ਬਰ ਏਜੰਸੀ ਰੌਇਟਰਜ਼ ਲਈ ਕੀਤੀ ਸੀ। 28 ਸਾਲਾ ਸਨਾ ਇਰਸ਼ਾਦ ਮੱਟੂ ਸ਼੍ਰੀਨਗਰ ਦੀ ਰਹਿਣ ਵਾਲੀ ਹੈ। ਉਨ੍ਹਾਂ ਨੇ ਦੱਖਣੀ ਕਸ਼ਮੀਰ ਦੇ ਅਨੰਤਨਾਗ ਵਿੱਚ ਜਾ ਕੇ ਫੋਟੋਗ੍ਰਾਫੀ ਕੀਤੀ ਸੀ।

ਸਨਾ ਇਰਸ਼ਾਦ ਸਾਲ 2018 ਤੋਂ ਜੰਮੂ-ਕਸ਼ਮੀਰ ਵਿੱਚ ਸੁਤੰਤਰ ਫੋਟੋਗ੍ਰਾਫੀ ਕਰ ਰਹੇ ਹਨ।ਇਸ ਸਨਮਾਨ ਨੂੰ ਪਾਉਣ ਤੋਂ ਖੁੰਝ ਜਾਣ 'ਤੇ ਅਫ਼ਸੋਸ ਜ਼ਾਹਰ ਕਰਦਿਆਂ ਉਨ੍ਹਾਂ ਕਿਹਾ, 'ਇਹ ਪੁਲਿਤਜ਼ਰ ਸਨਮਾਨ ਸੀ। ਇਹ ਹਰ ਪੱਤਰਕਾਰ ਦਾ ਸੁਪਨਾ ਹੁੰਦਾ ਹੈ। ਜਦੋਂ ਤੁਹਾਨੂੰ ਇਸ ਸਨਮਾਨ ਲਈ ਚੁਣਿਆ ਜਾਂਦਾ ਹੈ, ਤਾਂ ਤੁਸੀਂ ਇਸ ਨਾਲ ਜੁੜੇ ਹਰ ਪਲ ਨੂੰ ਜੀਣਾ ਚਾਹੁੰਦੇ ਹੋ। ਪਰ ਹੁਣ ਇਹ ਖੁਸ਼ੀ ਉਨ੍ਹਾਂ ਨੇ ਮੇਰੇ ਕੋਲੋਂ ਖੋਹ ਲਈ ਹੈ।'



ਯਾਦ ਰਹੇ ਕਿ ਸਨਾ ਨੂੰ ਇਸ ਸਾਲ ਜੁਲਾਈ ਵਿਚ ਪਹਿਲੀ ਵਾਰ ਵਿਦੇਸ਼ ਜਾਣ ਤੋਂ ਰੋਕਿਆ ਗਿਆ ਸੀ। ਉਸ ਵੇਲੇ ਉਹ ਇੱਕ ਕਿਤਾਬ ਲਾਂਚ ਅਤੇ ਫੋਟੋਗ੍ਰਾਫੀ ਪ੍ਰਦਰਸ਼ਨੀ ਲਈ ਦਿੱਲੀ ਤੋਂ ਪੈਰਿਸ ਜਾ ਰਹੇ ਸੀ।

ਉਦੋਂ ਵੀ ਉਨ੍ਹਾਂ ਨੇ ਕਿਹਾ ਸੀ ਕਿ ਉਨ੍ਹਾਂ ਕੋਲ ਫਰਾਂਸ ਦਾ ਵੀਜ਼ਾ ਹੈ ਪਰ ਇਸ ਦੇ ਬਾਵਜੂਦ ਅਧਿਕਾਰੀਆਂ ਨੇ ਉਨ੍ਹਾਂ ਨੂੰ ਵਿਦੇਸ਼ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਸੀ। ਸਨਾ ਨੇ ਉਸ ਸਮੇਂ ਟਵਿੱਟਰ 'ਤੇ ਲਿਖਿਆ ਸੀ, 'ਮੈਂ ਇੱਕ ਕਿਤਾਬ ਲਾਂਚ ਅਤੇ ਫੋਟੋ ਪ੍ਰਦਰਸ਼ਨੀ ਲਈ ਦਿੱਲੀ ਤੋਂ ਪੈਰਿਸ ਜਾ ਰਹੀ ਸੀ। ਸੇਰੇਂਡੀਪੀਟੀ ਆਰਲਸ ਗ੍ਰਾਂਟ 2020 ਦੇ 10 ਪੁਰਸਕਾਰ ਜੇਤੂਆਂ ਵਿੱਚੋਂ ਇੱਕ ਹੋਣ ਕਰਕੇ ਮੈਂ ਪੈਰਿਸ ਜਾਣਾ ਸੀ।'

ਉਨ੍ਹਾਂ ਅੱਗੇ ਦੱਸਿਆ, 'ਫਰਾਂਸ ਦਾ ਵੀਜ਼ਾ ਮਿਲਣ ਦੇ ਬਾਵਜੂਦ ਮੈਨੂੰ ਦਿੱਲੀ ਏਅਰਪੋਰਟ ਦੇ ਇਮੀਗ੍ਰੇਸ਼ਨ ਡੈਸਕ 'ਤੇ ਰੋਕਿਆ ਗਿਆ। ਮੈਨੂੰ ਇਸ ਲਈ ਕੋਈ ਕਾਰਨ ਨਹੀਂ ਦੱਸਿਆ ਗਿਆ, ਸਿਰਫ਼ ਇਹ ਕਿਹਾ ਗਿਆ ਕਿ ਤੁਸੀਂ ਅੰਤਰਰਾਸ਼ਟਰੀ ਯਾਤਰਾ ਨਹੀਂ ਕਰ ਸਕਦੇ।'

### ਜੰਮੂ-ਕਸ਼ਮੀਰ ਦੇ ਡੀਜੀਪੀ ਦਾ ਬਿਆਨ

ਜੰਮੂ-ਕਸ਼ਮੀਰ ਦੇ ਪੁਲਿਸ ਮਹਾਂਨਿਦੇਸ਼ਕ ਦਿਲਬਾਗ ਸਿੰਘ ਨੇ ਇਸ ਸਾਲ ਅਗਸਤ ਵਿੱਚ ਅੰਗਰੇਜ਼ੀ ਅਖ਼ਬਾਰ ਦਿ ਇੰਡੀਅਨ ਐਕਸਪ੍ਰੈਸ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਕਿਸੀ ਪੱਤਰਕਾਰ ਨੂੰ ਵਿਦੇਸ਼ ਜਾਣ ਤੋਂ ਰੋਕਣ ਦਾ ਫੈਸਲਾ ਇਹਤਿਆਤ ਵਜੋਂ ਲਿਆ ਗਿਆ ਹੈ ਤਾਂ ਜੋ ਉਹ ਬਾਹਰ ਜਾ ਕੇ ਜ਼ਹਿਰੀਲੇ ਵਿਚਾਰ ਨਾ ਫੈਲਾ ਸਕਣ। ਦਿਲਬਾਗ ਸਿੰਘ ਨੇ ਦਿ ਇੰਡੀਅਨ ਐਕਸਪ੍ਰੈਸ ਨੂੰ ਕਿਹਾ ਸੀ, 'ਕੁਝ ਪੱਤਰਕਾਰ ਅਜਿਹੇ ਹਨ ਜੋ ਵਿਦੇਸ਼ ਗਏ ਅਤੇ ਉੱਥੇ ਜਾ ਕੇ ਉਨ੍ਹਾਂ ਨੇ ਜ਼ਹਿਰੀਲੇ ਕਿਸਮ ਦੇ ਵਿਚਾਰ ਫੈਲਾਉਣੇ ਸ਼ੁਰੂ ਕਰ ਦਿੱਤੇ ਸਨ। ਉਹ ਮੀਡੀਆ ਵਾਲਿਆਂ ਵਿੱਚ ਜਾਣੇ-ਪਛਾਣੇ ਨਾਮ ਹਨ। ਉਨ੍ਹਾਂ ਵਿੱਚੋਂ ਕੁਝ ਲੋਕ ਇੱਥੇ ਵੀ ਹਨ। ਉਨ੍ਹਾਂ ਦੀ ਸਥਿਤੀ ਵਿੱਚ-ਵਿਚਾਲੇ ਹੈ। ਉਹ ਨਾ ਤਾਂ ਦੂਜੇ ਪਾਸੇ ਹਨ ਅਤੇ ਨਾ ਹੀ ਲੋਕਾਂ ਦੇ ਹੱਕ ਵਿੱਚ ਹਨ। ਇਸ ਲਈ ਅਸੀਂ ਸਾਵਧਾਨੀ ਵਜੋਂ ਅਜਿਹੇ ਲੋਕਾਂ 'ਤੇ ਨਜ਼ਰ ਰੱਖਦੇ ਹਾਂ।'ਉਨ੍ਹਾਂ ਅੱਗੇ ਕਿਹਾ, 'ਉਨ੍ਹਾਂ ਨੂੰ ਨਿਗਰਾਨੀ ਸੂਚੀ ਵਿੱਚ ਰੱਖਣ ਦਾ ਮਤਲਬ ਹੈ ਕਿ ਉਨ੍ਹਾਂ ਨੂੰ ਵਿਦੇਸ਼ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ।'

## ਜੰਮੂ ਅਤੇ ਕਸ਼ਮੀਰ ਵਿੱਚ ਪੱਤਰਕਾਰਾਂ ਦੀ ਸਥਿਤੀ

ਅਗਸਤ 2019 ਵਿਚ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਜਦੋਂ ਤੋਂ ਖ਼ਤਮ ਕੀਤਾ ਗਿਆ ਹੈ, ਉਦੋਂ ਤੋਂ ਉੱਥੇ ਕੰਮ ਕਰਨ ਵਾਲੇ ਪੱਤਰਕਾਰਾਂ 'ਤੇ ਦਬਾਅ ਵਧ ਗਿਆ ਹੈ।ਤਿੰਨ ਕਸ਼ਮੀਰੀ ਪੱਤਰਕਾਰ ਇਸ ਸਮੇਂ ਜੰਮੂ-ਕਸ਼ਮੀਰ ਦੀ ਜੇਲ੍ਹ ਵਿੱਚ ਬੰਦ ਹਨ। ਉਨ੍ਹਾਂ ਨੂੰ ਪਬਲਿਕ ਸੇਫ਼ਟੀ ਐਕਟ ਵਰਗੇ ਸਖ਼ਤ ਕਾਨੂੰਨਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ। ਜੰਮੂ-ਕਸ਼ਮੀਰ ਪੁਲਿਸ ਦੇ ਸੂਤਰਾਂ ਨੇ ਦੱਸਿਆ ਕਿ ਇਨ੍ਹਾਂ ਪੱਤਰਕਾਰਾਂ ਖ਼ਿਲਾਫ਼ ਲੁੱਕਆਊਟ ਸਰਕੂਲਰ ਜਾਰੀ ਕੀਤਾ ਗਿਆ ਹੈ। ਇਸ ਦਾ ਮਤਲਬ ਹੈ ਕਿ ਉਨ੍ਹਾਂ ਦੇ ਨਾਂ ਵੀ ਨੋ ਫਲਾਈ ਲਿਸਟ ਵਿਚ ਸ਼ਾਮਲ ਹਨ।

ਘੱਟੋ-ਘੱਟ ਚਾਰ ਕਸ਼ਮੀਰੀ ਪੱਤਰਕਾਰਾਂ ਨੂੰ 2019 ਤੋਂ ਬਾਅਦ ਵਿਦੇਸ਼ ਜਾਣ ਤੋਂ ਰੋਕਿਆ ਗਿਆ ਹੈ। 25 ਸਾਲਾ ਫ੍ਰੀਲਾਂਸ ਪੱਤਰਕਾਰ ਆਕਾਸ਼ ਹਸਨ ਨੂੰ ਇਸ ਸਾਲ ਜੁਲਾਈ ਵਿਚ ਸ੍ਰੀਲੰਕਾ ਜਾਣ ਤੋਂ ਰੋਕ ਦਿੱਤਾ ਗਿਆ ਸੀ। ਆਕਾਸ਼ ਨੇ ਦੱਸਿਆ ਕਿ ਉਹ ਸ਼੍ਰੀਲੰਕਾ ਦੇ ਆਰਥਿਕ ਸੰਕਟ ਬਾਰੇ ਰਿਪੋਰਟ ਕਰਨ ਲਈ ਕੋਲੰਬੋ ਜਾ ਰਹੇ ਸੀ। ਆਕਾਸ਼ ਨੇ ਉਸ ਵੇਲੇ ਟਵਿੱਟਰ 'ਤੇ ਲਿਖਿਆ ਸੀ, 'ਬਿਨਾਂ ਚਾਹ-ਪਾਣੀ ਦੇ ਪੰਜ ਘੰਟੇ ਇੰਤਜ਼ਾਰ ਕਰਨ ਤੋਂ ਬਾਅਦ, ਮੈਨੂੰ ਮੇਰਾ ਪਾਸਪੋਰਟ ਅਤੇ ਬੋਰਡਿੰਗ ਪਾਸ ਵਾਪਸ ਕਰ ਦਿੱਤਾ ਗਿਆ ਜਿਸ 'ਤੇ ਲਾਲ ਰੰਗ ਦੀ ਰਿਜੈਕਸ਼ਨ ਸਟੈਂਪ ਲੱਗੀ ਸੀ।'

ਆਕਾਸ਼ ਨੇ ਦੱਸਿਆ, 'ਘੰਟਿਆਂ ਤੱਕ ਇੰਤਜ਼ਾਰ ਕਰਾਉਣ ਤੋਂ ਬਾਅਦ, ਮੈਨੂੰ ਦੱਸਿਆ ਗਿਆ ਕਿ ਮੈਨੂੰ ਯਾਤਰਾ ਕਰਨ ਦੀ ਇਜਾਜ਼ਤ ਨਹੀਂ ਹੈ। ਏਅਰਲਾਈਨ ਕੰਪਨੀ ਦੇ ਸਟਾਫ਼ ਨੇ ਮੈਨੂੰ ਦੱਸਿਆ ਸੀ ਕਿ ਮੇਰੇ ਖਿਲਾਫ਼ ਲੁੱਕਆਊਟ ਨੋਟਿਸ ਜਾਰੀ ਕੀਤਾ ਗਿਆ ਹੈ। ਜਦੋਂ ਮੈਂ ਕਸ਼ਮੀਰ ਪਰਤਿਆ ਤਾਂ ਮੈਂ ਇਸ ਦਾ ਕਾਰਨ ਜਾਣਨ ਲਈ ਅਧਿਕਾਰੀਆਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ। ਮੇਰੇ ਖਿਲਾਫ਼ ਕੋਈ ਵੀ ਜਾਂਚ ਪੈਂਡਿੰਗ ਨਹੀਂ ਸੀ। ਪਰ ਮੈਨੂੰ ਜਾਣ ਨਾ ਦੇਣ ਦੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਸੀ। 'ਵਾਸ਼ਿੰਗਟਨ ਪੋਸਟ' ਲਈ ਲਿਖਣ ਵਾਲੀ ਪੱਤਰਕਾਰ ਰਾਣਾ ਅਯੂਬ ਨੂੰ ਮੁੰਬਈ ਹਵਾਈ ਅੱਡੇ 'ਤੇ ਵਿਦੇਸ਼ ਜਾਣ ਤੋਂ ਰੋਕ ਦਿੱਤਾ ਗਿਆ ਸੀ।ਉਸ ਸਮੇਂ ਉਹ ਬ੍ਰਿਟੇਨ ਜਾਣ ਵਾਲੀ ਸੀ। ਉਸ ਨੇ 'ਇੰਟਰਨੈਸ਼ਨਲ ਸੈਂਟਰ ਫਾਰ ਜਰਨਲਿਸਟਸ' ਦੇ ਇੱਕ ਸਮਾਗਮ ਵਿੱਚ ਭਾਸ਼ਣ ਦੇਣਾ ਸੀ।

ਰਾਣਾ ਅਯੂਬ ਨੂੰ ਕੁਝ ਦਿਨਾਂ ਬਾਅਦ ਵਿਦੇਸ਼ ਜਾਣ ਦੀ ਇਜਾਜ਼ਤ ਮਿਲ ਗਈ ਸੀ ਪਰ ਇਸ ਦੇ ਲਈ ਉਨ੍ਹਾਂ ਨੂੰ ਦਿੱਲੀ ਹਾਈ ਕੋਰਟ ਤੱਕ ਪਹੁੰਚ ਕਰਨੀ ਪਈ ਸੀ। ਅਦਾਲਤੀ ਲੜਾਈ ਜਿੱਤਣ ਤੋਂ ਬਾਅਦ ਹੀ ਉਨ੍ਹਾਂ ਨੂੰ ਇਸ ਯਾਤਰਾ ਲਈ ਮਨਜ਼ੂਰੀ ਮਿਲੀ।

ਅਪ੍ਰੈਲ ਵਿੱਚ, ਐਮਨੇਸਟੀ ਇੰਡੀਆ ਦੇ ਸਾਬਕਾ ਮੁਖੀ ਆਕਾਰ ਪਟੇਲ ਨੂੰ ਦੋ ਵਾਰ ਬੈਂਗਲੁਰੂ ਹਵਾਈ ਅੱਡੇ 'ਤੇ ਅਮਰੀਕਾ ਜਾਣ ਤੋਂ ਰੋਕਿਆ ਗਿਆ ਸੀ। ਇਸ ਦਾ ਕਾਰਨ ਇਹ ਦੱਸਿਆ ਗਿਆ ਸੀ ਕਿ ਆਕਾਰ ਪਟੇਲ ਦੇ ਕਾਰਜਕਾਲ ਦੌਰਾਨ ਐਮਨੈਸਟੀ ਇੰਡੀਆ 'ਤੇ ਵਿਦੇਸ਼ੀ ਮੁਦਰਾ ਕਾਨੂੰਨ ਦੀਆਂ ਵਿਵਸਥਾਵਾਂ ਦੀ ਉਲੰਘਣਾ ਕਰਨ ਦਾ ਇਲਜ਼ਾਮ ਲਗਾਇਆ ਗਿਆ ਸੀ। ਸੁਰੱਖਿਆ ਏਜੰਸੀਆਂ ਨੇ ਆਕਾਰ ਪਟੇਲ ਨੂੰ 'ਫ਼ਲਾਈਟ ਰਿਸਕ' ਕਰਾਰ ਦਿੱਤਾ ਸੀ। ਬਾਅਦ ਵਿੱਚ ਇੱਕ ਅਦਾਲਤ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਬਿਨਾਂ ਇਜਾਜ਼ਤ ਦੇਸ਼ ਛੱਡ ਕੇ ਨਹੀਂ ਜਾ ਸਕਦੇ।

ਅਗਸਤ ਵਿੱਚ ਐਮੀ ਅਵਾਰਡ ਲਈ ਨਾਮਜ਼ਦ ਹੋ ਚੁੱਕੇ ਭਾਰਤੀ ਮੂਲ ਦੇ ਅਮਰੀਕੀ ਪੱਤਰਕਾਰ ਅੰਗਦ ਸਿੰਘ ਨੂੰ ਕਥਿਤ ਤੌਰ 'ਤੇ ਦਿੱਲੀ ਪਹੁੰਚਦੇ ਹੀ ਨਿਊਯਾਰਕ ਲਈ ਡਿਪੋਰਟ ਕਰ ਦਿੱਤਾ ਗਿਆ ਸੀ।

ਹਾਲਾਂਕਿ ਭਾਰਤ ਸਰਕਾਰ ਨੇ ਇਸ ਮਾਮਲੇ ਵਿਚ ਅਧਿਕਾਰਤ ਤੌਰ 'ਤੇ ਕੁਝ ਨਹੀਂ ਕਿਹਾ ਪਰ ਅੰਗਦ ਸਿੰਘ ਦੇ ਪਰਿਵਾਰ ਨੇ ਦਾਅਵਾ ਕੀਤਾ ਕਿ ਡਿਪੋਰਟ ਕੀਤੇ ਜਾਣ ਤੋਂ ਪਹਿਲਾਂ ਉਨ੍ਹਾਂ ਦਾ ਪਾਸਪੋਰਟ ਜ਼ਬਤ ਕਰ ਲਿਆ ਗਿਆ ਸੀ।ਅੰਗਦ ਸਿੰਘ ਦੀ ਮਾਂ ਨੇ ਇਲਜ਼ਾਮ ਲਾਇਆ ਕਿ ਇੱਕ ਡਾਕੂਮੈਂਟਰੀ ਕਾਰਨ ਉਨ੍ਹਾਂ ਨਾਲ ਇਹ ਸਲੂਕ ਕੀਤਾ ਗਿਆ ਸੀ। ਅੰਗਦ ਸਿੰਘ ਨੇ ਵਾਈਸ ਨਿਊਜ਼ ਲਈ ਭਾਰਤ ਦੇ ਕੋਰੋਨਾ ਸੰਕਟ ਅਤੇ ਕਿਸਾਨਾਂ 'ਤੇ ਇਹ ਡਾਕੂਮੈਂਟਰੀ ਬਣਾਈ ਸੀ।

ਇਸ ਸਾਲ ਦੇ ਸ਼ੁਰੂ ਵਿੱਚ, ਕੇਂਦਰ ਸਰਕਾਰ ਨੇ ਪ੍ਰੋਫੈਸਰ ਫ਼ਿਲਿਪੋ ਓਸੇਲਾ ਨੂੰ ਡਿਪੋਰਟ ਕਰ ਦਿੱਤਾ ਸੀ। ਉਹ ਯੂਨੀਵਰਸਿਟੀ ਆਫ਼ ਸਸੇਕਸ ਵਿੱਚ ਮਾਨਵ ਵਿਗਿਆਨੀ ਹਨ ਅਤੇ ਪਿਛਲੇ 30 ਸਾਲਾਂ ਤੋਂ ਭਾਰਤ ਆਉਂਦੇ ਰਹੇ ਹਨ। ਪ੍ਰੋਫੈਸਰ ਫ਼ਿਲਿਪੋ ਨੇ ਇਸ ਫੈਸਲੇ ਨੂੰ ਪੱਖਪਾਤੀ ਅਤੇ ਗੈਰ-ਸੰਵਿਧਾਨਕ ਦੱਸਦੇ ਹੋਏ ਦਿੱਲੀ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਉਨ੍ਹਾਂ ਨੇ ਦਾਅਵਾ ਕੀਤਾ ਸੀ ਕਿ ਸਰਕਾਰੀ ਅਧਿਕਾਰੀਆਂ ਨੇ ਉਨ੍ਹਾਂ ਨਾਲ ਅਪਰਾਧੀਆਂ ਵਾਂਗ ਵਿਵਹਾਰ ਕੀਤਾ ਅਤੇ ਡਿਪੋਰਟ ਕੀਤੇ ਜਾਣ ਦਾ ਕੋਈ ਕਾਰਨ ਨਹੀਂ ਦੱਸਿਆ।

ਪਿਛਲੇ ਹਫ਼ਤੇ ਉਨ੍ਹਾਂ ਦੇ ਕੇਸ ਦੀ ਸੁਣਵਾਈ ਦੌਰਾਨ ਕੇਂਦਰ ਸਰਕਾਰ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਦੇ ਖ਼ਿਲਾਫ਼ ਪੁਖ਼ਤਾ ਸਬੂਤ ਹਨ ਅਤੇ ਇਸ ਆਧਾਰ 'ਤੇ ਹੀ ਉਨ੍ਹਾਂ ਨੂੰ ਬਲੈਕਲਿਸਟ ਕੀਤਾ ਗਿਆ ਹੈ।ਜਿਨ੍ਹਾਂ ਕਸ਼ਮੀਰੀ ਪੱਤਰਕਾਰਾਂ ਨੂੰ ਵਿਦੇਸ਼ ਜਾਣ ਤੋਂ ਰੋਕਿਆ ਗਿਆ ਸੀ, ਉਨ੍ਹਾਂ ਵਿੱਚੋਂ ਕਿਸੇ ਨੇ ਵੀ ਇਸ ਨੂੰ ਅਦਾਲਤ ਵਿੱਚ ਚੁਣੌਤੀ ਨਹੀਂ ਦਿੱਤੀ। ਉਨ੍ਹਾਂ ਨੂੰ ਡਰ ਹੈ ਕਿ ਜੇਕਰ ਉਹ ਅਜਿਹਾ ਕਰਦੇ ਹਨ ਤਾਂ ਉਨ੍ਹਾਂ ਨੂੰ ਸਰਕਾਰ ਦੀ ਨਾਰਾਜ਼ਗੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਆਕਾਸ਼ ਹਸਨ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਅਦਾਲਤਾਂ ਤੋਂ ਕੋਈ ਉਮੀਦ ਨਹੀਂ ਹੈ।ਆਕਾਸ਼ ਹਸਨ ਕਹਿੰਦੇ ਹਨ, 'ਅਸੀਂ ਅਤੀਤ ਵਿੱਚ ਦੇਖਿਆ ਹੈ ਕਿ ਅਦਾਲਤਾਂ ਨੇ ਕਸ਼ਮੀਰੀ ਪੱਤਰਕਾਰਾਂ ਨੂੰ ਨਿਆਂ ਦੇਣ ਵਿੱਚ ਨਿਰਾਸ਼ ਕੀਤਾ ਹੈ। ਅਜਿਹੇ ਸਮੇਂ ਵਿੱਚ ਜਦੋਂ ਤਿੰਨ ਪੱਤਰਕਾਰ ਜੇਲ੍ਹ ਵਿੱਚ ਹਨ ਅਤੇ ਉਨ੍ਹਾਂ ਨੂੰ ਅਦਾਲਤ ਤੋਂ ਜ਼ਮਾਨਤ ਨਹੀਂ ਮਿਲ ਰਹੀ ਹੈ। ਉਨ੍ਹਾਂ ਨੂੰ ਪਬਲਿਕ ਸੇਫ਼ਟੀ ਵਰਗੇ ਸਖ਼ਤ ਕਾਨੂੰਨਾਂ ਤਹਿਤ ਸਲਾਖਾਂ ਪਿੱਛੇ ਰੱਖਿਆ ਗਿਆ ਹੈ, ਮੈਨੂੰ ਇਨ੍ਹਾਂ ਹਾਲਾਤਾਂ ਵਿੱਚ ਅਦਾਲਤਾਂ ਤੋਂ ਕੋਈ ਉਮੀਦ ਨਜ਼ਰ ਨਹੀਂ ਆਉਂਦੀ।'

## ਹਨੀਪ੍ਰੀਤ ਡੇਰਾ ਸੱਚਾ ਸੌਦਾ ਦੀ ਨਵੀਂ ਮੁਖੀ ਨਹੀਂ ਹੋਵੇਗੀ

### ਸੌਦਾ ਸਾਧ ਨੇ ਸਾਫ਼ ਕੀਤਾ ਰੁਖ਼, ਕਿਹਾ- ਡੇਰਾ ਮੁਖੀ ਮੈਂ ਹੀ ਰਹਾਂਗਾ, ਹਨੀਪ੍ਰੀਤ ਮੇਰੀ ਰੂਹਾਨੀ ਧੀ

ਹਿਸਾਰ/ਸਿਰਸਾ/ਏ.ਟੀ.ਨਿਊਜ਼ :- 40 ਦਿਨਾਂ ਦੀ ਪੈਰੋਲ 'ਤੇ ਆਇਆ ਡੇਰਾ ਮੁਖੀ ਗੁਰਮੀਤ ਸਿੰਘ ਬਰਨਾਵਾ ਸਥਿਤ ਆਸ਼ਰਮ ਤੋਂ ਆਨਲਾਈਨ ਸਤਿਸੰਗ ਕਰ ਰਿਹਾ ਸੀ। ਡੇਰਾ ਮੁਖੀ ਨੇ ਕਿਹਾ ਕਿ ਗੁਰੂ ਮੈਂ ਹੀ ਰਹਾਂਗਾ, ਹਨੀਪ੍ਰੀਤ ਮੇਰੀ ਧਰਮ ਦੀ ਬੇਟੀ ਮੁੱਖ ਸ਼ਿਸ਼ ਹੈ। ਡੇਰਾ ਮੁਖੀ ਨੇ ਇਸ ਦੌਰਾਨ ਕਿਹਾ ਕਿ ਉਨ੍ਹਾਂ ਕਈ ਚਿੱਠੀਆਂ ਵਿਚ ਲਿਖਿਆ ਹੈ ਕਿ ਗੁਰੂ ਅਸੀਂ ਸੀ, ਅਸੀਂ ਹਾਂ ਤੇ ਰਹਾਂਗੇ। ਇਹ ਸੌ ਫ਼ੀਸਦ, ਲੱਖ ਫ਼ੀਸਦ ਸਹੀ ਹੈ।



## ਐਮਪੀ ਮਾਨ ਨੇ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਚੁੱਕਿਆ

### ਪ੍ਰਧਾਨ ਮੰਤਰੀ ਨੂੰ ਲਿਖੀ ਚਿੱਠੀ

ਚੰਡੀਗੜ੍ਹ/ਏ.ਟੀ.ਨਿਊਜ਼ :- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸੰਗਰੂਰ ਤੋਂ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖੀ ਹੈ। ਸੰਸਦ ਮੈਂਬਰ ਮਾਨ ਨੇ ਇਕ ਵਾਰ ਫਿਰ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਚੁੱਕਿਆ ਹੈ। ਉਨ੍ਹਾਂ ਪ੍ਰਧਾਨ ਮੰਤਰੀ ਮੋਦੀ ਨੂੰ ਅਪੀਲ ਕੀਤੀ ਕਿ ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕੀਤਾ ਜਾਵੇ। ਮਾਨ ਨੇ ਕਿਹਾ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਨਾ ਕਰ ਕੇ ਸਰਕਾਰ ਹੁਕਮਰਾਨਾਂ ਤੇ ਸਿੱਖ ਕੌਮ ਵਿਚਕਾਰ ਇਕ ਨਫ਼ਰਤ ਤੇ ਗੁੱਸੇ ਵਾਲਾ ਮਾਹੌਲ ਸਿਰਜ ਰਹੀ ਹੈ। ਮਾਨ ਨੇ ਕਿਹਾ ਕਿ ਜੇਕਰ ਭਾਰਤ ਸਰਕਾਰ ਭਾਰਤ ਨੂੰ ਕੰਨਿਆਕੁਮਾਰੀ ਤੱਕ ਇਕ ਮੁਲਕ ਕਹਿੰਦੀ ਹੈ ਤਾਂ ਇਸ ਮੁਲਕ ਦਾ ਕੋਈ ਵੀ ਵਿਅਕਤੀ ਆਪਣੀ ਮਰਜ਼ੀ ਨਾਲ ਕਿਤੇ ਵੀ ਜਾ ਸਕਦਾ ਹੈ ਪਰ ਬੀਤੀ 17 ਅਕਤੂਬਰ ਨੂੰ ਉਨ੍ਹਾਂ ਦੀ ਅਗਵਾਈ ਵਿਚ ਜੰਮੂ-ਕਸ਼ਮੀਰ ਜਾ ਰਹੇ ਜੱਥੇ ਨੂੰ ਰੋਕ ਦਿੱਤਾ ਗਿਆ। ਇਸ ਕਾਰਨ ਸਿੱਖ ਕੌਮ, ਪੰਜਾਬੀਆਂ, ਕਸ਼ਮੀਰੀਆਂ ਤੇ ਘੱਟਗਿਣਤੀ ਵਰਗ ਵਿਚ ਰੋਸ ਦੀ ਲਹਿਰ ਹੈ ਤੇ ਸਾਡੇ ਸੰਵਿਧਾਨਿਕ ਹੱਕਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ।ਇਸ ਮੌਕੇ ਅੱਗੇ ਬੋਲਦਿਆਂ ਮਾਨ ਨੇ ਕਿਹਾ ਕਿ ਉਹ ਸਰਕਾਰ ਤੋਂ ਮੰਗ ਕਰਦੇ ਹਨ ਕਿ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਨਾ ਪਹੁੰਚਾਈ ਜਾਵੇ।



# ਅਖੌਤੀ ਪਾਸਟਰਾਂ ਵਲੋਂ ਪਾਖੰਡਵਾਦ ਫੈਲਾ ਕੇ ਸਿੱਖਾਂ ਨੂੰ ਕਰਵਾਇਆ ਜਾ ਰਿਹਾ ਧਰਮ ਪਰਿਵਰਤਨ

- ਜਥੇਦਾਰ ਅਕਾਲ ਤਖਤ ਦੇ ਜਥੇਦਾਰ ਨੇ ਪੰਥ ਨੂੰ ਦਿੱਤਾ ਬੰਦੀ ਛੋੜ ਦਿਵਸ ਉਪਰ ਹੋਕਾ
- ਦਰਬਾਰ ਸਾਹਿਬ ਵਿਖੇ ਬੰਦੀ ਛੋੜ ਦਿਵਸ ਸ਼ਰਧਾ ਨਾਲ ਮਨਾਇਆ, ਸੰਗਤਾਂ ਵਹੀਰਾਂ ਘੱਤਕੇ ਪਹੁੰਚੀਆਂ
- ਪੰਥਕ ਜਥੇਬੰਦੀਆਂ ਤੇ ਆਗੂ ਆਪਣੀ ਹਉਮੈ ਦੀ ਬੰਦੀ ਤੋਂ ਆਜ਼ਾਦ ਹੋਣ ਵਾਸਤੇ ਸਿਧਾਂਤਾਂ ਦਾ ਪੱਲਾ ਫੜਨ : ਭਾਈ ਮੰਡ

ਅੰਮ੍ਰਿਤਸਰ/ਏ.ਟੀ.ਨਿਊਜ਼ :- ਬੰਦੀ ਛੋੜ ਦਿਵਸ ਦੇਸ਼ ਵਿਦੇਸ਼ ਤੋਂ ਪੁੱਜੀਆਂ ਸੰਗਤਾਂ ਵਲੋਂ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਥਾਹ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ। ਲੱਖਾਂ ਸ਼ਰਧਾਲੂਆਂ ਵਲੋਂ ਪਾਵਨ ਸਰੋਵਰ ਵਿਚ ਇਸ਼ਨਾਨ ਕੀਤਾ ਗਿਆ। ਇਸ ਉਪ੍ਰੰਤ ਆਤਿਸ਼ਬਾਜੀ ਵੀ ਛਡੀ ਗਈ। ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਹੋਏ ਗੁਰਮਤਿ ਸਮਾਗਮਾਂ ਦੌਰਾਨ ਪੰਥ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰੀ ਜਥਿਆਂ, ਪ੍ਰਚਾਰਕਾਂ ਨੇ ਗੁਰਬਾਣੀ ਕੀਰਤਨ, ਸਿੱਖ ਇਤਿਹਾਸ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।



ਇਸੇ ਦੌਰਾਨ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓੜੀ ਤੋਂ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ ਗਿਆ ਕਿ ਸਿੱਖ ਨੌਜਵਾਨਾਂ ਵਿਚ ਵਧ ਰਿਹਾ ਪਤਿਤਪੁਣਾ, ਨਸ਼ੇ, ਭਾਰਤ ਅੰਦਰ ਘੱਟ ਰਹੀ ਸਿੱਖ ਅਬਾਦੀ ਅਤੇ ਸਿੱਖ ਨੌਜਵਾਨਾਂ ਵਿਚ ਪ੍ਰਵਾਸ ਦਾ ਰੁਝਾਨ ਭਵਿੱਖ ਲਈ ਸੰਕਟ ਦਾ ਸੰਕੇਤ ਹੈ, ਜਿਸ ਤੋਂ ਸੰਭਲਣ ਲਈ ਕੌਮ ਨੂੰ ਸੁਚੇਤ ਹੋਣਾ ਪਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ ’ਤੇ ਅਖੌਤੀ ਨਕਲੀ ਪਾਸਟਰਾਂ ਵਲੋਂ ਇਸਾਈਅਤ ਦੀ ਆੜ ਵਿਚ ਪਾਖੰਡਵਾਦ ਫੈਲਾ ਕੇ ਭੋਲੇ ਭਾਲੇ ਸਿੱਖਾਂ ਦਾ ਸਰੀਰਿਕ, ਆਰਥਿਕ ਅਤੇ ਮਾਨਸਿਕ ਸ਼ੋਸ਼ਣ ਕਰਕੇ ਧਰਮ ਪਰਿਵਰਤਨ ਕਰਵਾਇਆ ਜਾ ਰਿਹਾ ਹੈ ਅਤੇ ਇਸ ਮਸਲੇ ’ਤੇ ਸਰਕਾਰਾਂ ਦੀ ਖਾਮੋਸ਼ੀ ਚਿੰਤਾ ਦਾ ਵਿਸ਼ਾ ਹੈ। ਇਸ ਦੇ ਨਾਲ ਹੀ ਉਨ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਲਈ ਰਲ ਕੇ ਹੰਭਲਾ ਮਾਰਨ ਦੀ ਲੋੜ ’ਤੇ ਜ਼ੋਰ ਦਿੰਦਿਆਂ ਕਿਹਾ ਕਿ ਖਾਸ ਤੌਰ ’ਤੇ ਪਰਵਾਸੀ ਸਿੱਖ ਭਾਰਤ ਸਰਕਾਰ ਦੇ ਬੰਦ ਕੰਨਾਂ ਨੂੰ ਖੋਲ੍ਹਣ ਲਈ ਰੋਸ ਪ੍ਰਦਰਸ਼ਨਾਂ ਤੋਂ ਇਲਾਵਾ ਆਪਣੀਆਂ ਸਰਕਾਰਾਂ ਰਾਹੀਂ ਬੰਦੀ ਸਿੰਘਾਂ ਨੂੰ ਰਿਹਾਅ ਕਰਵਾਉਣ ਲਈ ਯਤਨ ਕਰਨ। ਉਨ੍ਹਾਂ ਕਿਹਾ ਕਿ ਪੰਥਕ ਏਕਤਾ ਦੇ ਪੱਖ ਤੋਂ ਕੇਵਲ ਰਾਜਸੀ ਏਕਤਾ ਹੀ ਮਹੱਤਵਪੂਰਨ ਨਹੀਂ ਹੈ, ਸਗੋਂ ਪੰਥ ਦੀਆਂ ਸਭ ਧਿਰਾਂ ਨੂੰ ਘੱਟੋ-ਘੱਟ ਇਕ ਪ੍ਰੋਗਰਾਮ ਮਿਥ ਕੇ ਸਿੱਖ ਕੌਮ ਨੂੰ ਅੱਗੇ ਲਿਜਾਣ ਲਈ ਉਸਾਰੂ ਕਾਰਜ ਅਰੰਭਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਰਾਹੀਂ ਇਕ ਦੂਜੇ ’ਤੇ ਦੂਸ਼ਣਬਾਜ਼ੀ ਨਾ ਕੀਤੀ ਜਾਵੇ, ਤਾਂ ਹੀ ਭਲੇ ਦਾ ਕੰਮ ਸੰਭਵ ਹੋ ਸਕਦਾ ਹੈ।ਨਸ਼ਿਆਂ ਦੇ ਮਾਰੂ ਹਮਲਿਆਂ ਨੂੰ ਰੋਕਣ ਵਿਚ ਸਰਕਾਰਾਂ ਦੀ ਅਸਫਲਤਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਦੇ ਹੱਲ ਲਈ ਪਿੰਡ-ਪਿੰਡ ਕਮੇਟੀਆਂ ਤੇ ਜਥੇ ਬਣਾਉਣ ਦੀ ਲੋੜ ਹੈ। ਦੂਜੇ ਪਾਸੇ ਮੁਤਵਾਜ਼ੀ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਵਲੋਂ ਵੀ ਘੰਟਾ ਘਰ ਪਲਾਜ਼ਾ ਵਿਖੇ ਕੌਮ ਦੇ ਨਾਂ ਵੱਖਰਾ ਸੰਦੇਸ਼ ਜਾਰੀ ਕੀਤਾ ਗਿਆ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਵੀ ਸੰਗਤਾਂ ਨੂੰ ਬੰਦੀ ਛੋੜ ਦਿਵਸ ਦੀ ਵਧਾਈ ਦਿੰਦਿਆਂ ਇਸ ਦਿਹਾੜੇ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਅਤੇ ਸਿੱਖ ਪ੍ਰੰਪਰਾਵਾਂ ਅਤੇ ਰਵਾਇਤਾਂ ਦੀ ਰੋਸ਼ਨੀ ਵਿਚ ਪੰਥ ਦੀ ਚੜ੍ਹਦੀ ਕਲਾ ਲਈ ਯੋਗਦਾਨ ਪਾਉਣ ਦੀ ਪ੍ਰੇਰਨਾ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਲਬੀਰ ਸਿੰਘ 96 ਕਰੋੜੀ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

ਇਸ ਉਪ੍ਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਜੇ ਗੁਰਮਤਿ ਸਮਾਗਮ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਵਲੋਂ ਨਿਹੰਗ ਸਿੰਘ ਜਥੇਬੰਦੀਆਂ ਅਤੇ ਸੰਪਰਦਾਵਾਂ ਦੇ ਮੁਖੀਆਂ ਅਤੇ ਹੋਰ ਨੁਮਾਇੰਦਿਆਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਸਿਰੋਪਾਉ ਤੇ ਦੁਸ਼ਾਲੇ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਨ੍ਹਾਂ ਨਿਹੰਗ ਸਿੰਘ ਮੁਖੀਆਂ ਵਿਚ ਬੁੱਢਾ ਦਲ ਦੇ ਮੁਖੀ ਜਥੇਦਾਰ ਬਲਬੀਰ ਸਿੰਘ 96 ਕਰੋੜੀ, ਬਾਬਾ ਅਵਤਾਰ ਸਿੰਘ ਦਲ ਬਾਬਾ ਬਿਧੀ ਚੰਦ ਸੁਰ ਸਿੰਘ, ਬਾਬਾ ਨਿਹਾਲ ਸਿੰਘ ਮੁਖੀ ਤਰਨਾ ਦਲ ਹਰੀਆਂ ਵੇਲਾਂ ਵਲੋਂ ਬਾਬਾ ਨੋਰੰਗ ਸਿੰਘ, ਬਾਬਾ ਗੱਜਣ ਸਿੰਘ ਮੁਖੀ ਤਰਨਾ ਦਲ ਬਾਬਾ ਬਕਾਲਾ ਸਾਹਿਬ ਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਸ਼ਾਮਿਲ ਸਨ। ਇਸ ਮੌਕੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਵਲੋਂ ਮੁੱਖ ਬੁਲਾਰੇ ਗਿਆਨੀ ਸੁਖਦੇਵ ਸਿੰਘ, ਬਾਬਾ ਮਨਮੋਹਨ ਸਿੰਘ ਬਾਰਨ ਵਾਲੇ, ਬਾਬਾ ਨੌਰੰਗ ਸਿੰਘ ਆਦਿ ਵੀ ਹਾਜ਼ਰ ਸਨ।

### ਭਾਈ ਮੰਡ ਵਲੋਂ ਜਾਰੀ ਕੀਤਾ ਗਿਆ ਸੰਦੇਸ਼

ਸਰਬੱਤ ਖ਼ਾਲਸਾ ਵਲੋਂ ਥਾਪੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਮੁਤਵਾਜ਼ੀ ਜਥੇਦਾਰ ਤੇ ਸਾਬਕਾ ਮੈਂਬਰ ਪਾਰਲੀਮੈਂਟ ਭਾਈ ਧਿਆਨ ਸਿੰਘ ਮੰਡ ਵਲੋਂ ਬੰਦੀ ਛੋੜ ਦਿਵਸ ਮੌਕੇ ਸਿੱਖ ਕੌਮ ਦੇ ਨਾਂ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਘੰਟਾ ਘਰ ਪਲਾਜ਼ਾ ਵਿਖੇ ਸੰਦੇਸ਼ ਜਾਰੀ ਕੀਤਾ ਗਿਆ। ਆਪਣੇ ਸੰਦੇਸ਼ ਵਿਚ ਉਨ੍ਹਾਂ ਕਿਹਾ ਕਿ ਅਸੀਂ ਬੰਦੀ ਛੋੜ ਦਿਵਸ ਵਰਗੇ ਮਹਾਨ ਦਿਹਾੜਿਆਂ ਦੀ ਯਾਦ ਮਨਾਉਣ ਤੱਕ ਹੀ ਸੀਮਿਤ ਹੋ ਗਏ ਹਾਂ। ਇਨ੍ਹਾਂ ਮਹਾਨ ਦਿਨਾਂ ਦੇ ਮਕਸਦ ਅਤੇ ਮਹਾਨਤਾ ਵਲੋਂ ਅਵੇਸਲੇ ਹੋ ਚੁੱਕੇ ਹਾਂ ਅੱਜ ਸਾਰਾ ਸਿੱਖ ਜਗਤ ਬਿਪਰਵਾਦੀ ਜਹਾਂਗੀਰ ਦੀ ਕੈਦ ਵਿਚ ਹੈ। ਕੌਮ ਧੜਿਆਂ ਵਿਚ ਵੰਡੀ ਹੋਈ ਹੈ। ਥਾਂ-ਥਾਂ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਸਰਬੱਤ ਖਾਲਸਾ ਵਲੋਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੀ ਨਜ਼ਰਬੰਦੀ ਕਾਰਨ ਕਾਰਜਕਾਰੀ ਜਥੇਦਾਰ ਦੀ ਸੇਵਾ ਨਿਭਾਉਂਦਿਆਂ, ਅੱਜ ਦੇ ਪਵਿੱਤਰ ਦਿਹਾੜੇ ’ਤੇ ਖਾਲਸਾ ਪੰਥ ਨੂੰ ਸੁਚੇਤ ਕਰਦਿਆਂ ਅਪੀਲ ਕਰਦੇ ਹਾਂ ਕਿ ਵੱਖ-ਵੱਖ ਖੇਤਰਾਂ ਵਿਚ ਵਿਚਰ ਰਹੀਆਂ ਪੰਥਕ ਜਥੇਬੰਦੀਆਂ ਅਤੇ ਆਗੂ ਆਪਣੀ ਹਾਉਮੈ ਦੀ ਬੰਦੀ ਤੋਂ ਆਜ਼ਾਦ ਹੋਣ ਵਾਸਤੇ ਸਿਧਾਂਤਾਂ ਦਾ ਪੱਲਾ ਫੜਨ।

## ਬੰਦੀ ਛੋੜ ਦਿਵਸ ਨੂੰ ਸਮਰਪਿਤ ਗੁਰੂ ਨਗਰੀ ’ਚ ਮਹੱਲਾ ਸਜਾਇਆ



ਅੰਮ੍ਰਿਤਸਰ : ਸਮੂਹ ਨਿਹੰਗ ਸਿੰਘ ਦਲ ਪੰਥਾਂ ਵਲੋਂ ਛੇਵੇਂ ਪਾਤਸ਼ਾਹ ਦੇ ਬੰਦੀ ਛੋੜ ਦਿਵਸ ਨੂੰ ਸਮਰਪਿਤ ਗੁਰੂ ਨਗਰੀ ਵਿਚ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96ਵੇਂ ਕਰੋੜੀ ਦੀ ਅਗਵਾਈ ਵਿਚ ਮਹੱਲਾ ਖਾਲਸਾਈ ਜਾਹੋ ਜਲਾਲ ਨਾਲ ਸਜਾਇਆ ਗਿਆ। ਮਹੱਲੇ ਦੀ ਅਰੰਭਤਾ ਗੁਰਦੁਆਰਾ ਪਾਤਸ਼ਾਹੀ ਛੇਵੀਂ ਮੱਲ ਅਖਾੜਾ ਸਾਹਿਬ, ਬੁਰਜ ਅਕਾਲੀ ਬਾਬਾ ਫੂਲਾ ਸਿੰਘ ਤੋਂ ਅਰਦਾਸ ਨਾਲ ਹੋਈ ਤੇ ਇਸ ਵਿਚ ਨਿਹੰਗ ਸਿੰਘ ਦਲਾਂ ਦੇ ਮੁਖੀ ਤੇ ਵੱਡੀ ਗਿਣਤੀ ਵਿਚ ਨਿਹੰਗ ਸਿੰਘਾਂ ਨੇ ਹਾਥੀ, ਘੋੜਿਆਂ ’ਤੇ ਸਵਾਰ ਹੋ ਕੇ ਤੇ ਪੈਦਲ ਚੱਲਦਿਆਂ ਸੁੰਦਰ ਦੁਮਾਲਿਆਂ ਤੇ ਚੱਕਰ, ਖੰਡੇ, ਚੰਦ, ਗੁਰਜ, ਸ਼ਿੰਗਾਰ, ਬਾਗਨਖਾ ਸਜਾਈ, ਛੋਟੀਆਂ ਵੱਡੀਆਂ ਸ੍ਰੀ ਸਾਹਿਬਾਂ ਪਹਿਨੀ ਤੇ ਲੱਕ ਪਿੱਛੇ ਢਾਲਾਂ ਸਜਾਏ ਹੱਥਾਂ ਵਿਚ ਨੇਜੇ, ਖੰਡੇ ਫੜੀ, ਨੀਲਿਆਂ ਤੇ ਕੇਸਰੀ ਬਾਣਿਆਂ ਵਿਚ ਤਿਆਰ-ਬਰ-ਤਿਆਰ ਤੇ ਸ਼ਸਤਰਧਾਰੀ ਹੋ ਕੇ ਜੰਗੀ ਮਾਹੌਲ ਦਾ ਦ੍ਰਿਸ਼ ਪੇਸ਼ ਕਰਦਿਆਂ ਸ਼ਮੂਲੀਅਤ ਕੀਤੀ। ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਤੋਂ ਨਿਹੰਗ ਸਿੰਘਾਂ ਦਾ ਇੱਕ ਵਿਸ਼ਾਲ ਕਾਫਲਾ ਸ਼ੇਰਾਂ ਵਾਲਾ ਗੇਟ, ਮਹਾਂ ਸਿੰਘ ਗੇਟ, ਕਿਲ੍ਹਾ ਲੋਹਗੜ ਤੋਂ ਹੁੰਦਾ ਹੋਇਆ ਬੀ-ਬਲਾਕ ਗਰਾਉਂਡ ਵਿਖੇ ਪੁੱਜਾ। ਜਿਥੇ ਘੋੜ ਦੌੜ ਨੇਜਾਬਾਜ਼ੀ ਤੇ ਨਿਹੰਗ ਸਿੰਘਾਂ ਦੇ ਜੰਗੀ ਕਰਤੱਬ ਦੇਖਣ ਲਈ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ। ਇਸ ਤੋਂ ਪਹਿਲਾਂ ਗੁਰਦੁਆਰਾ ਮੱਲ ਅਖਾੜਾ ਵਿਖੇ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਜਾਣ ਤੇ ਗੁਰਮਤਿ ਸਮਾਗਮ ਸਜਾਏ ਜਾਣ ਉਪਰੰਤ ਜਥੇਦਾਰ 96 ਕਰੋੜੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਿੱਖ ਕੌਮ ਦਾ ਇਤਿਹਾਸ ਸੰਘਰਸ਼ ਪੂਰਨ ਅਤੇ ਸ਼ਾਨਾਮੱਤਾ ਹੈ। ਉਨ੍ਹਾਂ ਕਿਹਾ ਕਿ ਹਰ ਸਿੱਖ ਨੂੰ ਹਰ ਸਮੇਂ ਚੜ੍ਹਦੀ ਕਲਾ ਵਿਚ ਰਹਿੰਦਿਆਂ ਕੌਮ ਦੀ ਬੇਹਤਰੀ ਲਈ ਤੱਤਪਰ ਰਹਿਣਾ ਚਾਹੀਦਾ ਹੈ। ਇਸ ਮਹੱਲੇ ਵਿਚ ਜਥੇਦਾਰ 96 ਕਰੋੜੀ ਤੋਂ ਇਲਾਵਾ ਜਥੇਦਾਰ ਬਾਬਾ ਗੱਜਣ ਸਿੰਘ ਮੁਖੀ ਸ਼ਹੀਦ ਮਿਸਲ ਬਾਬਾ ਦੀਪ ਸਿੰਘ ਤਰਨਾ ਦਲ ਬਾਬਾ ਬਕਾਲਾ, ਬਾਬਾ ਅਵਤਾਰ ਸਿੰਘ ਜਥੇਦਾਰ ਦਲ ਪੰਥ ਬਾਬਾ ਬਿਧੀ ਚੰਦ ਤਰਨਾ ਦਲ ਸੁਰਸਿੰਘ, ਜਥੇਦਾਰ ਬਾਬਾ ਨਿਹਾਲ ਸਿੰਘ ਮੁਖੀ ਤਰਨਾ ਦਲ ਹਰੀਆਂ ਵੇਲਾਂ ਵਲੋਂ ਬਾਬਾ ਨਾਗਰ ਸਿੰਘ, ਬਾਬਾ ਤਾਰਾ ਸਿੰਘ ਝਾੜ ਸਾਹਿਬ ਵਾਲੇ, ਬਾਬਾ ਜਸਵਿੰਦਰ ਸਿੰਘ ਜੱਸੀ ਅਮਰੀਕਾ ਵਾਲੇ, ਬਾਬਾ ਬੁੱਧ ਸਿੰਘ ਨਿੱਕੇ ਘੁੰਮਣਾ ਵਾਲੇ, ਬਾਬਾ ਰਘੁਬੀਰ ਸਿੰਘ ਖਿਆਲੇ ਵਾਲੇ, ਬਾਬਾ ਕਰਮਜੀਤ ਸਿੰਘ ਯਮੁਨਾ ਨਗਰ ਵਾਲੇ ਸ਼ਾਮਲ ਹੋਏ।

## ਭਾਈ ਹਵਾਰਾ ਵਲੋਂ ਬੰਦੀ ਛੋੜ ਦਿਵਸ ਮੌਕੇ ਤਿਹਾੜ੍ਹ ਜੇਲ ਵਿਚੋਂ ਕੌਮ ਦੇ ਨਾਂ ਸੰਦੇਸ਼ ਜਾਰੀ

ਅੰਮ੍ਰਿਤਸਰ : ਦਿੱਲੀ ਦੀ ਤਿਹਾੜ ਜੇਲ੍ਹ ਵਿਚ ਨਜ਼ਰਬੰਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਵਲੋਂ ਬੰਦੀ ਛੋੜ ਦਿਵਸ ਮੌਕੇ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਸਮੁੱਚੀਆਂ ਪੰਥਕ ਜਥੇਬੰਦੀਆਂ ਨੂੰ ਪੰਥਕ ਮਸਲਿਆਂ ਪ੍ਰਤੀ ਚੱਲ ਰਹੇ ਵੱਖੋ-ਵੱਖਰੇ ਸੰਘਰਸ਼ ਬੰਦ ਕਰਕੇ ਇਕ ਪਲੇਟਫਾਰਮ ਤੋਂ ਅਕਾਲ ਤਖ਼ਤ ਦੀ ਛਤਰ ਛਾਇਆ ਹੇਠ ਧਰਮ ਯੁੱਧ ਮੋਰਚੇ ਦੀ ਤਰਜ ’ਤੇ ਸੰਘਰਸ਼ ਵਿੱਢਣ ਦੀ ਅਪੀਲ ਕੀਤੀ ਹੈ। ਭਾਈ ਹਵਾਰਾ ਕਮੇਟੀ ਵਲੋਂ ਸਹਿਯੋਗੀ ਜਥੇਬੰਦੀਆਂ ਦੇ ਸਹਿਯੋਗ ਨਾਲ ਕੀਤੀ ਗਈ ਪ੍ਰੈਸ ਕਾਨਫਰੰਸ ਦੌਰਾਨ ਗੱਲਬਾਤ ਕਰਦਿਆਂ ਪ੍ਰੋ. ਬਲਜਿੰਦਰ ਸਿੰਘ ਅਤੇ ਬਾਪੂ ਗੁਰਚਰਨ ਸਿੰਘ ਨੇ ਭਾਈ ਹਵਾਰਾ ਦਾ ਹੱਥ ਲਿਖਤ ਸੰਦੇਸ਼ ਜਾਰੀ ਕੀਤਾ। ਇਸ ਮੌਕੇ ਬੇਅੰਤ ਸਿੰਘ ਭਰਾਤਾ, ਜਨਰਲ ਸ਼ੁਬੇਗ ਸਿੰਘ, ਦਿਲਸ਼ੇਰ ਸਿੰਘ, ਮਹਾਂਬੀਰ ਸਿੰਘ ਸੁਲਤਾਨਵਿੰਡ, ਭਾਈ ਸਤਨਾਮ ਸਿੰਘ ਝੰਜੀਆਂ, ਭਾਈ ਬਲਦੇਵ ਸਿੰਘ ਵਡਾਲਾ ਸਿੱਖ ਸਦਭਾਵਨਾ ਦਲ, ਭਾਈ ਪਾਲ ਸਿੰਘ ਫਰਾਂਸ, ਬੀਬੀ ਕੁਲਬੀਰ ਕੌਰ ਜਥੇਬੰਦੀ ਵਾਰਸ ਪੰਜਾਬ, ਜਥੇਦਾਰ ਰਾਜਾ ਰਾਜ ਸਿੰਘ ਨਿਹੰਗ ਸਿੰਘ, ਭਾਈ ਬਲਬੀਰ ਸਿੰਘ ਮੁੱਛਲ ਸਮੇਤ ਹੋਰ ਹਾਜ਼ਰ ਸਨ।



## ਭਾਈ ਅੰਮ੍ਰਿਤਪਾਲ ਸਿੰਘ ਨੇ ਰਾਜਾ ਵੜਿੰਗ ਨੂੰ ਨੋਟਿਸ ਭੇਜਿਆ

### ਲਗਾਏ ਸਨ ਦੋਸ਼ ਕਿ ਅੰਮ੍ਰਿਤਪਾਲ ਸਿੰਘ ਪਾਕਿਸਤਾਨੀ ਏਜੰਸੀ ਦਾ ਏਜੰਟ

ਬਠਿੰਡਾ/ਏ.ਟੀ.ਨਿਊਜ਼ :- ‘ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਪ੍ਰਧਾਨ ਭਾਈ ਅੰਮ੍ਰਿਤਪਾਲ ਸਿੰਘ ਨੇ ਆਪਣੇ ਵਕੀਲ ਹਰਪਾਲ ਸਿੰਘ ਖਾਰਾ ਰਾਹੀਂ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਨੋਟਿਸ ਭੇਜਿਆ ਹੈ, ਜਿਸ ਵਿਚ ਕਿਹਾ ਹੈ ਕਿ ਰਾਜਾ ਵੜਿੰਗ ਚੈਨਲਾਂ ’ਤੇ ਕੀਤੀ ਬਿਆਨਬਾਜ਼ੀ ਸਬੰਧੀ 15 ਦਿਨਾਂ ਦੇ ਅੰਦਰ-ਅੰਦਰ ਮੁਆਫ਼ੀ ਮੰਗਣ, ਨਹੀਂ ਤਾਂ ਰਾਜਾ ਵੜਿੰਗ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਵਾਉਣ ਲਈ ਅਦਾਲਤ ਦਾ ਸਹਾਰਾ ਲੈਣਗੇ। ਹਰਪਾਲ ਸਿੰਘ ਖਾਰਾ ਨੇ ਦੱਸਿਆ ਕਿ ਅੰਮ੍ਰਿਤਪਾਲ ਸਿੰਘ ਸਿਰਫ਼ ਅੰਮ੍ਰਿਤ ਛਕਾਉਣ ਬਾਰੇ ਗੱਲ ਕਰ ਰਿਹਾ ਹੈ ਤੇ ਉਸ ਨੇ ਪੰਜਾਬ ਤੇ ਲੋਕਾਂ ਖ਼ਿਲਾਫ਼ ਕੋਈ ਵੀ ਭੜਕਾਊ ਗੱਲ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਰਾਜਾ ਵੜਿੰਗ ਸਿਰਫ਼ ਵੋਟਾਂ ਦੀ ਖ਼ਾਤਰ ਜਾਣਬੁੱਝ ਕੇ ਉਨ੍ਹਾਂ ਨੂੰ ਬਦਨਾਮ ਕਰ ਰਿਹਾ ਹੈ। ਉਨ੍ਹਾਂ ਇਹ ਵੀ ਪੁਛਿਆ ਕਿ ਵੜਿੰਗ ਸਿੱਧ ਕਰਨ ਕਿ ਅੰਮ੍ਰਿਤ ਪਾਲ ਪਾਕਿਸਤਾਨ ਏਜੰਸੀ ਦੇ ਏਜੰਟ ਹਨ।



# ਸਪੀਕਰ ਸੰਧਵਾਂ ਵਲੋਂ ਬਹਿਬਲ ਕਲਾਂ ਇਨਸਾਫ਼ ਮੋਰਚੇ 'ਤੇ ਹਮਲੇ ਦੀ ਜਾਂਚ ਦੇ ਹੁਕਮ




ਕੋਟਕਪੂਰਾ/ਏ.ਟੀ.ਨਿਊਜ਼ :- ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪਿਛਲੇ ਦਿਨੀਂ ਬਹਿਬਲ ਕਲਾਂ ਇਨਸਾਫ਼ ਮੋਰਚੇ 'ਤੇ ਹਮਲਾ ਕਰਨ ਦੇ ਮਾਮਲੇ ਦੀ ਜਾਂਚ ਦੇ ਆਦੇਸ਼ ਦਿੱਤੇ ਹਨ। ਮੋਰਚੇ ਵਿੱਚ ਸ਼ਿਰਕਤ ਕਰ ਕੇ ਉਨ੍ਹਾਂ ਨੇ ਫ਼ਰੀਦਕੋਟ ਦੇ ਐੱਸਐੱਸਪੀ ਰਾਜਪਾਲ ਸਿੰਘ ਨੂੰ ਫੋਨ 'ਤੇ ਕਿਹਾ ਕਿ ਉਹ ਇਸ ਮਾਮਲੇ ਦੀ ਜਲਦ ਤੋਂ ਜਲਦ ਜਾਂਚ ਕਰਵਾ ਕੇ ਉਨ੍ਹਾਂ ਮੁਲਜ਼ਮਾਂ ਦੀ ਸ਼ਨਾਖਤ ਕਰਨ, ਜਿਨ੍ਹਾਂ ਨੇ ਇਨਸਾਫ਼ ਮੋਰਚੇ ਦੇ ਆਗੂ ਸੁਖਰਾਜ ਸਿੰਘ ਦੀ ਕਾਰ 'ਤੇ ਹਮਲਾ ਕੀਤਾ ਅਤੇ ਇਨਸਾਫ਼ ਮੋਰਚੇ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ। ਮੋਰਚੇ ਦੇ ਆਗੂ ਸੁਖਰਾਜ ਸਿੰਘ ਨੇ ਦੱਸਿਆ ਕਿ ਬੀਤੀ 22-23 ਅਕਤੂਬਰ ਦੀ ਰਾਤ ਨੂੰ ਕੁੱਝ ਅਣਪਛਾਤਿਆਂ ਨੇ ਮੋਰਚੇ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਸੀ। ਇਹ ਘਟਨਾ ਮੋਰਚੇ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਵਿੱਚ ਕੈਦ ਹੋ ਗਈ ਹੈ। ਉਨ੍ਹਾਂ ਵੱਲੋਂ ਇਸ ਸਬੰਧੀ ਜ਼ਿਲ੍ਹਾ ਪੁਲਿਸ ਮੁਖੀ ਨੂੰ ਸ਼ਿਕਾਇਤ ਦਿੱਤੀ ਗਈ ਹੈ। ਇਸ ਮਾਮਲੇ ਸਬੰਧੀ ਕਾਰਵਾਈ ਨਾ ਹੋਣ 'ਤੇ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਮੋਰਚੇ ਵਿੱਚ ਪਹੁੰਚੇ। ਉਨ੍ਹਾਂ ਸੁਖਰਾਜ ਸਿੰਘ ਦੀ ਸ਼ਿਕਾਇਤ 'ਤੇ ਜ਼ਿਲ੍ਹਾ ਪੁਲਿਸ ਮੁਖੀ ਨੂੰ ਜਾਂਚ ਦੇ ਆਦੇਸ਼ ਦਿੱਤੇ।

# ਮਨਜੋਤ ਕੌਰ ਨੇ ਜੱਜ ਬਣ ਕੇ ਦਸੂਹਾ ਦਾ ਮਾਣ ਵਧਾਇਆ

ਦਸੂਹਾ/ਏ.ਟੀ.ਨਿਊਜ਼ :- ਇਥੋਂ ਦੇ ਨੇੜਲੇ ਪਿੰਡ ਖੋਖਰ ਦੇ ਕਿਸਾਨ ਰਸ਼ਪਾਲ ਸਿੰਘ ਦੀ ਧੀ ਮਨਜੋਤ ਕੌਰ ਬਾਜਵਾ ਨੇ ਜੱਜ ਬਣ ਕੇ ਜਿੱਥੇ ਆਪਣੇ ਮਾਪਿਆਂ ਦਾ ਨਾਂ ਰੋਸ਼ਨ ਕੀਤਾ ਹੈ, ਉਥੇ ਹੀ ਉਹ ਹੋਰਾਂ ਲੜਕੀਆਂ ਲਈ ਪ੍ਰੇਰਣਾਸਰੋਤ ਬਣੀ ਹੈ। ਉਸ ਨੇ ਹਰਿਆਣਾ ਜੁਡੀਸ਼ੀਅਲ ਸਰਵਿਸਿਜ਼ ਪ੍ਰੀਖਿਆ ਦੀ ਜਨਰਲ ਕੈਟਾਗਰੀ ਵਿੱਚ 38ਵਾਂ ਰੈਂਕ ਪ੍ਰਾਪਤ ਕੀਤਾ ਹੈ। ਮਨਜੋਤ ਕੌਰ ਦੇ ਇਸ ਮੁਕਾਮ 'ਤੇ ਪੁੱਜਣ 'ਤੇ ਪਿੰਡ ਖੋਖਰ ਵਿੱਚ ਖੁਸ਼ੀ ਦਾ ਮਾਹੌਲ ਹੈ। ਮਨਜੋਤ ਕੌਰ ਨੇ ਦੱਸਿਆ ਕਿ ਉਸ ਨੇ ਆਪਣੀ ਮੁਢਲੀ ਪੜ੍ਹਾਈ ਸੁੱਖ ਸਾਗਰ ਇੰਟਰਨੈਸ਼ਨਲ ਸਕੂਲ ਤੋਂ ਤੇ ਗ੍ਰੈਜੂਏਟ ਤੱਕ ਦੀ ਪੜ੍ਹਾਈ ਜੀਟੀਬੀ ਖਾਲਸਾ ਕਾਲਜ ਫਾਰ ਵਿਮੈਨ ਦਸੂਹਾ ਤੋਂ ਮੁਕੰਮਲ ਕੀਤੀ ਹੈ।



ਮਨਜੋਤ ਕੌਰ ਦੀ ਮਾਤਾ ਜਸਵੀਰ ਕੌਰ ਨੇ ਦੱਸਿਆ ਕਿ ਘਰ 'ਚ ਗਰੀਬੀ ਹੋਣ ਕਾਰਨ ਉਸ ਨੂੰ ਪੜ੍ਹਾਈ ਦੌਰਾਨ ਕਾਫੀ ਔਕੜਾਂ ਦਾ ਸਾਹਮਣਾ ਕਰਨਾ ਪਿਆ ਪਰ ਉਸ ਦੀ ਧੀ ਨੇ ਆਪਣੇ ਬੁਲੰਦ ਹੌਸਲੇ ਨਾਲ ਆਪਣਾ ਸੁਪਨਾ ਸਾਕਾਰ ਕੀਤਾ। ਹਲਕਾ ਵਿਧਾਇਕ ਐਡਵੋਕੇਟ ਕਰਮਬੀਰ ਘੁੰਮਣ ਨੇ ਮਨਜੋਤ ਕੌਰ ਦੀ ਇਸ ਉਪਲੱਬਧੀ 'ਤੇ ਉਸ ਦਾ ਸਨਮਾਨ ਕੀਤਾ।

# ਪ੍ਰਧਾਨ ਮੰਤਰੀ ਨੇ ਗੋਬਿੰਦ ਘਾਟ-ਹੇਮਕੁੰਟ ਰੋਪਵੇਅ ਦਾ ਨੀਂਹ ਪੱਥਰ ਰੱਖਿਆ

**➢ ਪ੍ਰਧਾਨ ਮੰਤਰੀ ਵੱਲੋਂ ਅਗਲੇ ਵਰ੍ਹੇ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਦਾ ਸੱਦਾ ਪ੍ਰਵਾਨ**

**➢ ਸਿੱਖ ਗੁਰੂਆਂ ਦੇ ਸੰਕਲਪ ਨੂੰ ਪੂਰਾ ਕਰਨ ਲਈ ਕੰਮ ਕਰਦੇ ਰਹਾਂਗੇ : ਪ੍ਰਧਾਨ ਮੰਤਰੀ**

**➢ ਪੌਣੇ ਘੰਟੇ 'ਚ ਤੈਅ ਹੋਵੇਗਾ ਸਫ਼ਰ ➢ ਜਥੇਦਾਰ ਅਕਾਲ ਤਖ਼ਤ ਸਾਹਿਬ ਨੇ ਕੀਤਾ ਮੋਦੀ ਦਾ ਧੰਨਵਾਦ**

ਅੰਮ੍ਰਿਤਸਰ/ਏ.ਟੀ.ਨਿਊਜ਼ :-ਉੱਤਰਾਖੰਡ 'ਚ ਲਗਭਗ 15 ਹਜ਼ਾਰ ਫੁੱਟ ਦੀ ਉਚਾਈ 'ਤੇ ਸਥਾਪਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਰੋਪਵੇਅ ਬਣਨ ਨਾਲ ਹੁਣ ਹਰੇਕ ਸ਼ਰਧਾਲੂ ਉਥੋਂ ਦੇ ਦਰਸ਼ਨ ਕਰ ਸਕੇਗਾ। ਕਰੀਬ 1163 ਕਰੋੜ ਰੁਪਏ ਨਾਲ ਤਿਆਰ ਹੋਣ ਵਾਲੇ ਇਸ ਰੋਪਵੇਅ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨੀਂਹ ਪੱਥਰ ਰੱਖਿਆ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਮੀਤ ਚੇਅਰਮੈਨ ਨਰਿੰਦਰਜੀਤ ਸਿੰਘ ਬਿੰਦਰਾ ਅਤੇ ਗੁਰਦੁਆਰਾ ਗੋਬਿੰਦ ਘਾਟ ਦੇ ਮੈਨੇਜਰ ਸੇਵਾ ਸਿੰਘ ਨੇ ਦੱਸਿਆ ਕਿ ਸਮਾਗਮ ਦੌਰਾਨ ਉਨ੍ਹਾਂ ਪ੍ਰਧਾਨ ਮੰਤਰੀ ਨੂੰ ਅਗਲੇ ਵਰ੍ਹੇ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਆਉਣ ਦਾ ਸੱਦਾ ਦਿੱਤਾ ਹੈ ਜਿਸ ਨੂੰ ਉਨ੍ਹਾਂ ਪ੍ਰਵਾਨ ਕਰ ਲਿਆ ਹੈ। ਨੀਂਹ ਪੱਥਰ ਰੱਖਣ ਦੌਰਾਨ ਪ੍ਰਧਾਨ ਮੰਤਰੀ ਨੇ ਕਿਹਾ ਕਿ ਹੇਮਕੁੰਟ ਸਾਹਿਬ ਗੁਰਦੁਆਰੇ ਤੱਕ ਪਹੁੰਚ ਲਈ ਰੋਪਵੇਅ ਦਾ ਲਾਭ ਨਾ ਸਿਰਫ਼ ਦੇਸ਼ ਸਗੋਂ ਇੰਗਲੈਂਡ, ਜਰਮਨੀ ਅਤੇ ਕੈਨੇਡਾ ਦੇ ਸਿੱਖਾਂ ਨੂੰ ਵੀ ਹੋਵੇਗਾ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਲਈ ਰੋਪਵੇਅ ਦਾ ਰਾਹ ਪੱਧਰਾ ਹੋਣ 'ਤੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਤੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਨੇ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਅਸਥਾਨਾਂ ਵਾਸਤੇ ਕੇਂਦਰ ਸਰਕਾਰ ਵੱਲੋਂ ਇਹ



ਇਕ ਵੱਡੀ ਯੋਜਨਾ ਦੀ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਰੋਪਵੇਅ ਮਾਰਗ ਤਿਆਰ ਹੋਣ ਨਾਲ ਜਿੱਥੇ ਸਮਾਂ ਬਚੇਗਾ, ਉੱਥੇ ਬਜ਼ੁਰਗ, ਬੱਚੇ, ਔਰਤਾਂ ਅਤੇ ਹਰ ਉਮਰ ਦੇ ਸ਼ਰਧਾਲੂ ਦਰਸ਼ਨ ਕਰ ਸਕਣਗੇ। ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਹੇਮਕੁੰਟ ਸਾਹਿਬ 'ਰੋਪਵੇਅ' ਪ੍ਰੋਜੈਕਟ ਦਾ ਨੀਂਹ ਪੱਥਰ ਰੱਖਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਹੈ। ਜਥੇਦਾਰ ਨੇ ਕਿਹਾ ਹੈ ਕਿ ਕਿਸੇ ਵੀ ਸ਼ਰਧਾਲੂ ਸਿੱਖ ਲਈ ਇਹ ਇਕ ਇਤਿਹਾਸਕ ਮੌਕਾ ਹੈ, ਜੋ ਉਨ੍ਹਾਂ ਨੂੰ ਆਪਣੇ ਗੁਰਧਾਮਾਂ ਦੇ ਨੇੜੇ ਲਿਆਵੇਗਾ। ਉਨ੍ਹਾਂ ਲਿਖਿਆ ਕਿ ਤੁਸੀਂ ਸਿੱਖ ਪਰੰਪਰਾਵਾਂ ਅਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਪ੍ਰਤੀ ਬਹੁਤ ਸੰਵੇਦਨਸ਼ੀਲਤਾ ਅਤੇ ਸਤਿਕਾਰ ਦਿਖਾਇਆ ਹੈ। ਉਨ੍ਹਾਂ ਪ੍ਰਧਾਨ ਮੰਤਰੀ ਵਲੋਂ ਹੋਰ ਯਤਨਾਂ ਤੋਂ ਇਲਾਵਾ ਲਾਲ ਕਿਲੇ 'ਤੇ ਗੁਰੂ ਤੇਗ ਬਹਾਦਰ ਜੀ ਦੇ ਮਨਾਏ ਗਏ ਪ੍ਰਕਾਸ਼ ਪੁਰਬ ਦਾ ਜ਼ਿਕਰ ਕਰਦਿਆਂ ਕਿਹਾ ਕਿ ਪਿਛਲੇ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਵੀ ਵੱਖ-ਵੱਖ ਭਖਦੇ ਸਿੱਖ ਮੁੱਦਿਆਂ 'ਤੇ ਸਾਕਾਰਤਮਿਕ ਵਿਚਾਰ-ਵਟਾਂਦਰਾ ਕੀਤਾ ਗਿਆ ਸੀ ਅਤੇ ਉਨ੍ਹਾਂ ਨੇ ਮੈਨੂੰ ਭਰੋਸਾ ਦਿਵਾਇਆ ਸੀ ਕਿ ਉਹ ਸੰਬੰਧਿਤ ਮੁੱਦਿਆਂ ਬਾਰੇ ਤੁਹਾਨੂੰ ਨਿੱਜੀ ਤੌਰ 'ਤੇ ਜਾਣੂ ਕਰਵਾਉਣਗੇ ਅਤੇ ਅਸੀਂ ਮਿਲ ਕੇ ਇਨ੍ਹਾਂ ਸਾਰੀਆਂ ਚੁਣੌਤੀਆਂ 'ਤੇ ਕਾਬੂ ਪਾਵਾਂਗੇ। ਜਥੇਦਾਰ ਨੇ ਕਿਹਾ ਕਿ ਅਸੀਂ ਸਕਾਰਾਤਮਕ ਨਤੀਜਿਆਂ ਦੀ ਉਡੀਕ ਕਰ ਰਹੇ ਹਾਂ, ਜੋ ਸਾਡੇ ਭਾਈਚਾਰੇ ਨੂੰ ਉੱਜਵਲ ਭਵਿੱਖ ਵੱਲ ਲੈ ਜਾਣਗੇ।

ਯਾਦ ਰਹੇ ਕਿ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਬਲੇ ਜਨਮ ਵਿਚ ਉਨ੍ਹਾਂ ਦੇ ਤਪ ਅਸਥਾਨ ਵਜੋਂ ਜਾਣੇ ਜਾਂਦੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਤੱਕ ਪਹੁੰਚਣ ਲਈ ਰਾਹ ਸੁਖਾਲਾ ਕਰਨ ਵਾਸਤੇ ਪਿਛਲੇ ਇੱਕ ਦਹਾਕੇ ਤੋਂ ਯਤਨ ਕੀਤੇ ਜਾ ਰਹੇ ਸਨ। ਸਾਲ 2016 ਵਿੱਚ

(ਬਾਕੀ ਸਫ਼ਾ 31 'ਤੇ)

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# 7-ਨਵੰਬਰ : ਮਨੁੱਖਤਾ ਲਈ ਇਕ ਨਵਾਂ ਰਾਹ !

## ਮਹਾਨ ਅਕਤੂਬਰ ਸਮਾਜਵਾਦੀ ਇਨਕਲਾਬ ਦੀ ਸਾਰਥਿਕਤਾ



ਜਗਦੀਸ਼ ਸਿੰਘ ਚੋਹਕਾ,
ਕੈਲਗਰੀ (ਕੈਨੇਡਾ)
91-9217997445
001-403-285-4208

ਮਹਾਨ ਸਮਾਜਵਾਦੀ ਅਕਤੂਬਰ ਇਨਕਲਾਬ, 1917 ਦਾ ਰੂਸ ਅੰਦਰ ਸਫ਼ਲ ਹੋਣਾ ਦੁਨੀਆ ਦੀ ਪਹਿਲੀ ਮਾਰਕਸਵਾਦੀ ਲੈਨਿਨਵਾਦੀ ਜਿੱਤ ਸੀ, ਜਿਸਨੇ ਕਿਰਤੀ ਜਮਾਤ ਨੂੰ ਪਹਿਲੀ ਵਾਰ ਰਾਜਸੱਤਾ 'ਤੇ ਬੈਠਾਇਆ ਸੀ। ਮਨੁੱਖੀ ਇਤਿਹਾਸ ਅੰਦਰ 7-ਨਵੰਬਰ, 1917 (ਉਸ ਵੇਲੇ ਦੇ ਕਲੰਡਰ ਮੁਤਾਬਿਕ ਰੂਸੀ 25-ਅਕਤੂਬਰ) ਇਕ ਪਹਿਲੀ ਸਮਾਜਿਕ-ਆਰਥਿਕ ਤੇ ਰਾਜਨੀਤਕ ਘਟਨਾ ਸੀ ਜਿਸ ਨੇ ਸਮਾਜ ਅੰਦਰ ਰਾਜਸੱਤਾ 'ਤੇ ਕਾਬਜ਼ ਪੂੰਜੀਵਾਦੀ ਵਿਵਸਥਾ ਦੀ ਥਾਂ ਸਮਾਜਵਾਦੀ ਅਤੇ ਅੱਗੋਂ ਵਲ਼ 'ਸਾਮਵਾਦੀ' ਰਾਹ ਨੂੰ ਮੋੜਾ ਕੱਟਿਆ। ਰੂਸ ਅੰਦਰ ਇਹ ਸਮਾਜਵਾਦੀ ਇਨਕਲਾਬ ਇਤਿਹਾਸਕ ਨਿਯਮਾਂ ਅਧੀਨ ਇਕ ਜਮਾਤੀ ਬਦਲਾਅ ਸੀ।

ਮਹਾਨ ਅਕਤੂਬਰ ਸਮਾਜਵਾਦੀ ਇਨਕਲਾਬ ਇਹ ਪਹਿਲਾ ਕਿਰਤੀ ਜਮਾਤ ਵੱਲੋਂ ਕਿਸਾਨੀ ਭਾਈਵਾਲੀ ਕਮਿਊਨਿਸਟ ਪਾਰਟੀ ਦੀ ਅਗਵਾਈ ਵਿੱਚ ਸੰਪੰਨ ਹੋਇਆ ਸਮਾਜਵਾਦੀ ਇਨਕਲਾਬ ਸੀ ਜਿਸ ਦੀ ਅਗਵਾਨੀ ਲੈਨਿਨ ਨੇ ਕੀਤੀ ਸੀ, ਜਿਸ ਦੀ ਵਾਂਗਡੋਰ ਰੂਸੀ ਸੋਸ਼ਲ ਡੈਮੋਕ੍ਰੈਟਿਕ ਲੇਬਰ ਪਾਰਟੀ (ਬਾਲਸ਼ਵਿਕ) ਪਾਸ ਸੀ। ਮਹਾਨ ਅਕਤੂਬਰ ਸਮਾਜਵਾਦੀ ਇਨਕਲਾਬ, 1917 ਨੇ ਦੁਨੀਆਂ ਅੰਦਰ ਆਵਾਮ ਦੇ ਭਖਵੇਂ ਬੁਨਿਆਦੀ ਮੱਲਿਆਂ ਦੇ ਹੱਲ ਲਈ ਅਤੇ ਕਿਰਤੀ ਜਮਾਤ ਦੀ ਮੁਕਤੀ ਦਾ ਰਾਹ ਖੋਲ੍ਹਿਆ। ਸਮਾਜ ਦੇ ਭਵਿੱਖੀ ਪੇਸ਼ ਸਮੱਸਿਆਵਾਂ ਦੇ ਵਿਧੀਵਤ ਹੱਲ, ਸੰਸਾਰ ਅਮਨ, ਜੰਗ ਵਿਰੁਧ ਅਤੇ ਮਨੁੱਖਤਾ ਦੀ ਭਲਾਈ ਲਈ ਸਮਾਜਵਾਦੀ ਢੰਗ-ਤਰੀਕਿਆਂ ਨੂੰ ਉਜਾਗਰ ਕੀਤਾ। ਮਹਾਨ ਅਕਤੂਬਰ ਸਮਾਜਵਾਦੀ ਰੂਸੀ ਇਨਕਲਾਬ 1917, 20-ਵੀਂ ਸਦੀ ਦੀ ਸਭ ਤੋਂ ਵੱਧ ਜਮਾਤੀ ਇਤਿਹਾਸਕ ਘਟਨਾ ਸੀ, ਜਿਸ ਨੇ ਰੂਸ ਦੀ ਕਿਰਤੀ-ਜਮਾਤ ਦੀ ਮੁਕਤੀ ਲਈ ਹੀ ਨਹੀਂ ਸਗੋਂ ਦੁਨੀਆਂ ਅੰਦਰ ਪੂੰਜੀਵਾਦੀ ਲੁੱਟ-ਚੋਂਘ ਦੇ ਨਿਜ਼ਾਮ ਤੋਂ ਕਿਰਤੀ ਜਮਾਤ ਨੂੰ ਸ਼ੋਸ਼ਣ ਵਿਰੁਧ ਲੜਨ ਲਈ ਹੱਲਾਸ਼ੇਰੀ ਦਿੱਤੀ। ਇਸ ਤਬਦੀਲੀ ਨੇ ਦੁਨੀਆਂ 'ਚ ਲੁੱਟ ਖਸੁੱਟ ਅਤੇ ਸਾਰੀਆਂ ਨਾ-ਬਰਾਬਰੀ ਵਾਲੀਆਂ ਧਾਰਨਾਵਾਂ ਨੂੰ ਲਲਕਾਰਿਆ। ਸਦੀਆਂ ਤੋਂ ਚਲੇ ਆ ਰਹੇ ਪੁਰਾਣੇ ਵਰਗੀ ਗਲਸੜੇ ਰਾਜ-ਪ੍ਰਬੰਧਾਂ ਵਿਰੁਧ, ਕਿਰਤੀਆਂ, ਕਿਸਾਨਾਂ, ਇਸਤਰੀਆਂ, ਨੌਜਵਾਨਾਂ, ਗਰੀਬ ਕੌਮਾਂ ਅਤੇ ਗੁਲਾਮ ਦੇਸ਼ਾਂ ਅੰਦਰ ਹੁੰਦੀ ਲੁੱਟ-ਚੋਂਘ ਵਾਲੀ

ਰਾਜਸੀ ਮਾਨਸਿਕਤਾ ਦੇ ਖਾਤਮੇ ਲਈ ਮੁਕਤੀ ਪਾਉਣ ਲਈ ਲੜਨ ਅਤੇ ਸੰਘਰਸ਼ ਕਰਨ ਲਈ ਕਿਰਤੀ ਵਰਗ ਦੀਆਂ ਅਥਾਹ ਸੰਭਾਵਨਾਵਾਂ ਨੂੰ ਬਲ ਬਖਸ਼ਿਆ। ਇਸ ਪ੍ਰਕਿਰਿਆ ਨੇ ਪਹਿਲੀ ਵਾਰ ਰੂਸ ਅੰਦਰ ਕਿਰਤੀ ਜਮਾਤ ਨੂੰ ਰਾਜਸੱਤਾ ਤੱਕ ਪੁੱਜਣ ਲਈ ਬਲ ਦਿੱਤਾ।

ਮਹਾਨ ਅਕਤੂਬਰ ਸਮਾਜਵਾਦੀ ਇਨਕਲਾਬ-1917 ਨੇ, ਸੰਸਾਰ ਅੰਦਰ ਪਹਿਲੀ ਵਾਰ ਕਿਰਤੀ ਜਮਾਤ ਦੀ ਅਗਵਾਈ ਵਿੱਚ ਪ੍ਰੋਲਤਾਰੀ ਰਾਜਸਤਾ ਦੀ ਸਥਾਪਨਾ ਦਾ ਮੁਢ ਬੰਨ੍ਹਿਆ। ਕਾਰਲ ਮਾਰਕਸ ਤੇ ਐਫ.ਏਂਗਲਜ਼ ਦੇ ਲੁੱਟ-ਰਹਿਤ ਸਮਾਜ ਵਾਲੇ ਫਲਸਫ਼ੇ ਨੂੰ, ਪਹਿਲੀਵਾਰ ਲੈਨਿਨ ਨੇ ਬਾਲਸ਼ਵਿਕ ਪਾਰਟੀ (ਕਮਿਊਨਿਸਟ ਪਾਰਟੀ) ਦੀ ਅਗਵਾਈ ਵਿੱਚ ਰੂਸ ਅੰਦਰ ਅਮਲੀਜਾਮਾ ਪਹਿਨਾ ਕੇ ਦੁਨੀਆ ਅੰਦਰ ਕਿਰਤੀ ਜਮਾਤ ਨੂੰ ਰਾਜਸੀ ਮਾਨਤਾ ਦਿਵਾਉਣ ਦਾ ਅਰੰਭ ਕੀਤਾ ਸੀ। ਨਾ-ਬਰਾਬਰੀ ਵਾਲੀਆਂ ਸਦੀਆਂ ਪੁਰਾਣੀਆਂ ਮਿੱਥਾਂ ਨੂੰ ਚਕਨਾਚੂਰ ਕਰਦੇ ਹੋਏ ਮਨੁੱਖੀ ਸਮਾਜ ਅੰਦਰ ਇਕ ਸਮਾਜਕ ਬਰਾਬਰੀ ਦਾ ਰਾਹ ਖੋਲ੍ਹ ਕੇ ਇਕ ਨਵੇਂ ਇਤਿਹਾਸ ਨੂੰ ਅਮਲੀ ਰੂਪ ਦੇ ਕੇ ਸਮਾਜਵਾਦੀ ਮਨੁੱਖੀ ਹੋਣ ਨੂੰ ਅਸਲੀ ਰੂਪ ਵਿੱਚ ਜਨਮ ਦਿੱਤਾ ਸੀ। ਮਹਾਨ ਰੂਸੀ ਕ੍ਰਾਂਤੀ ਦੌਰਾਨ ਹਾਜ਼ਰ ਮਸ਼ਹੂਰ ਅਮਰੀਕੀ ਪੱਤਰਕਾਰ 'ਜੌਹਨ ਰੀਡ' ਨੇ ਇਸ ਇਤਿਹਾਸਕ ਘਟਨਾ ਨੂੰ ਹੱਡੀਂ ਹੰਢਾਉਂਦੇ ਹੋਏ ਲਿਖਿਆ ਸੀ, 'ਦਸ-ਦਿਨ ਜਿਸ ਨੇ ਦੁਨੀਆ ਹਿਲਾ ਦਿੱਤੀ' ਦਾ ਨਾਂ ਦੇ ਕੇ ਇਕ ਹਕੀਕੀ ਅਤੇ ਇਤਿਹਾਸਕ ਘਟਨਾ ਬਣਾ ਕੇ ਦੁਨੀਆ ਨੂੰ ਜਾਗਰੂਕ ਕਰਨ ਲਈ ਢੰਡੋਰਾ ਦਿੱਤਾ ਸੀ।

ਦੁਨੀਆ ਅੰਦਰ ਭਾਵੇਂ ਬਹੁਤ ਸਾਰੀਆਂ ਅਚੇਤ ਸਮਾਜਿਕ ਤਬਦੀਲੀਆਂ ਹੁੰਦੀਆਂ ਰਹੀਆਂ ਹਨ। ਪਰ ਸੁਚੇਤ ਤੌਰ 'ਤੇ ਦੁਨੀਆ ਅੰਦਰ ਪੈਦਾਵਾਰੀ ਸਾਧਾਨਾਂ ਦੀ ਨਿੱਜੀ ਮਾਲਕੀ ਵਾਲੀ ਧੌਂਸ ਭਰੀ ਰਾਜਸੱਤਾ ਨੂੰ ਖਤਮ ਕਰਕੇ ਮਨੁੱਖ ਹੱਥੋਂ ਮਨੁੱਖ ਰਾਹੀਂ ਮਨੁੱਖੀ ਕਿਰਤ ਦੀ ਹੁੰਦੀ ਲੁੱਟ-ਖਸੁੱਟ (ਸੋਸ਼ਣ) ਵਾਲੇ ਰਾਜ ਪ੍ਰਬੰਧ ਦੀ ਥਾਂ, 'ਕਿਰਤੀ-ਜਮਾਤ ਨੂੰ ਹਕੀਤੀ ਤੇ ਅਮਲੀ ਤੌਰ 'ਤੇ ਮਾਲਕੀ ਦਾ ਅਧਿਕਾਰ 1917 ਨੂੰ ਪਹਿਲੀ ਵਾਰ ਸੋਵੀਅਤ ਰੂਸ ਅੰਦਰ ਹੀ ਪ੍ਰਾਪਤ ਹੋਇਆ ਸੀ। ਮਹਾਨ ਅਕਤੂਬਰ ਇਨਕਲਾਬ ਜਿਸ ਦੀ ਪ੍ਰਾਪਤੀ ਜੱਥੇਬੰਦਕ ਅਤੇ ਸੁਚੇਤ ਢੰਗ ਨਾਲ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਹੋਈ ਇਕ ਸਮਾਜਿਕ ਤਬਦੀਲੀ, ਜਿਸ ਨੇ ਅਮਲ ਵਿੱਚ ਪਹਿਲੀ ਵਾਰ ਰੂਸ ਅੰਦਰ ਰਾਜਸੱਤਾ ਦੱਬੇ-ਕੁਚਲੇ ਲੋਕਾਂ ਕਿਰਤੀ ਵਰਗ ਦੇ ਹੱਥਾਂ 'ਚ ਦੇ ਕੇ ਇਕ ਰਾਜਸੀ ਸਿਫ਼ਤੀਤਬਦੀਲੀ ਨੂੰ ਜਨਮ ਦਿੱਤਾ ਸੀ। ਇਸ ਤਬਲੀਲੀ ਨੇ ਰੂਸ ਹੀ ਨਹੀਂ ਸਗੋਂ ਦੁਨੀਆ ਭਰ 'ਚ ਲੁੱਟ-ਖਸੁੱਟ ਅਤੇ ਨਾ-ਬਰਾਬਰੀ 'ਤੇ ਗੁਲਾਮ ਦੇਸ਼ਾਂ ਅੰਦਰ ਬਸਤੀਵਾਦੀ ਧੌਂਸ 'ਤੇ ਲੁੱਟ-ਚੋਂਘ ਵਾਲੀ ਰਾਜਸੀ ਮਾਨਸਿਕਤਾ ਦੇ ਖਾਤਮੇ ਵਿਰੁਧ ਇਕ ਤਕੜੀ ਲਹਿਰ ਨੂੰ ਜਨਮ ਦਿੱਤਾ ਸੀ।



ਧਿਆਨ ਮਾਰੀਏ, ਇਕ ਸਦੀ ਤੋਂ ਕੁਝ ਕੁ ਸਮਾਂ ਪਹਿਲਾ ਸੰਸਾਰ ਦੀ ਰਾਜਨੀਤਕ ਦਸ਼ਾ ਦੀ ਹਕੀਕਤ ਕੀ ਸੀ ਅਤੇ ਮਹਾਨ ਅਕਤੂਬਰ ਸਮਾਜਵਾਦੀ ਇਨਕਲਾਬ-1917 ਤੋਂ ਲੈ ਕੇ ਅੱਜ ਤੱਕ ਕਿੰਨੀ ਤਬਦੀਲੀ ਆਈ ਹੈ ? 1917 ਦੇ ਇਨਕਲਾਬ ਦੇ ਪ੍ਰਭਾਵ ਹੇਠ ਦੁਨੀਆਂ ਦੇ ਕਰੋੜਾਂ ਕਿਰਤੀ ਲੋਕਾਂ ਨੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਬਸਤੀਵਾਦ, ਗੁਲਾਮੀ ਅਤੇ ਧੌਂਸ ਭਰੇ ਵੱਡੇ-ਵੱਡੇ ਸਾਮਰਾਜਾਂ ਨੂੰ ਚੱਕਨਾਚੂਰ ਕਰਕੇ ਅਜ਼ਾਦੀਆਂ ਪ੍ਰਾਪਤ ਕੀਤੀਆਂ। ਮਹਾਨ ਰੂਸੀ ਇਨਕਲਾਬ ਦੇ ਇਕ ਮਿਸਾਲੀ ਚਾਨਣ ਮੁਨਾਰੇ ਦੀ ਅਗਵਾਈ ਹੇਠ ਹੀ ਗੁਲਾਮ ਦੇਸ਼ਾਂ, ਕੌਮਾਂ ਤੇ ਹੱਕਾਂ ਲਈ ਲੜਦੇ ਆਵਾਮ ਨੂੰ ਖੁਲ੍ਹੀ ਹਵਾ ਦੇ ਬੁਲ੍ਹੇ ਪ੍ਰਾਪਤ ਹੋਏ। ਏਸ਼ੀਆ, ਲਾਤੀਨੀ, ਅਮਰੀਕਾ ਅਤੇ ਅਫਰੀਕਾ ਮਹਾਂਦੀਪਾਂ ਅੰਦਰ ਕਿਰਤੀ ਲੋਕਾਂ ਨੇ ਮਹਾਨ ਅਕਤੂਬਰ ਤੋਂ ਪ੍ਰੇਰਨਾ ਲੈ ਕੇ ਮੁਕਤੀ ਅੰਦੋਲਨ ਵਿੱਢੇ ਅਤੇ ਬਸਤੀਵਾਦੀ ਸਾਮਰਾਜੀਆਂ ਦੇ ਗੁਲਾਮੀ ਵਾਲੇ ਜੂਲੇ ਲਾਹ ਕੇ ਅਜ਼ਾਦੀਆਂ ਪ੍ਰਾਪਤ ਕੀਤੀਆਂ। ਜੋ ਵੀ ਅੱਜ ਤੱਕ ਪੂੰਜੀਵਾਦੀ ਸਮਾਜ ਅੰਦਰ ਪ੍ਰਾਪਤ ਹੋਇਆ ਕਿਰਤੀਆਂ ਨੂੰ ਮਾਲਕਾਂ ਤੇ ਹਾਕਮਾਂ ਵੱਲੋਂ ਜੇ ਕੋਈ ਰਿਆਇਤਾਂ ਦਿੱਤੀਆਂ ਗਈਆਂ ਅਤੇ ਸੋਸ਼ਿਤ ਸਮਾਜ ਵਾਲੇ ਪੂੰਜੀਪਤੀਆਂ ਨੇ ਆਪਣੇ ਆਪ ਨੂੰ ਕਲਿਆਣਕਾਰੀ ਰਾਜ ਹੋਣ ਦੀਆਂ ਟਾਹਰਾਂ ਮਾਰੀਆਂ, ਇਹ ਸਭ ਅਮਲ ਵਿੱਚ ਲਿਆਉਣਾ ਰੂਸੀ ਸਮਾਜਵਾਦੀ ਲਹਿਰਾਂ ਦਾ ਹੀ ਦਬਾਅ ਸੀ। ਦੁਨੀਆਂ ਅੰਦਰ ਸਮਾਜਵਾਦੀ ਪ੍ਰਭਾਵ ਅਧੀਨ ਹੀ ਕਿਰਤੀ ਵਰਗ ਨੇ ਕਮਿਊਨਿਸਟ ਪਾਰਟੀਆਂ ਦੀ ਅਗਵਾਈ ਵਿੱਚ ਨਵੀਂ ਹੋਂਦ ਵਾਲੇ ਸਮਾਜ ਅੰਦਰ ਪੁਲਾਂਘਾਂ ਪੁੱਟੀਆਂ। ਸਮਾਜਵਾਦੀ ਅਰਥਚਾਰੇ ਦੀ ਸਥਾਪਨਾ ਅਧੀਨ ਕਿਰਤੀਆਂ ਵਲੋਂ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਬਰਾਬਰੀ ਦੇ ਅਧਿਕਾਰਾਂ ਨੂੰ ਪ੍ਰਾਪਤ ਕਰਨ ਲਈ ਚਲਾਏ ਗਏ ਜਨ-ਅੰਦੋਲਨ ਰਾਹੀਂ ਅਥਾਹ ਜਿੱਤਾਂ ਪ੍ਰਾਪਤ ਕੀਤੀਆਂ। ਦੁਨੀਆਂ ਦੇ ਗਰੀਬ ਅਤੇ ਪਛੜੇ ਦੇਸ਼ਾਂ ਅੰਦਰ ਮਹਾਨ ਅਕਤੂਬਰ ਇਨਕਲਾਬ ਦੇ ਅਰਥਚਾਰੇ ਦੇ ਪ੍ਰਭਾਵ ਅਧੀਨ ਹੀ ਉਥੋਂ ਦੇ ਪੂੰਜੀਪਤੀ ਹਾਕਮਾਂ ਵਲੋਂ ਲੋਕਾਂ ਨੂੰ ਮਾੜੀਆਂ-ਮੋਟੀਆਂ ਰਾਹਤਾਂ ਦੇਣੀਆਂ ਪਈਆਂ। ਰੂਸੀ ਸਮਾਜਵਾਦੀ ਅਰਥਚਾਰੇ ਦੀਆਂ ਪ੍ਰਾਪਤੀਆਂ ਅਤੇ ਬਰਕਤਾਂ ਜਿਨ੍ਹਾਂ ਅੰਦਰ ਹਰ ਮਨੁੱਖ ਨੂੰ ਰੁਜ਼ਗਾਰ, ਗੁੱਟੀ, ਸਿਖਿਆ, ਸਿਹਤ ਅਤੇ ਰਿਹਾਇਸ਼ ਜਿਹੀਆਂ ਬੁਨਿਆਦੀ ਲੋੜਾਂ ਸਰਕਰਾਂ ਵੱਲੋਂ ਪੂਰੀਆਂ ਕਰਨ ਅਤੇ ਅਮਲ ਵਿੱਚ ਲਿਆਉਣ ਨਾਲ ਛਿੜੀ ਇਸ ਚਰਚਾ ਅਤੇ ਬਹਿਸ ਨੇ ਹੀ ਪੂੰਜੀਵਾਦੀ ਸਿਸਟਮ ਨੂੰ ਹਿਲਾ ਕੇ ਰੱਖ ਦਿੱਤਾ। ਜਿਸ ਚਰਚਾ ਨੇ ਹੀ ਪੂੰਜੀਵਾਦੀ ਅਰਥ ਵਿਵੱਸਥਾ ਅੰਦਰ ਲੁੱਟ-ਖਸੁੱਟ ਵਾਲੇ ਰਾਜ-ਪ੍ਰਬੰਧ ਨੂੰ ਪੈਰਾਂ ਤੱਕ ਹਿਲਾ ਕੇ ਰੱਖ ਦਿੱਤਾ। ਅੱਜ ਤੱਕ ਦੁਨੀਆਂ ਦਾ ਪੂੰਜੀਵਾਦ ਰੱਖਿਅਕ ਰੂਪ ਵਿੱਚ ਦੁਨੀਆਂ ਅੰਦਰ ਜੰਗਾਂ ਲਾ ਕੇ ਮਨੁੱਖਤਾ ਦੀ ਤਬਾਹੀ ਕਰ ਰਿਹਾ ਹੈ। ਮਹਾਨ ਅਕਤੂਬਰ ਸਮਾਜਵਾਦੀ ਜਿੱਤ ਨੇ ਦੁਨੀਆਂ ਭਰ ਦੇ ਕਿਰਤੀਆਂ ਨੂੰ ਆਪਣੇ ਬੁਨਿਆਦੀ ਹੱਕਾ ਪ੍ਰਤੀ ਉਤਸ਼ਾਹਤ ਕੀਤਾ, ਜਿਸ ਦੇ ਸਦਕਾ ਸਮੇਂ-ਸਮੇਂ ਸਿਰ ਜਨ-ਸਮੂਹ ਦੀ ਬਿਹਤਰੀ ਲਈ ਉਠੀਆਂ ਲੋਕ ਲਹਿਰਾਂ ਨੂੰ ਠੋਸ ਹਾਂ-ਪੱਖੀ ਮਾਨਸਿਕ ਅਤੇ ਪਦਾਰਥਕ ਸਹਾਇਤਾ ਅਤੇ ਬਲ ਮਿਲਣ ਕਾਰਨ ਹੀ ਲੁਟੇਰੇ ਵਰਗਾਂ ਵਿਰੁੱਧ ਲੁੱਟੇ ਜਾਣ ਵਾਲੇ ਵਰਗ ਵਲੋਂ ਸੰਘਰਸ਼ ਤੇਜ਼ ਹੋਏ ਅਤੇ ਪ੍ਰਾਪਤੀਆਂ ਵੀ ਹੋਈਆਂ। ਇਸੇ ਪੜਾਅ ਅਧੀਨ ਬਸਤੀਵਾਦ ਵਿਰੁਧ ਸ਼ੁਰੂ ਹੋਏ ਸੰਘਰਸ਼ ਜਿਹੜੇ ਕਈ ਪੜਾਵਾਂ 'ਚ ਅੱਗੋਂ ਪੁੱਜ ਕੇ ਗੁਲਾਮ ਦੇਸ਼ਾਂ ਦੀ ਮੁਕਤੀ ਸੰਘਰਸ਼ਾਂ ਰਾਹੀਂ ਅਜ਼ਾਦੀਆਂ ਦੇ ਮੁਹਾਣੇ ਤੱਕ ਪੁੱਜੇ। ਭਾਰਤ ਸਮੇਤ ਬਹੁਤ ਸਾਰੇ ਗੁਲਾਮ ਦੇਸ਼ਾਂ ਅੰਦਰ ਚਲੀਆਂ ਲੋਕ ਲਹਿਰਾਂ ਨੂੰ ਮਹਾਨ ਅਕਤੂਬਰ ਇਨਕਲਾਬ ਤੋਂ ਪ੍ਰੇਰਨਾ ਹੀ ਨਹੀਂ ਮਿਲੀ, ਸਗੋਂ ਸਮਾਜਕ-ਪਰਿਵਰਤਨ ਦੇ ਡਰੋਂ ਡਰ ਤੋਂ ਭੈਅ-ਭੀਤ ਹੋਣ ਕਾਰਨ ਇਨ੍ਹਾਂ ਦੇਸ਼ਾਂ ਨੂੰ ਆਜ਼ਾਦ ਕਰ ਦਿੱਤਾ। ਭਾਰਤ ਅੰਦਰ ਵੀ ਨੇਵੀ ਦੀ ਬਗ਼ਾਵਤ ਅਤੇ ਲੋਕ ਅੰਦੋਲਨਾਂ ਕਾਰਨ ਗੋਰੇ ਸਾਮਰਾਜੀਆਂ ਨੇ ਦੇਸ਼ ਨੂੰ 1947 'ਚ ਛੱਡ ਜਾਣਾ ਚੰਗਾ ਸਮਝਿਆ। ਚੀਨ, ਕੋਰੀਆ, ਕਿਊਬਾ, ਵੀਤਨਾਮ ਕਈ ਦੇਸ਼ਾਂ ਨੇ ਸਾਮਰਾਜੀ ਪੂੰਜੀਵਾਦੀ ਬਸਤੀਵਾਦੀ ਰਾਜ ਪ੍ਰਬੰਧ ਤੋਂ ਸੰਘਰਸ਼ਾਂ ਰਾਹੀਂ ਦੇਸ਼ਾਂ ਆਜ਼ਾਦ ਕਰਾ ਕੇ ਸਮਾਜਵਾਦੀ ਰਾਹ ਨੂੰ ਅਪਣਾਇਆ।

ਮਹਾਨ ਚਿੰਤਕ ਅਤੇ ਸਮਾਜ ਵਿਗਿਆਨੀ 'ਕਾਰਲ ਮਾਰਕਸ ਅਤੇ ਫੈਡਰਿਕ ਏਂਗਲ' ਵੱਲੋਂ ਦੁਨੀਆ ਅੰਦਰ ਮਨੁੱਖੀ ਸਮਾਜ ਦੇ ਵਿਕਾਸ ਅਤੇ ਆਰਥਿਕ ਰਿਸ਼ਤਿਆਂ ਸਬੰਧੀ ਵਿਗਿਆਨਕ ਦ੍ਰਿਸ਼ਟੀ ਕੋਣ ਪੇਸ਼ ਕਰਦੇ ਹੋਏ ਕਿਹਾ ਸੀ, 'ਕਿ ਜਦੋਂ ਮਨੁੱਖ ਨੇ ਆਪਣੀ ਨਿੱਜੀ ਲੋੜ ਤੋਂ ਵੱਧ ਉਤਪਾਦਨ ਕਰਨਾ ਸ਼ੁਰੂ ਕਰ ਦਿੱਤਾ ਸੀ, ਉਸ ਦਿਨ ਤੋਂ ਹੀ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦਾ ਦੌਰ ਸ਼ੁਰੂ ਹੋ ਗਿਆ ਸੀ। ਸਰਮਾਇਆ (ਪੂੰਜੀ) ਕਿਰਤੀ ਦੀ ਉਜ਼ਰਤ ਵਿੱਚੋਂ ਕਟੌਤੀ ਕਰਕੇ ਇਕੱਠਾ ਕੀਤਾ ਹੋਇਆ 'ਧੰਨ' ਹੈ। ਇਸ 'ਧੰਨ' ਨੂੰ ਪੂੰਜੀਪਤੀ ਅੱਗੋਂ ਕਿਰਤੀਆਂ ਦੀ ਹੋਰ ਲੁੱਟ ਕਰਨ ਲਈ ਵਰਤਦੇ ਹਨ। ਮਨੁੱਖੀ ਸਮਾਜ ਦਾ ਇਤਿਹਾਸ ਮਾਲਕ ਤੇ ਮਜ਼ਦੂਰ ਵਿਚਕਾਰ ਸੰਘਰਸ਼ ਦੀ ਗਾਥਾ ਹੈ। ਇਹ ਦੋ ਜਮਾਤਾਂ ਵਿਚਕਾਰ ਜਮਾਤੀ ਘੋਲ ਹੀ ਅੱਗੋਂ ਮਨੁੱਖੀ ਸਮਾਜ ਦੇ ਇਤਿਹਾਸ ਦੀ ਚਾਲਕ ਸ਼ਕਤੀ ਬਣਦਾ ਹੈ। ਜਦੋਂ ਕਿਰਤੀ-ਜਮਾਤ ਰਾਜ ਸੱਤਾ ਨੂੰ ਆਪਣੇ ਹੱਥਾਂ 'ਚ ਲੈਣ ਦੇ ਸਮੱਰਥ ਹੋ ਜਾਵੇਗੀ ਅਤੇ ਸੱਤਾ 'ਤੇ ਕਬਜ਼ਾ ਕਰਕੇ ਹੀ ਇਸ ਲੁੱਟ ਵਾਲੇ ਵਰਗੀ-ਨਿਜ਼ਾਮ ਨੂੰ ਖਤਮ ਕੀਤਾ ਜਾ ਸਕੇਗਾ। ਮਹਾਨ ਅਕਤੂਬਰ ਸਮਾਜਵਾਦੀ ਇਨਕਲਾਬ, 1917-ਰੂਸ ਨੇ ਇਸ ਧਾਰਨਾ ਨੂੰ ਸਹੀ ਸਾਬਤ ਕਰਦੇ ਹੋਏ ਰੂਸੀ ਰਾਜਸੱਤਾ 'ਤੇ ਕਿਰਤੀ ਜਮਾਤ ਦੀ ਸਰਦਾਰੀ ਕਾਇਮ ਕਰਕੇ

Allstate
You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ


ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

26 ਅਕਤੂਬਰ ਤੋਂ 2 ਨਵੰਬਰ, 2022

## 'ਬੰਦੀ ਛੋੜ ਦਿਵਸ' 'ਤੇ ਮਿਲ ਬੈਠ ਕੇ ਵਿਚਾਰ ਕਰਨ ਦੀ ਰਵਾਇਤ ਲਈ ਉੱਦਮ

ਗੁਰੂ ਨਾਨਕ ਸਾਹਿਬ ਜੀ ਨੇ ਜਦੋਂ ਤੋਂ ਸਰਬੱਤ ਦੇ ਭਲੇ ਲਈ ਉਦਾਸੀਆਂ ਕੀਤੀਆਂ ਅਤੇ ਪ੍ਰਚਾਰ ਅਰੰਭਿਆ ਤਦੋਂ ਤੋਂ ਉਨ੍ਹਾਂ ਸਮੇਤ ਗੁਰਸਿੱਖੀ ਮਾਰਗ 'ਤੇ ਪਏ ਸਿੱਖਾਂ ਨੂੰ ਦੁਨਿਆਵੀ ਗਰਜਾਂ/ਲਾਲਚਾਂ ਵਿੱਚ ਫਸੇ ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਅਤੇ ਸਰਬੱਤ ਦੇ ਭਲੇ ਦੇ ਕਾਰਜ ਵਿਰੋਧ ਹੋਣ 'ਤੇ ਅਟਕਦੇ ਰਹੇ। ਉਸ ਸਮੇਂ ਵਿੱਚ ਗੁਰੂ ਸਰੀਰ ਰੂਪ ਵਿੱਚ ਬਿਰਾਜਮਾਨ ਸਨ, ਅਤੇ ਗੁਰਸਿੱਖ ਗੁਰੂ ਤੋਂ ਸੇਧ ਲੈ ਕੇ ਮੁਸ਼ਕਲਾਂ ਤੋਂ ਬਾਹਰ ਆਉਂਦੇ ਰਹੇ ਸਨ। ਖਾਲਸਾ ਸਾਜਣਾ ਤੋਂ ਬਾਅਦ, ਚਮਕੌਰ ਦੀ ਗੜ੍ਹੀ ਵਿੱਚ ਪੰਜਾਂ ਪਿਆਰਿਆਂ ਦੁਆਰਾ ਆਪਸੀ ਵਿਚਾਰ ਕੀਤੇ ਜਾਣ ਤੋਂ ਬਾਅਦ ਗੁਰੂ ਜੀ ਨੂੰ ਗੜ੍ਹੀ ਛੱਡਣ ਦਾ ਹੁਕਮ ਦੇਣ ਦਾ ਇਤਿਹਾਸ ਹੈ। ਦਸਵੇਂ ਪਾਤਿਸਾਹ ਤੋਂ ਬਾਅਦ ਜਦੋਂ ਖਾਲਸਾ ਜੀ ਨੂੰ ਔਖੇ ਸਮੇਂ ਨੇ ਘੇਰਿਆ ਤਾਂ ਨਾਮ ਸਿਮਰਨ ਘਾਲਣਾ ਕਮਾਈ ਵਾਲੇ ਗੁਰਸਿੱਖਾਂ ਦੀ ਸੰਗਤ ਵਿਚੋਂ, ਹੋਰਨਾਂ ਗੁਰਸਿੱਖਾਂ ਨਾਲ ਵਿਚਾਰ ਕਰਨ 'ਤੇ ਹਲਾਤ ਅਨੁਸਾਰ ਸਹੀ ਫੈਸਲਾ ਕਰਨ ਦਾ ਤਰੀਕਾ ਅਖਤਿਆਰ ਕੀਤਾ ਗਿਆ। ਅਤਿ ਮੁਸ਼ਕਲਾਂ ਸਮੇਂ ਸਰਬੱਤ ਖਾਲਸਾ ਜੀ ਆਪੋ ਵਿੱਚ ਵਿਚਾਰ ਕਰਨ ਲਈ ਦੀਵਾਲੀ ਅਤੇ ਵਿਸਾਖੀ ਦਾ ਦਿਨ ਚੁਣਿਆ ਕਰਦਾ ਸੀ।

ਪੁਰਾਤਨ ਵੇਲਿਆਂ ਤੋਂ ਖਾਲਸਾ ਜੀ ਰਵਾਇਤ ਮੁਤਾਬਕ ਵਿਚਾਰ ਗੋਸਟਿ (ਸੰਵਾਦ ਜਾਂ ਗੁਰਮਤਾ) ਦੇ ਅਮਲ ਵਿੱਚ ਪੈਂਦਾ ਆਇਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਸੱਦੇ 'ਤੇ ਸਿੱਖ ਦੂਰੋਂ ਨੇੜਿਓਂ ਇਕੱਠੇ ਹੋ ਕੇ ਆਪਣੇ ਭਵਿੱਖ ਦੇ ਕਾਰਜਾਂ ਨੂੰ ਮਿਥਣ ਅਤੇ ਬੀਤੇ ਵੇਲੇ ਦੀ ਪੜਚੋਲ ਕਰਨ, ਸਰਬੱਤ ਖਾਲਸਾ ਜੀ ਕੇ ਦਰਸ਼ਨ ਦੀਦਾਰੇ ਲਈ ਸਾਲ ਵਿੱਚ ਦੋ ਵਾਰ ਇਕੱਠੇ ਹੁੰਦੇ ਸੀ। ਜਦੋਂ ਸ੍ਰੀ ਅਕਾਲ ਤਖਤ ਸਾਹਿਬ 'ਤੇ ਇਕੱਠ ਕਰਨਾ ਹਕੂਮਤ ਦੇ ਜਬਰ ਕਰਕੇ ਸੰਭਵ ਨਾ ਹੁੰਦਾ ਤਾਂ ਸਿੱਖ ਜੰਗਲਾਂ ਵਿੱਚ ਬੈਠ ਕੇ ਹੀ ਵਿਚਾਰ ਜਾਂ ਗੁਰਮਤੇ ਕਰਦੇ ਅਤੇ ਭਵਿੱਖ ਬਾਰੇ ਫੈਸਲੇ ਲੈਂਦੇ ਸੀ। ਜੋ ਵੀ ਫੈਸਲਾ ਹੁੰਦਾ ਸੀ, ਉਸਨੂੰ ਪੂਰਾ ਕਰਨ ਲਈ ਸਿਰੜ ਨਾਲ ਮਿਹਨਤ ਕਰਦੇ ਸੀ।

ਇਤਿਹਾਸ ਅਨੁਸਾਰ ਭਾਈ ਮਨੀ ਸਿੰਘ ਜੀ ਨੇ ਸਿੱਖਾਂ ਨੂੰ ਪ੍ਰੇਰਣਾ ਕੀਤੀ ਕਿ ਸ੍ਰੀ ਅਕਾਲ ਤਖਤ ਸਾਹਿਬ ਉਪਰ ਇਕੱਤਰ ਹੋ ਕੇ ਆਪਣੀ ਗੁਰੂ ਪਦਵੀ ਦੀ ਵਰਤੋਂ ਕਰਨ। ਸੰਨ 1734 ਵਿੱਚ ਗੁਰਮਤਾ ਹੋਇਆ ਜਿਸ 'ਤੇ ਭਾਈ ਕਪੂਰ ਸਿੰਘ ਨੂੰ ਨਵਾਬੀ ਦਿੱਤੀ ਗਈ। ਸੰਨ 1760 ਦੀ ਦੀਵਾਲੀ ਨੂੰ ਇਕੱਠ 'ਤੇ ਫੈਸਲਾ ਹੋਇਆ ਸੀ ਕਿ ਲਾਹੌਰ ਉਪਰ ਸਾਰੀਆਂ ਮਿਸਲਾਂ ਦੁਆਰਾ ਸਾਂਝਾ ਹਮਲਾ ਕਰਕੇ ਕਬਜ਼ਾ ਕੀਤਾ ਜਾਏਗਾ। ਸੰਨ 1762 ਦੀ ਦੀਵਾਲੀ 'ਤੇ ਖਾਲਸਾ ਜੀ ਨੇ ਫੈਸਲਾ ਕੀਤਾ ਕਿ ਵੱਡੇ ਘੱਲੂਘਾਰੇ ਦਾ ਬਦਲਾ ਅਬਦਾਲੀ ਨਾਲ ਸ੍ਰੀ ਅੰਮ੍ਰਿਤਸਰ ਸਾਹਿਬ ਜੰਗ ਕਰਕੇ ਲਿਆ ਜਾਵੇਗਾ। ਇਸ ਤੋਂ ਇਲਾਵਾ ਵਿਸਾਖੀ ਜਾਂ ਕਿਸੇ ਹੋਰ ਦਿਨ 'ਤੇ ਸਿੱਖ ਵਿਚਾਰਾਂ ਦੇ ਅਮਲ ਵਿੱਚ ਪੈਂਦੇ ਰਹੇ ਅਤੇ ਆਪਣੇ ਭਵਿੱਖ ਨੂੰ ਸਵਾਰਦੇ ਚਲੇ ਗਏ ਜਦ ਤੱਕ ਕਿ ਸਿੱਖ ਰਾਜ ਕਾਇਮ ਨਾ ਹੋ ਗਿਆ।

ਇਸ ਤਰ੍ਹਾਂ ਸਿੱਖਾਂ ਦੇ ਇਨ੍ਹਾਂ ਦਿਹਾੜਿਆਂ 'ਤੇ ਮਿਲ ਬੈਠ ਕੇ ਵਿਚਾਰ ਕਰਨ ਦੀ ਰਵਾਇਤ ਨੂੰ ਮੁੜ ਤੋਂ ਸੁਰਜੀਤ ਕਰਨ ਦੇ ਯਤਨ ਵਜੋਂ ਗੁਰੂ ਖਾਲਸਾ ਪੰਥ ਦੀਆਂ ਜੁਝਾਰੂ ਸ਼ਖਸੀਅਤਾਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਰਬੱਤ ਖਾਲਸਾ ਜੀ ਨੂੰ ਗੋਸ਼ਟਿ ਕਰਨ ਦਾ ਸੱਦਾ ਦਿੱਤਾ। ਅਜਿਹੇ ਉੱਦਮ ਦਾ ਸਵਾਗਤ ਕਰਨਾ ਬਣਦਾ ਹੈ। ਸੰਘਰਸ਼ੀ ਸਿੱਖ ਸ਼ਖਸੀਅਤਾਂ ਭਾਈ ਰਜਿੰਦਰ ਸਿੰਘ ਮੁਗਲਵਾਲ, ਭਾਈ ਲਾਲ ਸਿੰਘ ਅਕਾਲਗੜ੍ਹ, ਭਾਈ ਦਲਜੀਤ ਸਿੰਘ ਬਿੱਟੂ, ਭਾਈ ਨਰੈਣ ਸਿੰਘ ਚੌੜਾ, ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਅਮਰੀਕ ਸਿੰਘ ਈਸੜੂ, ਭਾਈ ਸੁਖਦੇਵ ਸਿੰਘ ਫਗਵਾੜਾ, ਭਾਈ ਹਰਦੀਪ ਸਿੰਘ ਮਹਿਰਾਜ, ਭਾਈ ਸੁਖਦੇਵ ਸਿੰਘ ਡੋਡ, ਭਾਈ ਸਤਨਾਮ ਸਿੰਘ ਖੰਡੇਵਾਲਾ ਅਤੇ ਭਾਈ ਸਤਨਾਮ ਸਿੰਘ ਝੰਜੀਆਂ ਵੱਲੋਂ ਸਾਂਝੇ ਤੌਰ ਉੱਤੇ ਕੀਤੇ ਯਤਨਾਂ ਸਦਕਾ ਗੁਰੂ ਖਾਲਸਾ ਪੰਥ ਦੀਆਂ ਨਾਮਵਰ ਤੇ ਸਤਕਾਰਿਤ ਹਸਤੀਆਂ ਸਾਬਕਾ ਸਿੰਘ ਸਾਹਿਬਾਨ, ਨਿਹੰਗ ਸਿੰਘ ਜਥੇਬੰਦੀਆਂ, ਕਾਰ ਸੇਵਾ ਸੰਪਰਦਾਵਾਂ, ਟਕਸਾਲਾਂ, ਪੰਥਕ ਸੰਸਥਾਵਾਂ, ਪੰਥਕ ਜਥੇਬੰਦੀਆਂ ਨੇ ਇਸ ਗੋਸਟ ਵਿੱਚ ਹਾਜ਼ਰੀ ਭਰੀ। ਸਾਂਝਾ ਯਤਨ ਕਰਨ ਵਾਲੀਆਂ ਸ਼ਖਸੀਅਤਾਂ ਨੇ ਪੰਥਕ ਵਿਹੜੇ ਅੰਦਰ ਇਹ ਸੁਨੇਹਾ ਦਿੱਤਾ ਕਿ ਉਹ ਸਭ ਨਿਸ਼ਕਾਮ ਰਹਿ ਕੇ ਸਭ ਜਥੇਬੰਦੀਆਂ ਨੂੰ ਵਿਚਾਰ ਕਰਨ ਦਾ ਸੱਦਾ ਦੇਣਗੇ, ਅਤੇ ਸਾਂਝੀ ਰਾਇ ਨਾਲ ਭਵਿੱਖ ਦਾ ਅਮਲ ਤਲਾਸ਼ਣਗੇ। ਗੋਸ਼ਟੀ ਤੋਂ ਪਹਿਲਾਂ ਕੀਰਤਨ ਅਤੇ ਸਮਾਪਤੀ 'ਤੇ ਨਾਮ ਸਿਮਰਨ ਅਤੇ ਅੰਤ ਅਰਦਾਸ ਬੇਨਤੀ ਕਰਕੇ ਹੁਕਮਨਾਮਾ ਲਿਆ ਗਿਆ। ਇਸ ਤਰਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅੰਦਰ ਵਿਚਾਰ ਗੋਸ਼ਟੀ ਪਵਿੱਤਰਤਾ ਨਾਲ ਸਮਾਪਤ ਹੋਈ।

ਗੁਰਬਾਣੀ ਸਿੱਖਾਂ ਨੂੰ ਮਿਲ ਬੈਠ ਕੇ ਦੁਬਿਧਾ ਦੂਰ ਕਰਨ ਲਈ ਕਹਿੰਦੀ ਹੈ। ਵਿਚਾਰ ਗੋਸ਼ਟੀ ਵਿੱਚ ਦੋ ਤਰਫੀ ਗੱਲਬਾਤ ਦਾ ਮਹੌਲ ਬਣਦਾ ਹੈ। ਸੰਗਤ ਦੇ ਸੁਝਾਵਾਂ ਨਾਲ ਗੱਲ ਨਿਖਰਦੀ ਰਹਿੰਦੀ ਹੈ। ਸਭ ਦੀ ਸ਼ਮੂਲੀਅਤ ਹੁੰਦੀ ਹੈ। ਗੁਰੂ ਖਾਲਸਾ ਪੰਥ ਵਿੱਚ ਵੱਖ-ਵੱਖ ਜਥੇਬੰਦੀਆਂ ਦਾ ਆਪਸੀ ਵਖਰੇਵਾਂ ਥੋੜ੍ਹਾ ਹੀ ਹੈ, ਪਰ ਵਿਚਾਰ ਦੀ ਘਾਟ ਕਰਕੇ ਇੱਕ ਦੂਜੇ ਤੋਂ ਦੂਰੀਆਂ ਵੱਧ ਜਾਂਦੀਆਂ ਹਨ। ਇਸ ਲਈ ਜਿੱਥੇ ਸਾਰੀਆਂ ਜਥੇਬੰਦੀਆਂ ਦਾ ਇਕੱਠਾ ਹੋਣਾ ਜਰੂਰੀ ਹੈ ਉਥੇ ਹੀ ਸਭ ਨੂੰ ਮਿਲ ਬੈਠ ਕੇ ਵਿਚਾਰ ਕਰਨ ਦੇ ਅਮਲ ਵਿੱਚ ਪੈਣ ਦੀ ਬਹੁਤ ਲੋੜ ਹੈ। ਕਾਫੀ ਸਮੇਂ ਤੋਂ ਗੁਰੂ ਖਾਲਸਾ ਪੰਥ ਅੰਦਰ ਗੱਲ ਚੱਲਦੀ ਰਹੀ ਕਿ ਸਿੱਖਾਂ ਨੂੰ ਸਿਰ ਜੋੜ ਕੇ ਬੈਠਣਾ ਚਾਹੀਦਾ ਹੈ। ਪਰ ਕਿਸ ਤਰ੍ਹਾਂ ? ਜਦੋਂ ਕੋਈ ਅਮਲ ਸ਼ੁਰੂ ਹੁੰਦਾ ਹੈ ਤਾਂ ਹੀ ਉਸਦੇ ਅਗਲੇ ਪੜਾਅ ਦੀ ਕਲਪਨਾ ਹੋ ਸਕਦੀ ਹੈ। ਗੁਰੂ ਖਾਲਸਾ ਪੰਥ ਜੇਕਰ ਸੰਵਾਦ, ਵਿਚਾਰ ਗੋਸ਼ਟੀ ਦੇ ਅਮਲ ਵਿੱਚ ਪੈਂਦਾ ਹੈ, ਤਾਂਹੀ ਅਗਲੇ ਰਾਹ ਸਮਝ ਆ ਸਕਣਗੇ। ਗੁਰੂ ਸਾਹਿਬ ਇਸ ਵੱਲ ਇਸ਼ਾਰਾ ਕਰਦਿਆਂ ਕਹਿੰਦੇ ਹਨ ਕਿ ਕੁਝ ਸੁਣਨਾ ਚਾਹੀਦਾ ਹੈ ਤੇ ਕਹਿਣਾ ਚਾਹੀਦਾ ਹੈ। ਫਾਇਦਾ ਇਹ ਹੋਵੇਗਾ ਕਿ ਆਪਸੀ ਵਖਰੇਵਿਆਂ ਦੇ (ਲਿਬਾਸ, ਮਾਨਤਾਵਾਂ, ਮਰਿਯਾਦਾ ਦੇ) ਬਾਵਜੂਦ ਇਕੱਠੇ ਹੋ ਕੇ ਬੈਠ ਅਤੇ ਗੱਲ ਕਰ ਸਕਣ ਦਾ ਮਹੌਲ ਸਿਰਜਿਆ ਜਾ ਸਕੇਗਾ। ਦੂਸਰਾ ਫਾਇਦਾ ਹੋਵੇਗਾ ਕਿ ਭਵਿੱਖ ਵਿੱਚ ਗੁਰਮਤਿ ਦੇ ਪਸਾਰੇ ਲਈ, ਸਰਬੱਤ ਦੇ ਭਲੇ ਲਈ ਸਾਂਝੇ ਨੁਕਤੇ ਜਾਂ ਨਿਸ਼ਾਨੇ ਨਿੱਖਰ ਕੇ ਸਾਹਮਣੇ ਆ ਸਕਣਗੇ ਅਤੇ ਉਸ ਦੀ ਪ੍ਰਾਪਤੀ ਲਈ ਸਭ ਧਿਰਾਂ ਵਲੋਂ ਸਾਂਝੇ ਤੌਰ 'ਤੇ ਜ਼ਮੀਨੀ ਕਾਰਜ ਕੀਤੇ ਜਾ ਸਕਣਗੇ। ਸਭ ਤੋਂ ਅਹਿਮ ਗੱਲ ਕਿ ਇਹ ਰਾਹ ਸਾਡਾ ਬੁਨਿਆਦੀ ਰਾਹ ਹੈ, ਸਾਡੇ ਪੁਰਖਿਆਂ ਦਾ ਰਾਹ ਹੈ ਅਤੇ ਇਸੇ ਰਾਹ 'ਤੇ ਚੱਲ ਕੇ ਅਸੀਂ ਆਪਣੀਆਂ ਮੌਜੂਦਾ ਸਮੱਸਿਆਵਾਂ ਦੇ ਹੱਲ ਲੱਭ ਸਕਾਂਗੇ। ਸਾਨੂੰ ਸਭ ਨੂੰ ਇਸ ਤਰ੍ਹਾਂ ਦੇ ਉੱਦਮਾਂ ਨੂੰ ਹੁੰਗਾਰਾ ਦੇਣਾ ਚਾਹੀਦਾ ਹੈ।

-ਸੰਪਾਦਕ

# ਭਾਰਤ ਵਿਚ ਅਕਾਦਮਿਕ ਅਜ਼ਾਦੀ ਦਾ ਸੁਆਲ

ਵਿਸ਼ੇਸ਼ ਮੁੱਦਾ



ਰਣਜੀਤ ਸਿੰਘ ਕੁਕੀ

ਅਕਾਦਮਿਕ ਅਜ਼ਾਦੀ ਦਾ ਅਰਥ ਪੜ੍ਹਨ, ਪੜ੍ਹਾਉਣ ਅਤੇ ਵਿਭਿੰਨ ਵਿਸ਼ਿਆਂ ਉੱਪਰ ਖੋਜ ਕਰਨ ਦਾ ਅਧਿਕਾਰ ਹੈ, ਪਰ ਫਿਰ ਵੀ ਇਹ ਗਿਆਨ ਦੀ ਖੋਜ ਦੇ ਇਸ ਅਧਿਕਾਰ ਉੱਪਰ ਭਾਰਤ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਲਗਾਤਾਰ ਹਮਲਾ ਹੋ ਰਿਹਾ ਹੈ। ਨਵੀਂ ਸਿੱਖਿਆ ਨੀਤੀ 2020 ਬਾਰੇ ਇਹ ਤਰਕ ਪੇਸ਼ ਕੀਤਾ ਜਾਂਦਾ ਹੈ ਕਿ ਇਹ ਉਨ੍ਹਾਂ ਸਿਧਾਂਤਾਂ ਉੱਪਰ ਆਧਾਰਿਤ ਹੈ ਜਿਸ ਵਿਚ ਸਿਰਜਾਣਤਮਿਕਤਾ, ਆਲੋਚਨਾਤਮਕ ਸੋਚ, ਸੰਵਿਧਾਨਕ ਕਦਰਾਂ-ਕੀਮਤਾਂ, ਵਿਭਿੰਨਤਾ ਲਈ ਸਤਿਕਾਰ, ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਕੰਮ ਕਰਨ ਲਈ ਸਾਕਾਰਤਮਕ ਮਾਹੌਲ ਅਤੇ ਜਨਤਕ ਸਿੱਖਿਆ ਵਿਚ ਨਿਵੇਸ਼ ਸ਼ਾਮਿਲ ਹਨ। ਨਵੀਂ ਸਿੱਖਿਆ ਨੀਤੀ ਵਿਚ ਉੱਚ-ਸਿੱਖਿਆਤਮਕ ਸੰਸਥਾਵਾਂ ਵਿਚ 'ਮੈਰਿਟ ਅਧਾਰਿਤ ਲੀਡਰਸ਼ਿਪ ਦੀ ਨਿਯੁਕਤੀ' ਅਤੇ ਰਾਜਨੀਤਿਕ ਅਤੇ ਬਾਹਰੀ ਦਖਲ ਤੋਂ ਅਜ਼ਾਦੀ ਦਾ ਵੀ ਵਾਅਦਾ ਕੀਤਾ ਗਿਆ ਹੈ। ਪਰ ਨਵੀਂ ਸਿੱਖਿਆ ਨੀਤੀ ਵਿਚ ਸਭ ਤੋਂ ਵੱਡੀ ਸਮੱਸਿਆ ਵਾਅਦੇ ਅਤੇ ਵਿਵਹਾਰ ਵਿਚ ਵੱਡਾ ਪਾੜਾ ਹੈ।

ਅਜ਼ਾਦੀ ਤੋਂ ਬਾਅਦ ਦੇ ਦਹਾਕਿਆਂ ਵਿਚ, ਖਾਸ ਕਰਕੇ ਐਮਰਜੈਂਸੀ ਦੌਰਾਨ, ਵੀ ਅਕਾਦਮਿਕ ਅਜ਼ਾਦੀ ਨਾਲ ਸੰਬੰਧਿਤ ਢਾਂਚਾਗਤ ਸਰੋਕਾਰਾਂ ਬਾਰੇ ਗੱਲ ਕੀਤੀ ਗਈ ਹੈ। ਪਰ 2014 ਤੋਂ ਬਾਅਦ, ਜਦੋਂ ਭਾਰਤੀ ਜਨਤਾ ਪਾਰਟੀ ਸੱਤਾ ਵਿਚ ਆਈ, ਅਕਾਦਮਿਕ ਸੰਸਥਾਵਾਂ ਵਿਚ ਅਕਾਦਮਿਕ ਅਜ਼ਾਦੀ ਉੱਪਰ ਹਮਲਿਆਂ ਦੇ ਵਰਤਾਰੇ ਵਿਚ ਭਾਰੀ ਵਾਧਾ ਹੋਇਆ ਹੈ। ਯੂਨੀਵਰਸਿਟੀ ਆਫ ਗੁਟੇਨਬਰਗ, ਸਵੀਡਨ ਦੀ ਵੀ-ਡੈਮ ਸੰਸਥਾ ਦੁਆਰਾ ਪੇਸ਼ ਕੀਤੇ ਜਾਂਦੇ ਅਕਾਦਮਿਕ ਅਜ਼ਾਦੀ ਸੂਚਕ ਵਿਚ ਭਾਰਤ ਦਾ ਸਥਾਨ ਲਗਾਤਾਰ ਹੇਠਾਂ ਡਿੱਗਿਆ ਹੈ।ਆਲ ਇੰਡੀਆ ਸਰਵੇ ਆਫ ਹਾਇਰ ਐਜੂਕੇਸ਼ਨ (2018-19) ਅਨੁਸਾਰ ਭਾਰਤ ਵਿਚ 993 ਯੂਨੀਵਰਸਿਟੀਆਂ, 39,931 ਕਾਲਜ ਅਤੇ 10,752 ਸੁਤੰਤਰ ਰੂਪ ਨਾਲ ਕੰਮ ਕਰਨ ਵਾਲੀਆਂ ਸੰਸਥਾਵਾਂ ਹਨ।ਇਹਨਾਂ ਵਿਚੋਂ 395 ਯੂਨੀਵਰਸਿਟੀਆਂ ਅਤੇ 75% ਕਾਲਜਾਂ ਦਾ ਨਿੱਜੀ ਰੂਪ ਵਿਚ ਪ੍ਰਬੰਧਨ ਕੀਤਾ ਜਾਂਦਾ ਹੈ ਜਦੋਂ ਕਿ 394 ਯੂਨੀਵਰਸਿਟੀਆਂ ਅਤੇ 60.53% ਕਾਲਜ ਪੇਂਡੂ ਇਲਾਕਿਆਂ ਨਾਲ ਸੰਬੰਧਿਤ ਹਨ।

ਭਾਰਤ ਵਿਚ 37.4 ਮਿਲੀਅਨ ਲੋਕ (19.2 ਮਿਲੀਅਨ ਮਰਦ ਅਤੇ 18.2 ਮਿਲੀਅਨ ਔਰਤਾਂ) ਉੱਚ ਸੰਸਥਾਵਾਂ ਵਿਚ ਦਾਖਲਾ ਲੈਂਦੇ ਹਨ।ਕਈ ਸੂਚੀਆਂ ਦੇ ਵਿਅਕਤੀਆਂ ਨੂੰ ਉੱਚ ਸਿੱਖਿਆ ਤੱਕ ਓਨੀ ਪਹੁੰਚ ਨਹੀਂ ਹੈ।ਉਦਾਹਰਣ ਵਜੋਂ, ਅਨੁਸਾਚਿਤ ਜਾਤੀਆਂ ਦੀ ਕੁੱਲ ਦਾਖਲਾ ਅਨੁਪਾਤ 23%, ਅਨੁਸੂਚਿਤ ਜਨਜਾਤੀਆਂ ਦਾ 17.2% ਹੈ ਜਦੋਂ ਕਿ ਇਸ ਦੇ ਮੁਕਾਬਲਤਨ ਰਾਸ਼ਟਰੀ ਅਨੁਪਾਤ 26.3% ਹੈ। ਵਿਦਿਆਰਥੀਆਂ ਦੀ ਗਿਣਤੀ ਵਿਚ ਮੁਸਲਿਮ ਕੁੱਲ 5.2% ਹਨ ਜਦੋਂ ਕਿ ਉਨ੍ਹਾਂ ਦੀ ਕੁੱਲ ਅਬਾਦੀ ਦੇ ਹਿਸਾਬ ਨਾਲ ਅਨੁਪਾਤ 14.2% ਹੈ।ਨਿੱਜੀ ਅਤੇ ਜਨਤਕ ਯੂਨੀਵਰਸਿਟੀਆਂ ਦਾ ਮਿਸ਼ਰਣ, ਕੇਂਦਰੀ ਅਤੇ ਸੂਬਾ ਯੂਨੀਵਰਸਿਟੀਆਂ, ਡੀਮਡ ਯੂਨੀਵਰਸਿਟੀਆਂ, ਰਾਸ਼ਟਰੀ ਮਹੱਤਤਾ ਵਾਲੀਆਂ ਸੰਸਥਾਵਾਂ, ਸੂਬਾ ਸਰਕਾਰ ਦੁਆਰਾ ਸਹਾਇਤਾ ਪ੍ਰਾਪਤ ਅਤੇ ਘੱਟ-ਗਿਣਤੀ ਸੰਸਥਾਵਾਂ (ਜੋ ਕਿ ਧਾਰਮਿਕ ਸੰਸਥਾਵਾਂ ਦੁਆਰਾ ਚਲਾਈਆਂ ਜਾਂਦੀਆਂ ਹਨ) ਸੰਸਥਾਗਤ ਅਜ਼ਾਦੀ ਅਤੇ ਅਕਾਦਮਿਕ ਅਜ਼ਾਦੀ ਨੂੰ ਪ੍ਰਭਾਵਿਤ ਕਰਦੀਆਂ ਹਨ।

ਭਾਰਤ ਵਿਚ ਸੂਬਾ ਯੂਨੀਵਰਸਿਟੀਆਂ ਨਿਯੁਕਤੀਆਂ, ਆਰਥਿਕ ਸਹਾਇਤਾ ਅਤੇ ਹੋਰ ਮਸਲਿਆਂ ਲਈ ਸੂਬਾ ਸਰਕਾਰਾਂ ਉੱਪਰ ਨਿਰਭਰ ਹਨ।ਪ੍ਰੋਫੈਸ਼ਨਲ ਕੋਰਸ ਚਲਾਉਣ ਵਾਲੇ ਬਹੁਤ ਸਾਰੇ ਨਿੱਜੀ ਕਾਲਜ ਸਥਾਨਿਕ ਬਿਜ਼ਨਸ ਪਰਿਵਾਰਾਂ ਦੁਆਰਾ ਚਲਾਏ ਜਾ ਰਹੇ ਹਨ।ਲਿਹਾਜ਼ਾ, ਉਨ੍ਹਾਂ ਵਿਚ ਤਰਕਸੰਗਤ ਸੋਚ ਨੂੰ ਜਿਆਦਾ ਪ੍ਰਫੁੱਲਿਤ ਨਹੀਂ ਕੀਤਾ ਜਾਂਦਾ। 2014 ਤੋਂ ਪਹਿਲਾਂ ਬਹੁਤ ਸਾਰੇ ਪ੍ਰੋਗਰਾਮਾਂ, ਜੋ ਕਿ ਮਹੱਤਵਪੂਰਨ ਮਸਲਿਆਂ ਜਿਵੇਂ ਕਸ਼ਮੀਰ ਜਾਂ ਮਾਓਵਾਦੀਆਂ, ਨਾਲ ਸੰਬੰਧਿਤ ਸਨ, ਨੂੰ ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ ਦੀਆਂ ਧਮਕੀਆਂ ਕਰਕੇ ਰੱਦ ਕਰ ਦਿੱਤਾ ਗਿਆ। ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਭਾਰਤੀ ਜਨਤਾ ਪਾਰਟੀ ਦੇ ਆਉਣ ਤੋਂ ਬਾਅਦ ਏਬੀਵੀਪੀ ਦੀ ਵੀਟੋ ਪਾਵਰ ਅਤੇ ਦਖ਼ਲਅੰਦਾਜ਼ੀ ਵਿਚ ਵਾਧਾ ਹੋਇਆ ਹੈ।ਪਰ ਇਹਨਾਂ ਮਸਲਿਆਂ ਨੂੰ ਅਦਾਲਤ ਤੱਕ ਲੈ ਕੇ ਜਾਣ ਦੀਆਂ ਕੋਈ ਕੋਸ਼ਿਸ਼ਾਂ ਨਹੀਂ ਹੋਈਆਂ ਹਨ।

2014 ਤੋਂ ਬਾਅਦ ਭਾਰਤੀ ਜਨਤਾ ਪਾਰਟੀ ਦੀ ਵਿਦਿਆਰਥੀ ਜੱਥੇਬੰਦੀ ਤੋਂ ਛੁੱਟ ਹੋਰ ਜੱਥੇਬੰਦੀਆਂ ਨਾਲ ਸੰਬੰਧਿਤ ਵਿਦਿਆਰਥੀਆਂ ਉੱਪਰ ਦੇਸ਼ ਧ੍ਰੋਹ ਦੇ ਮੁਕੱਦਮੇ ਚੱਲ ਰਹੇ ਹਨ ਅਤੇ ਉਨ੍ਹਾਂ ਉੱਪਰ ਯੂਏਪੀਏ ਲਗਾਇਆ ਗਿਆ ਹੈ ਜਿਸ ਵਿਚ ਉਨ੍ਹਾਂ ਨੂੰ ਜ਼ਮਾਨਤ ਵੀ ਨਹੀਂ ਮਿਲ ਸਕਦੀ।ਭਾਰਤ ਨੇ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਅਧਿਕਾਰਾਂ ਨਾਲ ਸੰਬੰਧਿਤ ਅੰਤਰਰਾਸ਼ਟਰੀ ਕਨਵੈਂਸ਼ਨ ਦੀ ਪੁਸ਼ਟੀ ਕੀਤੀ ਹੈ ਜਿਸ ਵਿਚ ਸੰਵਿਧਾਨ ਦੀ ਧਾਰਾ 13 ਅਤੇ 15 ਖਾਸ ਤੌਰ ਤੇ ਅਕਾਦਮਿਕ ਅਜ਼ਾਦੀ ਨਾਲ ਸੰਬੰਧਿਤ ਹਨ।ਭਾਰਤ ਦੀਆਂ ਅਦਾਲਤਾਂ ਵਿਚ ਅੰਤਰਰਾਸ਼ਟਰੀ ਧਾਰਾਵਾਂ ਦੀ ਗੱਲ ਬਹੁਤ ਹੀ ਸਾਵਧਾਨੀ ਨਾਲ ਕੀਤੀ ਜਾਂਦੀ ਹੈ ਅਤੇ ਅਕਾਦਮਿਕ ਅਜ਼ਾਦੀ ਵਿਚ ਅੱਗੇ ਲਿਖੇ ਸੂਚਕ ਸ਼ਾਮਿਲ ਕੀਤੇ ਜਾਂਦੇ ਹਨ : 1) ਖੋਜ ਕਰਨ ਅਤੇ ਪੜ੍ਹਾਉਣ ਦੀ ਅਜ਼ਾਦੀ 2) ਅਕਾਦਮਿਕ ਆਦਾਨ-ਪ੍ਰਦਾਨ ਦੀ ਅਜ਼ਾਦੀ 3) ਸੰਸਥਾਵਾਂ ਦੀ ਖ਼ੁਦਮੁਖਤਿਆਰੀ 4) ਕੈਂਪਸ ਦੀ ਪ੍ਰਤੀਬੱਧਤਾ ਅਤੇ 5) ਅਕਾਦਮਿਕ ਅਤੇ ਸੱਭਿਆਚਾਰਕ ਅਭਿਵਿਅਕਤੀ ਦੀ ਅਜ਼ਾਦੀ ਸ਼ਾਮਿਲ ਕੀਤੇ ਜਾਂਦੇ ਹਨ।

ਸੰਸਥਾਗਤ ਖ਼ੁਦਮੁਖਤਿਆਰੀ ਉੱਪਰ ਪਾਬੰਦੀਆਂ ਕਰਕੇ ਸੰਸਥਾਵਾਂ ਵਿਚ ਵਾਈਸ ਚਾਂਸਲਰ, ਅਧਿਆਪਕਾਂ ਦੀ ਨਿਯੁਕਤੀ, ਵਿਦਿਆਰਥੀਆਂ ਦੀ ਚੋਣ, ਕੋਰਸਾਂ ਨੂੰ ਬਣਾਉਣਾ ਅਤੇ ਹੋਰ ਬਹੁਤ ਸਾਰੇ ਪੱਖ ਪ੍ਰਭਾਵਿਤ ਹੋ ਰਹੇ ਹਨ।ਭਾਰਤੀ ਯੂਨੀਵਰਸਿਟੀਆਂ ਦੇ ਆਕਾਰ ਅਤੇ ਅਧਿਆਪਕ, ਵਿਦਿਆਰਥੀਆਂ ਅਤੇ ਹੋਰ ਯੂਨੀਅਨਾਂ, ਰਾਸ਼ਟਰੀ ਅਤੇ ਸੂਬਾ ਰਾਜਨੀਤੀ ਦੇ ਦਬਾਅ ਕਰਕੇ ਚੰਗੇ ਤੋਂ ਚੰਗਾ ਵਾਈਸ ਚਾਂਸਲਰ ਵੀ ਠੀਕ ਢੰਗ ਨਾਲ ਕੰਮ ਨਹੀਂ ਕਰ ਸਕਦਾ। 2014 ਤੋਂ ਬਾਅਦ ਸਰਕਾਰ ਨੇ ਬਹੁਤ ਹੀ ਵਿਵਸਥਿਤ ਤਰੀਕੇ ਨਾਲ ਅਕਾਦਮਿਕ ਲੀਡਰਸ਼ਿਪ ਦੇ ਸਥਾਨਾਂ ਨੂੰ ਸੱਜੇ-ਪੱਖੀ ਵਿਚਾਰਕਾਂ ਅਤੇ ਸਰਕਾਰ ਪੱਖੀਆਂ ਨਾਲ ਭਰ ਦਿੱਤਾ ਹੈ।ਜਨਤਕ ਯੂਨੀਵਰਸਿਟੀਆਂ ਨੇ ਬਹੁਤ ਸਾਰੇ ਸਰਵਿਸ ਰੂਲ ਵੀ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਕਿ ਫੈਕਲਟੀ ਮੈਂਬਰ ਪ੍ਰੈਸ ਲਈ ਨਾ ਲਿਖ ਸਕਣ, ਮੁਜ਼ਾਹਰਿਆਂ ਅਤੇ ਹੋਰ ਗਤੀਵਿਧੀਆਂ ਵਿਚ ਵਿਚ ਹਿੱਸਾ ਨਾ ਲੈ ਸਕਣ।ਰਾਸ਼ਟਰੀ ਸਵੈ ਸੰਘ ਨੇ ਏਬੀਵੀਪੀ ਰਾਹੀਂ ਜਾਂ ਸਿੱਧੇ ਰੂਪ ਨਾਲ ਸਰਕਾਰੀ ਅਤੇ ਨਿੱਜੀ ਸੰਸਥਾਵਾਂ ਨੂੰ ਆਪਣੇ ਢੰਗ ਨਾਲ ਚਲਾਉਣ ਦੀ ਕੋਸ਼ਿਸ਼ ਕੀਤੀ ਹੈ।ਉਦਾਹਰਣ ਵਜੋਂ 2018 ਵਿਚ ਏਬੀਵੀਪੀ ਨੇ ਰਾਮਚੰਦਰ ਗੁਹਾ ਨੂੰ 'ਤਥਾਕਥਿਤ ਇਤਿਹਾਸਕਾਰ' ਅਤੇ 'ਸੇਧਹੀਣ ਵਿਅਕਤੀ' ਕਹਿ ਕੇ ਅਹਿਮਦਾਬਾਦ ਯੂਨੀਵਰਸਿਟੀ (ਨਿੱਜੀ) ਵਿਚ ਚੇਅਰ ਲੈਣ ਤੋਂ ਮਨ੍ਹਾਂ ਕਰ ਦਿੱਤਾ ਗਿਆ ਅਤੇ ਕਿਹਾ ਗਿਆ ਕਿ ਉਸ ਦੀ ਲਿਖਤਾਂ ਨੇ ਰਾਸ਼ਟਰੀ ਵਿਘਟਨ ਦੀਆਂ ਘਟਨਾਵਾਂ, ਨਿੱਜੀ ਅਜ਼ਾਦੀ, ਅੱਤਵਾਦੀਆਂ ਨੂੰ ਛੱਡਣ ਅਤੇ ਜੰਮੂ ਕਸ਼ਮੀਰ ਦੀ ਅਜ਼ਾਦੀ ਦੇ ਨਾਂ 'ਤੇ ਅਰਾਜ਼ਕਤਾ ਨੂੰ ਬੜ੍ਹਾਵਾ ਦਿੱਤਾ ਹੈ।

2014 ਤੋਂ ਬਾਅਦ ਰਾਸ਼ਟਰੀ ਸਵੈ ਸੰਘ ਦੀ ਪਰਿਕਲਪਨਾ ਹੀ ਮਹੱਤਵਪੂਰਨ ਫੋਰਸ ਰਹੀ ਹੈ ਜਿਸ ਅਨੁਸਾਰ ਸਿੱਖਿਆ ਦਾ ਮੁੱਖ ਮਕਸਦ ਹਿੰਦੂ ਰਾਸ਼ਟਰ ਨੂੰ ਮਜਬੂਤ ਕਰਨਾ ਅਤੇ 'ਹਿੰਦੂ ਕਦਰਾਂ-ਕੀਮਤਾਂ' ਉੱਪਰ ਅਧਾਰਿਤ ਸਿੱਖਿਆ ਨੂੰ ਬੜ੍ਹਾਵਾ ਦੇਣਾ ਹੈ।ਇਸ ਸਮੇਂ ਤੋਂ ਬਾਅਦ ਲਗਾਤਾਰ ਇਹ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਕਿ ਖੋਜ ਫੰਡ ਵੀ ਹਿੰਦੂ ਕਦਰਾਂ ਕੀਮਤਾਂ ਨਾਲ ਸੰਬੰਧਿਤ ਖੋਜ ਕਾਰਜਾਂ ਨੂੰ ਹੀ ਦਿੱਤੇ ਜਾਣ ਜਿਸ ਵਿਚ ਗਊ ਰੱਖਿਆ ਦਾ ਵਿਸ਼ਾ ਇਸ ਦੀ ਉਦਾਹਰਣ ਹੈ। 2017 ਵਿਚ ਵਿਗਿਆਨੀਆਂ ਨੇ ਪੂਰੇ ਭਾਰਤ ਵਿਚ ਫੰਡਿਗ ਵਿਚ ਕਮੀ ਅਤੇ ਅਵਿਗਿਆਨਿਕ, ਅਤੇ ਧਾਰਮਿਕ ਅਸਹਿਣਸ਼ੀਲਤਾ ਜਿਹੇ ਮੁੱਦਿਆਂ ਨੂੰ ਬੜ੍ਹਾਵਾ ਦੇਣ ਖਿਲਾਫ ਮਾਰਚ ਕੀਤਾ ਸੀ।ਉਨ੍ਹਾਂ ਨੇ ਇਹ ਚਿੰਤਾ ਜਤਾਈ ਸੀ ਕਿ ਅਵਿਗਿਆਨਕ ਵਿਚਾਰਾਂ ਨੂੰ ਸਕੂਲੀ ਕਿਤਾਬਾਂ ਅਤੇ ਸਿਲੇਬਸ ਵਿਚ ਸ਼ਾਮਿਲ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਦੀਆਂ ਸਰਕਾਰਾਂ ਸਮੇਂ ਵੀ ਸਰਕਾਰ ਪੱਖੀ ਪਾਠਕ੍ਰਮ ਤਿਆਰ ਕਰਵਾਉਣ ਜਿਹੇ ਇਲਜ਼ਾਮ ਲੱਗਦੇ ਰਹੇ ਹਨ, ਪਰ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਸਮੇਂ ਇਹ ਸਾਰੀਆਂ ਹੱਦਾਂ ਹੀ ਪਾਰ ਕਰ ਗਏ।

ਯੂਨੀਵਰਸਿਟੀ ਕੈਂਪਸਾਂ ਵਿਚ ਵਿਰੋਧ ਨੂੰ ਦਬਾਉਣਾ ਗ੍ਰਿਫਤਾਰੀਆਂ, ਵਿਦਿਆਰਥੀ ਅਤੇ ਅਧਿਆਪਕ ਜੱਥੇਬੰਦੀਆਂ ਉੱਪਰ ਪਾਬੰਦੀਆਂ ਅਤੇ ਹੋਰ ਸਜਾ ਯਾਫਤਾ ਢੰਗਾਂ ਦਾ ਰੂਪ ਲੈ ਚੁੱਕਿਆ ਹੈ।ਲੰਮੇ ਸਮੇਂ ਤੋਂ ਚੱਲ ਰਹੀ ਪ੍ਰਥਾ ਕਿ ਕੈਂਪਸ ਵਿਚ ਪੁਲਿਸ ਨਹੀਂ ਦਾਖਲ ਹੋ ਸਕਦੀ, ਹੁਣ ਬੀਤੇ ਦੀ ਗੱਲ ਹੋ ਚੁੱਕੀ ਹੈ। ਪੂਰੇ ਭਾਰਤ ਵਿਚ ਹੁਣ ਪੁਲਿਸ ਰੁਟੀਨ ਰੂਪ ਨਾਲ ਸ਼ਾਮਿਲ ਹੁੰਦੀ ਹੈ। 'ਸੋਚਣ ਦੀ ਅਜ਼ਾਦੀ 2021' ਦੀ ਰਿਪੋਰਟ ਅਨੁਸਾਰ ਭਾਰਤੀ ਅਧਿਕਾਰੀਆਂ ਨਾਲ ਬਹੁਤ ਹੀ ਗਲਤ ਢੰਗਾਂ ਨਾਲ ਵਿਦਵਾਨਾਂ ਅਤੇ ਵਿਦਿਆਰਥੀਆਂ ਨੂੰ ਬੰਦੀ ਬਣਾਇਆ ਹੈ।ਇਸ ਰਿਪੋਰਟ ਵਿਚ ਸਿੱਖਿਅਕਾਂ, ਸਰਕਾਰ ਅਤੇ ਸਿਵਲ ਸਮਾਜ ਨੂੰ ਅਕਾਦਮਿਕ ਅਜ਼ਾਦੀ ਬਚਾਉਣ ਦੀ ਗੁਹਾਰ ਲਗਾਈ ਗਈ ਹੈ। ਇਸ ਵਿਚ 65 ਦੇਸ਼ਾਂ ਵਿਚ 1 ਸਤੰਬਰ 2020 ਤੋਂ ਲੈ ਕੇ 31 ਅਗਸਤ 2021 ਵਿਚਾਲੇ ਵਿਦਵਾਨਾਂ, ਵਿਦਿਆਰਥੀਆਂ ਉੱਪਰ ਅਤੇ ਯੂਨੀਵਰਸਿਟੀਆਂ ਵਿਚ ਹੋਏ 332 ਹਮਲਿਆਂ ਦੀ ਗੱਲ ਕੀਤੀ ਗਈ ਹੈ।ਉੱਚ ਸਿੱਖਿਆ ਨੂੰ ਇਸ ਤਰਾਂ ਸ਼ਿਕਾਰ ਬਣਾਉਣਾ ਵਿਦਵਾਨਾਂ, ਵਿਦਿਆਰਥੀਆਂ ਅਤੇ ਸੰਸਥਾਵਾਂ ਦਾ ਨੁਕਸਾਨ ਕਰ ਰਿਹਾ ਹੈ ਜਿਸ ਦਾ ਨਤੀਜਾ ਕੈਰੀਅਰ ਅੰਤ ਦੇ ਰੂਪ ਵਿਚ ਨਿਕਲ ਰਿਹਾ ਹੈ। ਸਕੌਲਰਜ਼ ਐਟ ਰਿਸਕ ਰਿਪੋਰਟ ਦੇ ਅਨੁਸਾਰ ਭਾਰਤ ਵਿਚ ਵਿਦਵਾਨਾਂ ਅਤੇ ਵਿਦਿਆਰਥੀਆਂ ਨੂੰ ਗਲਤ ਢੰਗਾਂ ਨਾਲ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਉੱਪਰ ਯੂਏਪੀਏ ਜਿਹੇ ਕਾਨੂੰਨ ਲਗਾਏ ਗਏ ਹਨ। ਹਾਂਗਕਾਂਗ ਦੀ ਸੱਤਾ ਨੇ ਬੋਲਣ ਦੀ ਅਜ਼ਾਦੀ ਨੂੰ ਦਬਾਉਣ ਲਈ ਰਾਸ਼ਟਰੀ ਸੁਰੱਖਿਆ ਕਾਨੂੰਨ ਦੀ ਵਰਤੋਂ ਕੀਤੀ ਹੈ ਜਿਸ ਦਾ ਨਤੀਜਾ ਲੋਕ ਨੂੰ ਦਬਾਉਣ, ਵਿਦਿਆਰਥੀ ਜੱਥੇਬੰਦੀਆਂ ਨੂੰ ਖਤਮ ਕਰਨ ਅਤੇ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਪਾਠਕ੍ਰਮ ਲਾਗੂ ਕਰਨ ਦੇ ਰੂਪ ਵਿਚ ਨਿਕਲਿਆ ਹੈ ਜੋ ਕਿ ਚੀਨੀ ਕਮਿਊਨਿਸਟ ਪਾਰਟੀ ਦੇ ਪ੍ਰੋਪੇਗੰਡਾ ਦੇ ਤੁਲ ਹੀ ਹੈ।ਬ੍ਰਾਜ਼ੀਲ ਵਿਚ ਇਕ ਅਟਾਰਨੀ ਜਨਰਲ ਅਤੇ ਉੱਚ ਅਦਾਲਤ ਦੇ ਜੱਜ ਨੇ ਇਕ ਵਿਦਵਾਨ ਦੇ ਵਿਰੁੱਧ ਆਪਣੇ ਕੰਮ ਪ੍ਰਤੀ ਤਰਕਸਗਤ ਜਨਤਕ ਭਾਸ਼ਣ ਕਰਕੇ ਸ਼ਿਕਾਇਤ ਦਰਜ ਕਰਵਾਈ ਹੈ। ਇਸ ਦੇ ਨਾਲ ਹੀ ਬੇਲਾਰੂਸ ਵਿਚ ਅਲੈਕਜੇਂਦਰ ਲੁਕਾਸ਼ੈਂਕੋ ਨੇ ਉਨ੍ਹਾਂ ਅਕਾਦਮਿਕਾਂ ਅਤੇ ਵਿਦਿਆਰਥੀਆਂ ਨੂੰ ਸਸਪੈਂਡ ਕਰ ਦਿੱਤਾ ਹੈ ਜਿਨ੍ਹਾਂ ਨੇ ਉਸ ਦੇ 2020 ਦੌਰਾਨ ਰਾਸ਼ਟਰਪਤੀ ਭਾਸ਼ਣ ਸਮੇਂ ਵਿਵਾਦਗ੍ਰਸਤ ਭਾਸ਼ਣ ਦੇਣ ਕਰਕੇ ਵਿਰੋਧ ਪ੍ਰਦਰਸ਼ਨ ਕੀਤਾ ਸੀ।

(ਬਾਕੀ ਸਫ਼ਾ 31 'ਤੇ)

ਦਰਪਣ ਝੂਠ ਨਹੀਂ ਬੋਲਦਾ

# ਕੀ ਸਿੱਖਾਂ ਅਤੇ ਮੁਸਲਮਾਨਾਂ ਦੇ ਸੰਵਿਧਾਨਕ ਹੱਕ ਖ਼ਤਮ ਹੋ ਗਏ ?

## ਮਾਨ ਕਸ਼ਮੀਰ ਵਿਚ ਦਾਖ਼ਲ ਨਹੀਂ ਹੋ ਸਕਦਾ ਤੇ ਸਨਾ ਇਰਸ਼ਾਦ ਅਮਰੀਕਾ ਨਹੀਂ ਜਾ ਸਕਦੀ

ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਦਾਅਵਾ ਕੀਤਾ ਹੈ ਕਿ ਧਾਰਾ-370 ਹਟਾਉਣ ਤੋਂ ਬਾਅਦ ਜੰਮੂ-ਕਸ਼ਮੀਰ ਵਿਚ ਸਾਰਾ ਕੁੱਝ ਸਹੀ-ਸਲਾਮਤ ਹੈ ਅਤੇ ਉਥੋਂ ਦੇ ਲੋਕ ਵਿਕਾਸ ਦੀਆਂ ਲਹਿਰਾਂ ਵਿਚ ਤਾਰੀਆਂ ਲਗਾ ਰਹੇ ਹਨ। ਇਹ ਗੱਲ ਵੱਖਰੀ ਹੈ ਕਿ ਜੰਮੂ ਦੀਆਂ ਜਿਹੜੀਆਂ ਇਕ-ਦੋ ਪਾਰਟੀਆਂ ਨੇ ਪਹਿਲਾਂ ਧਾਰਾ 370 ਤੋੜਨ ਦਾ ਸਮਰਥਨ ਕੀਤਾ ਸੀ, ਹੁਣ ਉਹ ਵੀ ਸਟੇਟਹੁੱਡ ਮੰਗ ਰਹੀਆਂ ਹਨ ਅਤੇ ਬੀਜੇਪੀ ਦੇ ਇਸ ਫ਼ੈਸਲੇ ਨੂੰ ਇਸ ਲਈ ਭੰਡ ਰਹੀਆਂ ਕਿ ਵਿਕਾਸ ਦੇ ਜੋ ਸੁਫ਼ਨੇ ਵਿਖਾਏ ਗਏ ਸਨ, ਉਹ ਪੂਰੇ ਨਹੀਂ ਹੋਏ। ਆਏ ਦਿਨ ਕਸ਼ਮੀਰੀ ਖਾੜਕੂਆਂ ਵਲੋਂ ਗ਼ੈਰ-ਕਸ਼ਮੀਰੀਆਂ ਦੀਆਂ ਹੱਤਿਆਵਾਂ ਕੀਤੀਆਂ ਜਾ ਰਹੀਆਂ।

ਪਿਛਲੇ ਤਿੰਨ ਦਿਨ ਤੋਂ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਅਤੇ ਸੰਗਰੂਰ ਹਲਕੇ ਤੋਂ ਸੰਸਦ ਮੈਂਬਰ ਸਿਰਮਨਜੀਤ ਸਿੰਘ ਮਾਨ ਨੂੰ ਜੰਮੂ-ਕਸ਼ਮੀਰ ਦੀ ਸਰਹੱਦ ਉਤੇ ਰੋਕ ਕੇ ਰੱਖਿਆ ਹੋਇਆ ਹੈ। ਉਸ ਨੂੰ ਕਸ਼ਮੀਰ ਜਾਣ ਦੀ ਇਜਾਜ਼ਤ ਨਹੀਂ ਦਿਤੀ ਗਈ। ਹਾਲਾਂਕਿ ਉਨ੍ਹਾਂ ਦਾਅਵਾ ਕੀਤਾ ਹੈ ਕਿ ਉਹ ਉਨ੍ਹਾਂ ਦੋ ਹਿੰਦੂ ਮ੍ਰਿਤਕਾਂ ਦੇ ਪਰਵਾਰਾਂ ਨਾਲ ਹਮਦਰਦੀ ਪ੍ਰਗਟ ਕਰਨ ਲਈ ਜਾ ਰਹੇ ਹਨ ਜਿਨ੍ਹਾਂ ਨੂੰ ਕਸ਼ਮੀਰੀ ਖਾੜਕੂਆਂ ਨੇ ਮਾਰ ਦਿਤਾ ਹੈ। ਕਠੂਆ ਦੇ ਵਕੀਲਾਂ ਨੇ ਮਾਨ ਦੀ ਵਕਾਲਤ ਜਾਂ ਕੋਈ ਹੋਰ ਕਾਨੂੰਨੀ ਮਦਦ ਨਾ ਕਰਨ ਦਾ ਮਤਾ ਬਾਰ ਕੌਂਸਲ ਵਿਚ ਪਾਸ ਕਰ ਦਿਤਾ ਹੈ। ਕਿਸੇ ਸੰਸਦ ਮੈਂਬਰ ਨਾਲ ਅਜਿਹਾ ਵਤੀਰਾ ਪਹਿਲੀ ਵਾਰ ਵੇਖਣ ਨੂੰ ਮਿਲ ਰਿਹਾ ਹੈ। ਮਾਨ ਫਿਲਹਾਲ ਸਾਥੀਆਂ ਸਮੇਤ ਹੀ ਸਰਹੱਦ ਉਪਰ ਡਟੇ ਹੋਏ ਹਨ ਅਤੇ ਇਲਜ਼ਾਮ ਲਗਾ ਰਹੇ ਹਨ ਕਿ ਸਰਕਾਰ ਨੇ ਸਿੱਖਾਂ ਦੇ ਅਧਿਕਾਰ ਖ਼ਤਮ ਕਰ ਦਿੱਤੇ ਗਏ ਹਨ।

ਦੂਜੇ ਪਾਸੇ ਕਸ਼ਮੀਰ ਦੀ ਇਕ ਫ਼ੋਟੋ ਜਨਰਲਿਸਟ ਸਨਾ ਇਰਸ਼ਾਦ ਨੂੰ ਬੀਤੇ ਦਿਨੀਂ ਦਿੱਲੀ ਹਵਾਈ ਅੱਡੇ ਤੋਂ ਉਸ ਸਮੇਂ ਹਿਰਾਸਤ ਵਿਚ ਲੈ ਲਿਆ ਗਿਆ ਜਦ ਉਹ ਅਮਰੀਕਾ ਜਾਣ ਦੀ ਕੋਸਿ ਸ਼ ਕਰ ਰਹੀ ਸੀ। ਉਹ ਪੁਲਿਤਜ਼ਰ ਸਨਮਾਨ ਹਾਸਲ ਕਰਨ ਲਈ ਨਿਊਯਾਰਕ ਜਾਣਾ ਚਾਹੁੰਦੀ ਸੀ। ਉਸ ਕੋਲ ਵੀਜ਼ਾ ਅਤੇ ਟਿਕਟ ਦੋਵੇਂ ਮੌਜੂਦ ਸਨ। ਉਹ ਅੰਤਰਰਾਸ਼ਟਰੀ ਨਿਊਜ਼ ਏਜੰਸੀ ਰਾਈਟਰਜ਼ ਲਈ ਕੰਮ ਕਰਦੀ ਹੈ। ਉਸ ਨੇ ਪੁਲਿਤਜ਼ਰ ਸਨਮਾਨ ਜਿੱਤਿਆ ਹੈ ਪਰ ਪਿਛਲੇ ਚਾਰ ਮਹੀਨਿਆਂ ਵਿਚ ਦੋ ਬਾਰ ਉਸ ਨੂੰ ਵਿਦੇਸ਼



ਜਾਣ ਤੋਂ ਰੋਕ ਦਿੱਤਾ ਗਿਆ ਹੈ। ਅਮਰੀਕਾ ਵਿਚ ਤਾਂ ਧਾਰਾ 370 ਨਹੀਂ ਤੋੜੀ ਗਈ, ਫਿਰ ਸਨਾ ਇਰਸ਼ਾਦ ਨੂੰ ਕਿਉਂ ਅਪਣੇ ਅਧਿਕਾਰਾਂ ਦੀ ਵਰਤੋਂ ਤੋਂ ਰੋਕਿਆ ਗਿਆ ?

ਪਿਛਲੇ ਕੁੱਝ ਮਹੀਨਿਆਂ ਤੋਂ ਪੰਜਾਬ ਵਿਚ ਭਾਈ ਅੰਮ੍ਰਿਤਪਾਲ ਸਿੰਘ ਨਾਮ ਦਾ ਇਕ ਨੌਜੁਆਨ ਲਗਾਤਾਰ ਸਿੱਖਾਂ ਨੂੰ ਗੁਲਾਮ ਕਰ ਲੈਣ ਬਾਰੇ ਅਵਾਜ਼ ਉਠਾ ਰਿਹਾ ਹੈ। ਉਸ ਦਾ ਕਹਿਣਾ ਹੈ ਕਿ ਸਿੱਖਾਂ ਨੂੰ ਭਾਰਤੀ ਸਟੇਟ ਨੇ ਗੁਲਾਮ ਕੀਤਾ ਹੋਇਆ ਹੈ। ਸਨਾ ਇਰਸ਼ਾਦ ਨੂੰ ਸਨਮਾਨ ਲੈਣ ਲਈ ਅਮਰੀਕਾ ਨਾ ਜਾਣ ਦੇਣ ਦੀ ਘਟਨਾ ਤੋਂ ਸਾਬਤ ਹੁੰਦਾ ਹੈ ਕਿ ਭਾਰਤ ਵਿਚ ਮੁਸਲਮਾਨ ਵੀ ਗੁਲਾਮ ਹਨ। ਜਿਵੇਂ ਮਾਨ ਵਰਗੇ ਸਿੱਖ ਆਗੂ ਅਪਣੀ ਮਰਜ਼ੀ ਨਾਲ ਜੰਮੂ-ਕਸ਼ਮੀਰ ਨਹੀਂ ਜਾ ਸਕਦੇ, ਉਸੇ ਤਰ੍ਹਾਂ ਮੁਸਲਿਮ ਅਪਣੀ ਮਰਜ਼ੀ ਨਾਲ ਕਾਗ਼ਜ਼ ਪੂਰੇ ਹੋਣ ਦੇ ਬਾਵਜੂਦ ਵਿਦੇਸ਼ ਨਹੀਂ



ਜਾ ਸਕਦੇ। ਇਹ ਗੱਲ ਵੱਖਰੀ ਹੈ ਕਿ ਜੇ ਕਿਸੇ ਬੀਜੇਪੀ ਦੇ ਨੇਤਾ ਨੇ ਕਸ਼ਮੀਰ ਦੇ ਲਾਲ ਚੌਕ ਵਿਚ ਨਾਹਰੇ ਲਾਉਣ ਜਾਣਾ ਹੋਵੇ ਤਾਂ ਉਸ ਨੂੰ

### ਬੰਦੀ ਛੋੜ ਦਿਵਸ ਮੌਕੇ ਸਿੱਖ ਮੁਸਲਮ ਸਾਂਝ ਦੀ ਮਿਸਾਲ

# ਦਰਬਾਰ ਸਾਹਿਬ ਦੇ ਚੌਗਿਰਦੇ ਵਿੱਚ ਮੁਸਲਮਾਨਾਂ ਨੇ ਕੀਤੀ ਨਮਾਜ਼ ਅਦਾ



ਦੀਵਾਲੀ ਅਤੇ ਬੰਦੀ ਛੋੜ ਦਿਵਸ ਵਾਲੇ ਦਿਨ ਦੁਪਹਿਰ ਵੇਲੇ ਕੁਝ ਮੁਸਲਿਮ ਭਾਈਚਾਰੇ ਦੇ ਲੋਕ ਹਰਿਮੰਦਰ ਸਾਹਿਬ ਦੇ ਬਾਹਰ ਪਲਾਜ਼ਾ ਵਿੱਚ ਇਕੱਠੇ ਹੋਏ। ਇਕ ਪਾਸੇ ਸ਼ਰਧਾਲੂ ਹਰਿਮੰਦਰ ਸਾਹਿਬ ਦੇ ਅੰਦਰ ਦਾਖਲ ਹੋ ਰਹੇ ਸਨ, ਜਦਕਿ ਇਹ ਮੁਸਲਮਾਨ ਹਰਿਮੰਦਰ ਸਾਹਿਬ ਦੇ ਮੁੱਖ ਗੇਟ ਕੋਲ ਇਕੱਠੇ ਖੜ੍ਹੇ ਸਨ। ਇਹ ਮੁਸਲਿਮ ਭਾਈਚਾਰਾ ਸਿੱਖ ਕੌਮ ਅਤੇ ਹੋਰ ਸ਼ਰਧਾਲੂਆਂ ਲਈ ਆਪਸੀ ਸਦਭਾਵਨਾ ਦਾ ਸੰਦੇਸ਼ ਲੈ ਕੇ ਆਇਆ ਸੀ। ਦਰਅਸਲ, ਦਰਬਾਰ ਸਾਹਿਬ ਦੇ ਬਾਹਰ ਇਨ੍ਹਾਂ ਮੁਸਲਿਮ ਭਾਈਚਾਰੇ ਦੇ ਲੋਕਾਂ ਨੇ ਗੁਜਿਸ਼ਤੇ ਜੁਮੇ ਦੀ ਨਮਾਜ਼ ਅਦਾ ਕੀਤੀ। ਪੂਰੇ ਭਾਰਤ ਵਿਚ ਜਿੱਥੇ ਧਰਮ ਦੇ ਨਾਂ 'ਤੇ ਲੜਾਈਆਂ ਹੋ ਰਹੀਆਂ ਹਨ, ਉੱਥੇ ਇਹ ਮੁਸਲਿਮ ਭਾਈਚਾਰਾ ਪਿਆਰ ਦਾ ਸੰਦੇਸ਼ ਲੈ ਕੇ ਪਹੁੰਚਿਆ ਸੀ।

# ਆਪ ਸਰਕਾਰ ਲਈ ਗੈਂਗਸਟਰ ਤੇ ਨਸ਼ਾ ਤਸਕਰਾਂ ਕਾਰਨ ਪੰਜਾਬ ਦੀਆਂ ਜੇਲ੍ਹਾਂ ਵੱਡੀ ਸਿਰਦਰਦੀ

ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਮਗਰੋਂ ਜੇਲ੍ਹਾਂ ਦੇ ਸੁਧਾਰ ਲਈ ਕਾਫੀ ਕੋਸ਼ਿਸ਼ ਕੀਤੀ ਗਈ ਪਰ ਅਜੇ ਵੀ ਖਤਰਨਾਕ ਗੈਂਗਸਟਰ ਤੇ ਵੱਡੇ ਨਸ਼ਾ ਤਸਕਰ ਜੇਲ੍ਹਾਂ ਵਿੱਚੋਂ ਹੀ ਆਪਣੇ ਧੰਦੇ ਚਲਾ ਰਹੇ ਹਨ। ਹੈਰਾਨੀ ਦੀ ਗੱਲ ਹੈ ਕਿ ਇਹ ਗੈਂਗਸਟਰ ਤੇ ਨਸ਼ਾ ਤਸਕਰ ਦੇਸ਼ ਹੀ ਨਹੀਂ ਵਿਦੇਸ਼ਾਂ ਵਿੱਚ ਫੋਨ ਕਰਕੇ ਹਥਿਆਰ ਤੇ ਨਸ਼ੇ ਦੀਆਂ ਖੇਪਾਂ ਮੰਗਵਾ ਰਹੇ ਹਨ। ਪਿਛਲੇ ਦਿਨੀਂ ਜੇਲ੍ਹ ਵਿੱਚੋਂ ਇੱਕ ਗੈਂਗਸਟਰ ਵੱਲੋਂ ਪਾਕਿਸਤਾਨ ਵਿੱਚ ਫੋਨ ਕਰਕੇ ਹਥਿਆਰ ਮੰਗਵਾਉਣ ਦੀ ਗੱਲ ਲੀਕ ਹੋਣ ਤੋਂ ਬਾਅਦ ਪੰਜਾਬ ਸਰਕਾਰ ਚੌਕਸ ਹੋ ਗਈ ਹੈ। ਇਸ ਲਈ ਹੁਣ ਪੰਜਾਬ ਭਰ ਦੀਆਂ ਜੇਲ੍ਹਾਂ ਵਿਚ ਚੌਕਸੀ ਵਧਾ ਦਿੱਤੀ ਗਈ ਹੈ। ਖਾਸ ਕਰਕੇ ਗੈਂਗਸਟਰਾਂ ਵਾਲੇ ਜ਼ੋਨਾਂ ਵਿੱਚ 24 ਘੰਟਿਆਂ ਵਿਚ ਛੇ ਵਾਰ ਚੈਕਿੰਗ ਕੀਤੀ ਜਾਂਦੀ ਹੈ। ਉਂਝ ਕੈਦੀਆਂ ਤੇ ਹਵਾਲਾਤੀਆਂ ਵਾਲੇ ਬੈਰਕ ਵੀ ਬਾਕਾਇਦਾ ਚੈੱਕ ਕੀਤੇ ਜਾਂਦੇ ਹਨ। ਜਾਣਕਾਰੀ ਮੁਤਾਬਕ ਇਹ ਆਦੇਸ਼ ਜੇਲ੍ਹ ਮੰਤਰੀ ਹਰਜੋਤ ਬੈਂਸ ਵੱਲੋਂ ਜਾਰੀ ਕੀਤੇ ਗਏ ਹਨ। ਇਸ ਦੌਰਾਨ ਪੰਜਾਬ ਭਰ ਦੀਆਂ ਸਮੂਹ ਜੇਲ੍ਹਾਂ ਖਾਸ ਕਰਕੇ ਜਿੱਥੇ ਗੈਂਗਸਟਰ ਬੰਦ ਹਨ, ਵਿੱਚ ਸਖ਼ਤ ਚੈਕਿੰਗ ਕਰਨ ਦੇ ਹੁਕਮ ਦਿੱਤੇ ਗਏ ਹਨ। ਇਸ ਦੌਰਾਨ ਤਿੰਨ ਵਾਰ ਦਿਨੇ ਤੇ ਤਿਨ ਵਾਰ ਰਾਤ ਨੂੰ ਚੈਕਿੰਗ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ। ਇਨ੍ਹਾਂ ਵਿੱਚੋਂ ਦੋ ਵਾਰ ਸੁਪਰਡੈਂਟ ਤੇ ਦੋ ਵਾਰ ਐਡੀਸ਼ਨਲ ਸੁਪਰਡੈਂਟ ਦਾ ਨਾਲ ਰਹਿਣਾ ਲਾਜ਼ਮੀ ਕੀਤਾ ਗਿਆ ਹੈ। ਬਾਕੀ ਵਾਰ ਡਿਪਟੀ ਸੁਪਰਡੈਂਟ ਚੈਕਿੰਗ ਮੁਹਿੰਮ ਦੀ ਅਗਵਾਈ ਕਰ ਰਹੇ ਹਨ। ਦੱਸ ਦਈਏ ਕਿ ਕਿ ਇੱਕ ਕੈਦੀ ਵੱਲੋਂ ਪਾਕਿ 'ਵਿਚ ਫੋਨ ਕੀਤੇ ਜਾਣ ਦੀ ਪੁਸ਼ਟੀ ਐਸਟੀਐੱਫ ਦੇ ਅਧਿਕਾਰੀਆਂ ਨੇ ਵੀ ਕੀਤੀ ਹੈ। ਇਸ ਤੋਂ ਬਾਅਦ ਅੰਮ੍ਰਿਤਸਰ ਦੀ ਜੇਲ੍ਹ ਵਿਚ ਕੁਝ ਕੈਦੀਆਂ ਵੱਲੋਂ ਨਸ਼ੇ ਦਾ ਸੇਵਨ ਕਰਨ ਦੀ ਇੱਕ ਵੀਡੀਓ ਵੀ ਜਾਰੀ ਹੋਈ ਸੀ, ਜਿਸ ਨੂੰ ਜੇਲ੍ਹ ਵਿਭਾਗ ਲਈ ਵੱਡੀ ਚੁਣੌਤੀ ਮੰਨਿਆ ਜਾ ਰਿਹਾ ਹੈ।



ਇਸੇ ਦੌਰਾਨ ਪਟਿਆਲਾ ਜੇਲ੍ਹ 'ਵਿਚ ਪਿਛਲੇ ਸਮੇਂ ਗੜਬੜੀਆ ਹੋਣ ਮਗਰੋਂ ਜੇਲ੍ਹ ਮੰਤਰੀ ਹਰਜੋਤ ਬੈਂਸ ਨੇ ਕੁਝ ਮਹੀਨਿਆਂ ਤੋਂ ਜੇਲ੍ਹ ਸੁਪਰਡੈਂਟ ਵਜੋਂ ਤਾਇਨਾਤ ਕੀਤੇ ਗਏ ਮਨਜੀਤ ਸਿੰਘ ਟਿਵਾਣਾ ਵੱਲੋਂ ਹੁਣ ਤੱਕ ਰਿਕਾਰਡ ਸੈਂਕੜੇ ਹੀ ਫੋਨਾਂ ਸਮੇਤ ਵੱਡੀ ਮਾਤਰਾ ਵਿਚ ਨਸ਼ੀਲੇ ਪਦਾਰਥ ਤੇ ਹੋਰ ਇਤਰਾਜ਼ਯੋਗ ਵਸਤਾਂ ਦੀ ਵੀ ਜੇਲ੍ਹ ਵਿੱਚੋਂ ਬਰਾਮਦਗੀ ਕੀਤੀ ਜਾ ਚੁੱਕੀ ਹੈ।

## ਅਖਿਲੇਸ਼ ਤੇ ਸ਼ਿਵਪਾਲ ਦੀ ਇਕਜੁੱਟਤਾ

ਨੇਤਾਜੀ ਮੁਲਾਇਮ ਸਿੰਘ ਯਾਦਵ ਦੇ ਦਿਹਾਂਤ ਤੋਂ ਬਾਅਦ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਅਤੇ ਪ੍ਰਗਤੀਸ਼ੀਲ ਸਮਾਜਵਾਦੀ ਪਾਰਟੀ ਦੇ ਮੁਖੀ ਸ਼ਿਵਪਾਲ ਯਾਦਵ ਇਕ ਵਾਰ ਫਿਰ ਵੱਡੀ ਏਕਤਾ ਦਿਖਾਉਂਦੇ ਨਜ਼ਰ ਆ ਰਹੇ ਹਨ, ਹਾਲਾਂਕਿ ਇਹ ਭਾਈਬੰਦੀ ਅਸਲੀ ਹੈ ਜਾਂ ਸਿਰਫ਼ ਰਾਜਨੀਤਕ ਅਕਸ ਲਈ ਹੈ, ਇਹ ਇਕ ਵੱਡਾ ਸਵਾਲ ਹੈ। ਸ਼ਿਵਪਾਲ ਯਾਦਵ ਨੇ ਆਪਣੇ ਭਤੀਜੇ ਅਖਿਲੇਸ਼ ਯਾਦਵ ਨੂੰ ਇਕ ਸੰਕੇਤ ਦਿੰਦਿਆਂ ਕਿਹਾ ਕਿ ਉਹ ਹੁਣ ਸਾਰਿਆਂ ਨੂੰ ਨਾਲ ਲੈ ਕੇ ਆਪਣੇ ਮਰਹੂਮ ਵੱਡੇ ਭਰਾ ਮੁਲਾਇਮ ਸਿੰਘ ਯਾਦਵ ਵਲੋਂ ਦਿਖਾਏ ਗਏ ਨਿਰਦੇਸ਼ਾਂ ਦਾ ਪਾਲਣ ਕਰਨਾ ਚਾਹੁੰਦੇ ਹਨ। ਸ਼ਿਵਪਾਲ ਨੇ ਕਿਹਾ ਕਿ ਉਨ੍ਹਾਂ ਨੇ ਅਖਿਲੇਸ਼ ਵਿਚ ਨੇਤਾਜੀ ਦੀ ਝਲਕ ਦੇਖੀ ਹੈ। ਅਖਿਲੇਸ਼ ਯਾਦਵ ਦੇ ਸਾਹਮਣੇ ਹੁਣ ਪਾਰਟੀ ਅਤੇ ਪਰਿਵਾਰ ਨੂੰ ਇਕੱਠਿਆਂ ਰੱਖਣ ਅਤੇ ਉਨ੍ਹਾਂ ਦੇ ਬਜ਼ੁਰਗਾਂ, ਸ਼ਿਵਪਾਲ ਸਮੇਤ ਇਹ ਯਕੀਨੀ ਬਣਾਉਣ ਦੀ ਚੁਣੌਤੀ ਹੈ ਕਿ ਉਹ ਗ਼ੈਰ-ਦੋਸਤਾਨਾ ਨਾ ਬਣਨ। ਉੱਥੇ ਹੀ ਸ਼ਿਵਪਾਲ ਅਤੇ ਅਖਿਲੇਸ਼ ਦੇ ਸੰਬੰਧਾਂ ਦਾ ਉੱਤਰ ਪ੍ਰਦੇਸ਼ ਦੀ ਸਿਆਸਤ 'ਤੇ ਡੂੰਘਾ ਅਸਰ ਪਵੇਗਾ। 2024 ਦੀਆਂ ਲੋਕ ਸਭਾ ਚੋਣਾਂ ਦੇ ਨਤੀਜੇ ਸਮਾਜਵਾਦੀ ਪਾਰਟੀ ਦੇ ਪੱਖ ਵਿਚ ਜਾ ਸਕਦੇ ਹਨ।

## ਜੇ.ਡੀ.ਯੂ. ਵਲੋਂ ਕਿਸ਼ੋਰ ਦਾ ਦਾਅਵਾ ਖ਼ਾਰਜ

ਬਿਹਾਰ 'ਚ ਆਪਣੀ ਪੈਦਲ ਯਾਤਰਾ ਸ਼ੁਰੂ ਕਰਨ ਵਾਲੇ ਸਿਆਸੀ ਰਣਨੀਤੀਘਾੜੇ ਪ੍ਰਸ਼ਾਂਤ ਕਿਸ਼ੋਰ ਨੇ ਕਥਿਤ ਤੌਰ 'ਤੇ ਦਾਅਵਾ ਕੀਤਾ ਹੈ ਕਿ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਜੇ.ਡੀ.(ਯੂ.) ਸੰਸਦ ਮੈਂਬਰ ਅਤੇ ਰਾਜ ਸਭਾ ਦੇ ਉਪ ਸਭਾਪਤੀ ਹਰਿਵੰਸ਼ ਰਾਹੀਂ ਭਾਜਪਾ ਨਾਲ ਗੱਲਬਾਤ ਕਰ ਰਹੇ ਹਨ ਅਤੇ ਜੇਕਰ ਲੋੜ ਪਈ ਤਾਂ ਉਹ ਭਗਵਾ ਖੇਮੇ ਨਾਲ ਮੁੜ ਨਵਾਂ ਗੱਠਜੋੜ ਬਣਾ ਸਕਦੇ ਹਨ। ਜੇ.ਡੀ.(ਯੂ.) ਨੇ ਦਾਅਵਿਆਂ ਨੂੰ ਕੋਰਾ ਝੂਠ ਦੱਸਦਿਆਂ ਖ਼ਾਰਜ ਕਰ ਦਿੱਤਾ ਅਤੇ ਇਸ ਦਾ ਉਦੇਸ਼ ਭਰਮ ਫੈਲਾਉਣਾ ਦੱਸਿਆ ਹੈ। ਜਦੋਂ ਕਿ ਪ੍ਰਸ਼ਾਂਤ ਕਿਸ਼ੋਰ ਨੇ ਜ਼ੋਰ ਦੇ ਕੇ ਕਿਹਾ ਕਿ ਇਹੀ ਕਾਰਨ ਹੈ ਕਿ ਹਰਿਵੰਸ਼ ਨੂੰ ਅਜੇ ਤੱਕ ਆਪਣੇ ਰਾਜ ਸਭਾ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਲਈ ਨਹੀਂ ਕਿਹਾ ਗਿਆ ਹੈ, ਭਾਵੇਂ ਕਿ ਜੇ.ਡੀ.(ਯੂ.) ਨੇ ਭਾਜਪਾ ਨਾਲੋਂ ਨਾਤਾ ਤੋੜ ਲਿਆ ਹੈ। ਹਾਲਾਂਕਿ ਜੇ.ਡੀ.(ਯੂ.) ਦੇ ਬੁਲਾਰੇ ਕੇ.ਸੀ. ਤਿਆਗੀ ਨੇ ਕਿਸ਼ੋਰ ਦੇ ਦਾਅਵਿਆਂ ਨੂੰ ਖ਼ਾਰਜ ਕਰਦਿਆਂ ਕਿਹਾ ਕਿ ਬਿਹਾਰ ਦੇ ਮੁੱਖ ਮੰਤਰੀ ਨੇ ਜਨਤਕ ਤੌਰ 'ਤੇ ਐਲਾਨ ਕੀਤਾ ਹੈ ਕਿ ਉਹ ਆਪਣੇ ਜੀਵਨ ਵਿਚ ਮੁੜ ਕਦੇ ਭਾਜਪਾ ਨਾਲ ਹੱਥ ਨਹੀਂ ਮਿਲਾਉਣਗੇ ਅਤੇ ਇਸ ਤਰ੍ਹਾਂ ਕਿਸੇ ਵੀ ਸ਼ੱਕ ਲਈ ਕੋਈ ਥਾਂ ਨਹੀਂ ਬਚਦੀ।

# ਕਰਨਾਟਕ ਵਿਚ ਕਾਂਗਰਸ ਲਈ ਲਾਹੇਵੰਦ ਹੋ ਸਕਦੇ ਹਨ ਖੜਗੇ

ਸੀਨੀਅਰ ਨੇਤਾ ਮਲਿਕਅਰਜੁਨ ਖੜਗੇ ਦੇ ਡੀ. ਸੰਜੀਵੈਈਆ (1962) ਅਤੇ ਬਾਬੂ ਜਗਜੀਵਨ ਰਾਮ (ਦਸੰਬਰ 1969) ਤੋਂ ਬਾਅਦ ਭਾਰਤੀ ਰਾਸ਼ਟਰੀ ਕਾਂਗਰਸ ਦੇ ਤੀਜੇ ਦਲਿਤ ਪ੍ਰਧਾਨ ਬਣਨ ਨਾਲ ਗੁਜਰਾਤ ਵਿਧਾਨ ਸਭਾ ਚੋਣਾਂ 'ਤੇ ਵੱਡਾ ਪ੍ਰਭਾਵ ਪੈਣ ਦੀ ਉਮੀਦ ਹੈ। ਪੱਛਮੀ ਸੂਬੇ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਗ੍ਰਹਿ ਖੇਤਰ ਵਿਚ ਕਾਂਗਰਸ ਦਲਿਤ ਭਾਈਚਾਰੇ ਨੂੰ ਲੁਭਾਉਣ ਲਈ ਭਰਪੂਰ ਕੋਸ਼ਿਸ਼ਾਂ ਕਰ ਰਹੀ ਹੈ, ਜੋ ਸੂਬੇ ਦੀ ਆਬਾਦੀ ਦਾ ਲਗਭਗ 8 ਫ਼ੀਸਦੀ ਹਨ। ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਸੂਬੇ ਦੀਆਂ ਕੁੱਲ 182 ਵਿਚੋਂ 13 ਸੀਟਾਂ ਅਤੇ ਇਕ ਦਰਜਨ ਹੋਰ ਸੀਟਾਂ 'ਤੇ ਵੀ ਦਲਿਤ ਵੋਟਰ ਆਪਣਾ ਮਹੱਤਵ ਰੱਖਦੇ ਹਨ। ਹਾਲਾਂਕਿ ਦਲਿਤ ਅਬਾਦੀ ਕੁਝ ਹੋਰ ਭਾਈਚਾਰਿਆਂ ਦੀ ਤੁਲਨਾ 'ਚ ਘੱਟ ਹੈ ਅਤੇ ਅੱਗੋਂ ਤਿੰਨ ਹੋਰ ਉਪ ਜਾਤੀਆਂ ਵਿਚ ਵੰਡੀ ਹੋਈ ਹੈ, ਜਿਵੇਂ ਵੰਕਰ, ਰੋਹਿਤ ਅਤੇ ਵਾਲਮੀਕਿ ਆਦਿ। 27 ਸਾਲ ਤੋਂ ਸੱਤਾ 'ਤੇ ਕਾਬਜ਼ ਭਾਜਪਾ



ਸੂਬੇ ਦੇ ਸਭ ਤੋਂ ਵੱਡੇ ਭਾਈਚਾਰੇ ਵੰਕਰਾਂ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰ ਰਹੀ ਹੈ। ਸਾਰੀਆਂ ਚੋਣਾਂ ਵਿਚ ਦਲਿਤਾਂ ਨੇ ਲਗਭਗ ਇਕਸਮਾਨ ਅਨੁਪਾਤ ਨਾਲ ਭਾਜਪਾ ਅਤੇ ਕਾਂਗਰਸ ਦੋਵਾਂ ਦਾ ਸਮਰਥਨ ਕੀਤਾ ਹੈ। ਦਲਿਤਾਂ ਨੂੰ ਆਕਰਸ਼ਿਤ ਕਰਨ ਲਈ ਭਾਜਪਾ ਨੇ ਵੀ ਕਈ ਪਹਿਲਕਦਮੀਆਂ ਕੀਤੀਆਂ ਹਨ। ਸੱਤਾ ਵਿਚ ਰਹਿੰਦਿਆਂ ਦਲਿਤ ਨੇਤਾਵਾਂ ਨੂੰ ਵੱਖ-ਵੱਖ ਨਿਗਮਾਂ 'ਚ ਮਹੱਤਵਪੂਰਨ ਸਥਾਨ ਦਿੱਤੇ ਗਏ ਹਨ। ਕਾਂਗਰਸ ਦਾ ਟੀਚਾ ਦਲਿਤ ਵੋਟਰਾਂ ਨੂੰ ਉਤਸ਼ਾਹਿਤ ਕਰਨਾ ਹੈ, ਖ਼ਾਸ ਕਰ ਉਨ੍ਹਾਂ ਅਨਰਾਖਵੀਆਂ ਸੀਟਾਂ 'ਤੇ ਜਿੱਥੇ ਇਸ ਭਾਈਚਾਰੇ ਦੀ ਅਬਾਦੀ 10 ਫ਼ੀਸਦੀ ਜਾਂ ਉਸ ਤੋਂ ਵੱਧ ਹੈ। ਦੂਜੇ ਪਾਸੇ ਆਮ ਆਦਮੀ ਪਾਰਟੀ ਇਹ ਉਮੀਦ ਕਰ ਰਹੀ ਹੈ ਕਿ ਉਸ ਵਲੋਂ ਪ੍ਰਤੀ ਮਹੀਨੇ 300 ਯੂਨਿਟਾਂ ਮੁਫ਼ਤ ਬਿਜਲੀ, ਬੇਰੁਜ਼ਗਾਰੀ ਭੱਤਾ ਅਤੇ ਔਰਤਾਂ ਲਈ ਇਕ ਹਜ਼ਾਰ ਦਾ ਭੱਤਾ ਦੇਣ ਦੀਆਂ ਗਾਰੰਟੀਆਂ ਹੋਰ ਭਾਈਚਾਰਿਆਂ ਤੋਂ ਇਲਾਵਾ ਦਲਿਤਾਂ ਨੂੰ ਵੀ ਆਕਰਸ਼ਿਤ ਕਰਨਗੀਆਂ। ਭਾਜਪਾ ਨੇ 1995 ਤੋਂ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ 13 ਸੀਟਾਂ 'ਤੇ ਬਹੁਮਤ ਹਾਸਲ ਕੀਤਾ ਹੈ। 2007 ਅਤੇ 2012 'ਚ ਉਸ ਨੇ ਇਨ੍ਹਾਂ ਵਿਚੋਂ ਕ੍ਰਮਵਾਰ 11 ਅਤੇ 10 ਸੀਟਾਂ ਜਿੱਤੀਆਂ ਸਨ, ਜਦੋਂਕਿ ਕਾਂਗਰਸ ਨੇ 2 ਅਤੇ 3 ਸੀਟਾਂ ਜਿੱਤੀਆਂ ਸਨ। ਪਰ 2017 'ਚ ਭਾਜਪਾ ਲੜਖੜਾ ਗਈ ਅਤੇ ਸਿਰਫ਼ 7 ਸੀਟਾਂ ਜਿੱਤਣ 'ਚ ਸਫਲ ਰਹੀ, ਜਦੋਂਕਿ ਕਾਂਗਰਸ ਨੂੰ 5 ਸੀਟਾਂ ਮਿਲੀਆਂ। ਇਕ ਸੀਟ 'ਤੇ ਕਾਂਗਰਸ ਸਮਰਥਿਤ ਆਜ਼ਾਦ ਉਮੀਦਵਾਰ ਨੇ ਕਬਜ਼ਾ ਕੀਤਾ ਸੀ।

ਪੰਥਕ ਮੁੱਦਾ

# ਸਿੱਖ ਪੰਥ ਉਪਰ

## ਪਾਖੰਡੀ ਡੇਰੇਦਾਰਾਂ ਤੇ ਤਾਂਤਰਿਕ ਪਾਸਟਰਾਂ ਦਾ ਹਮਲਾ






ਸਰਬਜੀਤ ਸਿੰਘ ਘੁਮਾਣ

1998/99 ਵਿਚ ਮੈਂ ਦਲ ਖਾਲਸਾ ਵਿਚ ਪੂਰੀ ਤਰ੍ਹਾਂ ਸਰਗਰਮ ਸੀ ਤੇ ਉਦੋਂ ਮਾਲਵੇ ਵਿੱਚ ਡੇਰਾ ਸਰਸਾ ਵਾਲਿਆਂ ਦੀ ਤੂਤੀ ਬੋਲਦੀ ਸੀ। ਹਰ ਪਿੰਡ ਵਿੱਚ ਸਿੱਖਾਂ ਨਾਲ ਸਰਸੇ ਵਾਲਿਆਂ ਦੀ ਤਕਰਾਰ ਹੋ ਰਹੀ ਸੀ। ਸਰਸੇ ਜਾਣ ਵਾਲੇ ਸਿੱਖਾਂ ਨੂੰ ਬਹੁਤ ਜਲੀਲ ਕਰਦੇ ਸੀ। ਸਿੱਖ ਸੰਗਤਾਂ ਕਿਸੇ ਆਗੂ ਜਾਂ ਜਥੇਬੰਦੀ ਨੂੰ ਉਡੀਕ ਰਹੀਆਂ ਸੀ ਜਿਸ ਦੀ ਅਗਵਾਈ ਹੇਠ ਡੇਰਾ ਸਿਰਸਾ ਖਿਲਾਫ ਲੜਾਈ ਲੜੀ ਜਾਵੇ। ਬਦਕਿਸਮਤੀ ਇਹ ਕਿ ਦਲ ਖਾਲਸਾ ਦੀ ਲੀਡਰਸ਼ਿਪ ਵਿਚ ਮਾਝੇ ਦੇ ਆਗੂ ਸੀ। 2001 ਵਿਚ ਭਨਿਆਰੇ ਵਾਲੇ ਦਾ ਮਸਲਾ ਜੋਰ ਫੜ ਗਿਆ ਤਾਂ ਸਾਰੇ ਮਾਲਵੇ ਤੇ ਦੋਆਬੇ ਵਿੱਚ ਵਿਰੋਧ ਦੀ ਲਹਿਰ ਭਖ ਪਈ। ਪਰ ਮਾਝੇ ਵਿੱਚ ਭਨਿਆਰੇ ਵਾਲੇ ਦੇ ਹਮਾਇਤੀ ਹੈ ਹੀ ਨਹੀਂ ਸੀ, ਜੇ ਹੋਣ ਵੀ ਤਾਂ ਕਿਸੇ ਗਿਣਤੀ ਵਿਚ ਨਹੀਂ ਸੀ।ਸੋ ਭਨਿਆਰੇ ਵਾਲੇ ਦੇ ਮਾਮਲੇ ਮੌਕੇ ਮੈਨੂੰ ਮਾਲਵੇ ਵਿੱਚ ਸੇਵਾ ਕਰਨ ਦਾ ਮੌਕਾ ਮਿਲਿਆ। ਅਗਲੇ ਸਾਲਾਂ ਵਿਚ ਦਲ ਖਾਲਸਾ ਵਿਚ ਦੋਆਬੇ ਦੇ ਆਗੂਆਂ ਦੀ ਸ਼ਮੂਲੀਅਤ ਹੋ ਗਈ। ਜਦ ਵੀ ਵਕਤ ਮਿਲਿਆ ਕਰੇ ਮੈਂ ਦਲ ਖਾਲਸਾ ਦੀ ਲੀਡਰਸ਼ਿਪ ਕੋਲ ਮਾਲਵੇ ਦੇ ਸਿੱਖ ਜੋ ਡੇਰਾ ਸਿਰਸਾ ਕਰਕੇ ਮਾਨਸਿਕ ਸੰਤਾਪ ਭੋਗਦੇ ਸੀ, ਓਹਦੀ ਗੱਲ ਦੱਸਕੇ ਕੁਝ ਕਰਨ ਲਈ ਕਹਿਣਾ ਪਰ ਮਾਝੇ ਤੇ ਦੋਆਬੇ ਦੇ ਲੋਕਾਂ ਨੂੰ ਤਾਂ ਪਤਾ ਈ ਨਹੀਂ ਸੀ ਕਿ ਡੇਰਾ ਸਿਰਸਾ ਵਾਲੇ ਪਿੰਡਾਂ ਵਿਚ ਆਮ ਸਿੱਖਾਂ ਨੂੰ ਕਿਵੇਂ ਜਲੀਲ ਕਰਦੇ ਹਨ। ਮਾਝੇ ਤੇ ਦੋਆਬੇ ਵਿੱਚ ਡੇਰਾ ਸਿਰਸਾ ਦਾ ਕੋਈ ਆਧਾਰ ਈ ਨਹੀਂ ਸੀ। 2005/6 ਤੱਕ ਅੱਕ ਕੇ ਮੈਂ ਇਸ ਬਾਰੇ ਗੱਲ ਕਰਨੀ ਈ ਬੰਦ ਕਰਤੀ ਕਿ ਕੋਈ ਸੁਣਦਾ ਸਮਝਦਾ ਤਾਂ ਹੈ ਨਹੀਂ। ਮੈਂ ਮਹਿਸੂਸ ਕੀਤਾ ਕਿ ਜਦ ਵੀ ਮੈਂ ਇਹ ਗੱਲ ਛੇੜਦਾ ਹਾਂ ਤਾਂ ਸਾਡੇ ਆਗੂਆਂ ਦਾ ਰਵਈਆ ਬੜਾ ਅਜ਼ੀਬ ਜਿਹਾ ਹੋ ਜਾਂਦਾ ਹੈ ਜਿਵੇਂ ਕਿਸੇ ਨੂੰ ਕਹੀਦਾ ਕਿ ਕਿਉਂ ਬੇਕਾਰ ਮਸਲਿਆਂ ਉਤੇ ਵਕਤ ਖਰਾਬ ਕਰ ਰਿਹਾਂ ਹੈ, ਕੋਈ ਅਕਲ ਦੀ ਗੱਲ ਕਰ। 2004 ਦੇ ਦਸੰਬਰ ਮਹੀਨੇ ਡੇਰੇ ਵਾਲਿਆਂ ਨੇ ਸਾਡੇ ਘਰ ਉਤੇ ਚੜ੍ਹਾਈ ਕਰ ਦਿੱਤੀ ਸੀ ਜਦ ਦਲ ਖਾਲਸਾ ਵਲੋਂ ਫਤਿਹ ਗੜ੍ਹ ਸਾਹਿਬ ਸ਼ਹੀਦੀ ਜੋੜ ਮੇਲੇ ਮੌਕੇ ਦੇਹਧਾਰੀ ਗੁਰੂ ਡੰਮ ਬਾਰੇ ਵੰਡੇ ਪੈਂਫਲਿਟ ਵਿਚ ਡੇਰੇ ਸਰਸੇ ਦੀ ਹਕੀਕਤ ਛਾਪੀ ਗਈ ਸੀ।ਇਕ ਪਾਸੇ ਤਾਂ ਮੇਰੇ ਦਿਲ ਵਿਚ ਸਰਸੇ ਵਾਲਿਆਂ ਖ਼ਿਲਾਫ਼ ਰੋਹ ਸੀ, ਦੂਜੇ ਪਾਸੇ ਮੇਰੀ ਜਥੇਬੰਦੀ ਡੇਰੇ ਸਰਸੇ ਖਿਲਾਫ ਕੁਝ ਕਰਨ ਦੇ ਮੂਡ ਵਿੱਚ ਨਹੀਂ ਸੀ।ਬੜਾ ਸੰਤਾਪ ਸੀ। ਸਾਡੇ ਬੰਦਿਆਂ ਨੂੰ ਅਹਿਸਾਸ ਈ ਨਹੀਂ ਸੀ ਕਿ ਇਹ ਕਿੱਡੀ ਖਤਰਨਾਕ ਸਮੱਸਿਆ ਹੈ। ਮੈਂ ਆਪਦੇ ਆਪ ਵਿਚ ਬੜਾ ਔਖ ਝੱਲ ਰਿਹਾ ਸੀ। ਮੇਰੇ ਵਾਂਗ ਹੋਰ ਵੀ ਹਜ਼ਾਰਾਂ ਸਿੱਖ ਇਹ ਦਰਦ ਝੱਲਦੇ ਹੋਣਗੇ।ਪਰ ਆਖਰ ਸਿਆਸੀ ਭਲਵਾਨਾਂ ਤੋਂ ਮਿਲੀ ਬੇਪਨਾਹ ਸਰਪ੍ਰਸਤੀ ਨੇ ਡੇਰਾ ਸਿਰਸਾ ਨੂੰ ਤਬਾਹੀ ਦੇ ਰਾਹ ਤੋਰ ਦਿੱਤਾ। 2007ਵਿਚ ਸਲਾਬਤਪੁਰਾ ਤੇ 2015 ਵਿਚ ਬਰਗਾੜੀ ਕਾਂਡ ਮਗਰੋਂ ਡੇਰੇ ਅਤੇ ਸਿੱਖ ਜਗਤ ਵਿੱਚ ਛਿੜੀ ਜੰਗ ਨੇ ਸਾਰੇ ਸਮੀਕਰਨ ਹਿਲਾ ਛੱਡੇ। ਇਸ ਸੰਘਰਸ਼ ਵਿਚ ਦਲ ਖਾਲਸਾ ਦੀ ਲੀਡਰਸ਼ਿਪ ਨੇ ਵੀ ਡਟਕੇ ਫਰਜ ਨਿਭਾਏ।ਪਰ ਮੈਨੂੰ ਸਦਾ ਈ ਮਲਾਲ ਰਹੇਗਾ ਕਿ ਇਹ ਲੜਾਈ ਤਾਂ ਸਾਨੂੰ ਬਹੁਤ ਪਹਿਲਾਂ ਲੜਨੀ ਚਾਹੀਦੀ ਸੀ। ਪਿੱਛੇ ਜਿਹੇ ਇਕ ਸੱਜਣ ਨਾਲ ਚਰਚਾ ਛਿੜੀ ਤਾਂ ਮੈਂ ਕਿਹਾ ਕਿ ਮਾਝੇ ਦੋਆਬੇ ਵਿੱਚ ਡੇਰਾ ਸਰਸਾ ਦਾ ਆਧਾਰ ਨਹੀਂ ਸੀ ਜਿਸ ਕਾਰਨ ਆਪਣੇ ਬੰਦਿਆਂ ਨੂੰ ਓਸ ਪੀੜ ਦਾ ਅਹਿਸਾਸ ਨਹੀਂ ਸੀ ਜੋ ਅਸੀਂ ਮਾਲਵੇ ਵਿੱਚ ਝੱਲ ਰਹੇ ਸਾਂ।ਇਹੀ ਗੱਲ ਨਕਲੀ ਈਸਾਈ ਵਰਤਾਰੇ ਬਾਰੇ ਹੈ। ਮਾਲਵੇ ਦੇ ਵਾਸੀ ਬਹੁਤ ਸਾਰੇ ਸੱਜਣ ਅਤੇ ਸ਼ਹਿਰਾਂ ਵਿੱਚ ਵਸਦੇ ਸਿੱਖਾਂ ਨੂੰ ਓਸ ਦਰਦ ਦੀ ਸੋਝੀ ਈ ਨਹੀਂ ਜਿਹੜੀ ਪੀੜ ਮਾਝੇ ਵਿੱਚ ਇਨ੍ਹਾਂ ਈਸਾਈਆਂ ਕਰਕੇ ਸਿੱਖ ਝੱਲ ਰਹੇ ਨੇ। ਸੋਸ਼ਲ ਮੀਡੀਆ ਉਤੇ ਮਾਝੇ ਤੋਂ ਦੂਰ ਬੈਠੇ ਸਿੱਖਾਂ ਦੇ ਵਿਚਾਰ ਪੜ੍ਹੇ ਨੇ, ਉਨ੍ਹਾਂ ਨੂੰ ਲੱਗਦਾ ਕਿ ਸਿੱਖ ਐਵੇਂ ਈ ਈਸਾਈ ਭਾਈਚਾਰੇ ਨਾਲ ਪੰਗੇ ਲੈ ਰਹੇ ਨੇ। ਕੱਲ੍ਹ ਜਲੰਧਰ ਵਸਦੇ ਇਕ ਵੀਰ ਨਾਲ ਚਰਚਾ ਹੋਈ ਤਾਂ ਓਹਨੇ ਵੀ ਮੰਨਿਆ ਕਿ ਸਾਡੇ ਦੋਆਬੇ ਵਿੱਚ ਇਨ੍ਹਾਂ ਈਸਾਈਆਂ ਕਰਕੇ ਜੋ ਪੀੜ ਸਿੱਖ ਬਰਦਾਸ਼ਤ ਕਰ ਰਹੇ ਨੇ ਓਹ ਮਾਲਵੇ ਵਿਚਲੇ ਸਿੱਖਾਂ ਨੂੰ ਨਹੀਂ ਪਤਾ। ਮੋਟੀ ਜਿਹੀ ਨਜ਼ਰ ਮਾਰੋ ਤਾਂ ਇਹੀ ਮਿਲੇਗਾ ਕਿ ਸੋਸ਼ਲ ਮੀਡੀਆ ਉਤੇ ਈਸਾਈ ਮਸਲੇ ਉਤੇ ਸਿੱਖ ਨੌਜਵਾਨਾਂ ਨੂੰ ਨਿੰਦਣ, ਭੰਡਣ, ਵਿਰੋਧ ਕਰਨ, ਅਲੋਚਨਾ ਕਰਨ ਵਾਲੇ ਮਾਲਵੇ ਖੇਤਰ ਦੇ ਹਨ ਜਿਨ੍ਹਾਂ ਮਗਰ ਇਕਾ ਦੁੱਕਾ ਮਾਝੇ ਤੇ ਦੋਆਬੇ ਦੀ ਵੀ ਲੱਗੇ ਹੋਏ ਹਨ। ਮੈਂ ਮਾਲਵੇ ਵਾਲੇ ਵੀਰਾਂ ਨੂੰ ਵੀ ਪੰਥਕ ਮੰਨਦਾ ਹਾਂ। ਉਨ੍ਹਾਂ ਨੂੰ ਬੇਨਤੀ ਹੈ ਕਿ ਜੋ ਦਰਦ ਡੇਰੇ ਸਰਸੇ ਕਰਕੇ ਤੁਸੀਂ ਮਾਲਵੇ ਵਿੱਚ ਭੁਗਤਿਆ ਓਹੀ ਦਰਦ ਮਾਝੇ ਦੋਆਬੇ ਵਿੱਚ ਈਸਾਈਆਂ ਕਰਕੇ ਸਿੱਖ ਭੋਗਦੇ ਨੇ।ਜਦ ਤੁਸੀਂ ਡੇਰੇ ਖ਼ਿਲਾਫ਼ ਡਟੇ ਸੀ ਤੇ ਜੇ ਕੋਈ ਉਦੋਂ ਤੁਹਾਨੂੰ ਨਿੰਦਦਾ ਭੰਡਦਾ, ਤਾਂ ਤੁਹਾਨੂੰ ਲਾਜ਼ਮੀ ਰੋਹ ਚੜ੍ਹਨਾ ਸੀ,ਓਹੀ ਰੋਹ ਇਸ ਵੇਲੇ ਤੁਹਾਡੀਆਂ ਗੱਲਾਂ ਕਰਕੇ ਈਸਾਈ ਹਮਲੇ ਖਿਲਾਫ ਲੜ ਰਹੇ ਸਿਖਾਂ ਨੂੰ ਹੈ। ਤੁਸੀਂ ਕਦੇ ਮਾਝੇ ਦੇ ਪਿੰਡਾਂ ਵਿਚ ਈਸਾਈ ਵਰਤਾਰੇ ਦੇ ਸਤਾਏ ਸਿਖਾਂ ਨੂੰ ਮਿਲੋ। ਮੇਰਾ ਦਾਅਵਾ ਹੈ ਕਿ ਤੁਸੀਂ ਇਨ੍ਹਾਂ ਲੜ ਰਹੇ ਨੌਜਵਾਨਾਂ ਦੇ ਕੁਰਬਾਨ ਜਾਵੋਂਗੇ ਕਿ ਕਿੰਨਾ ਜਿਗਰਾ ਰੱਖੀ ਬੈਠੇ ਨੇ। (ਬਾਕੀ ਸਫ਼ਾ 30 'ਤੇ)

**2007 ਵਿਚ ਸਲਾਬਤਪੁਰਾ ਤੇ 2015 ਵਿਚ ਬਰਗਾੜੀ ਕਾਂਡ ਮਗਰੋਂ ਡੇਰੇ ਅਤੇ ਸਿੱਖ ਜਗਤ ਵਿੱਚ ਛਿੜੀ ਜੰਗ ਨੇ ਸਾਰੇ ਸਮੀਕਰਨ ਹਿਲਾ ਛੱਡੇ। ਇਸ ਸੰਘਰਸ਼ ਵਿਚ ਦਲ ਖਾਲਸਾ ਦੀ ਲੀਡਰਸ਼ਿਪ ਨੇ ਵੀ ਡਟਕੇ ਫਰਜ ਨਿਭਾਏ।ਪਰ ਮੈਨੂੰ ਸਦਾ ਈ ਮਲਾਲ ਰਹੇਗਾ ਕਿ ਇਹ ਲੜਾਈ ਤਾਂ ਸਾਨੂੰ ਬਹੁਤ ਪਹਿਲਾਂ ਲੜਨੀ ਚਾਹੀਦੀ ਸੀ। ਪਿੱਛੇ ਜਿਹੇ ਇਕ ਸੱਜਣ ਨਾਲ ਚਰਚਾ ਛਿੜੀ ਤਾਂ ਮੈਂ ਕਿਹਾ ਕਿ ਮਾਝੇ ਦੋਆਬੇ ਵਿੱਚ ਡੇਰਾ ਸਰਸਾ ਦਾ ਆਧਾਰ ਨਹੀਂ ਸੀ ਜਿਸ ਕਾਰਨ ਆਪਣੇ ਬੰਦਿਆਂ ਨੂੰ ਓਸ ਪੀੜ ਦਾ ਅਹਿਸਾਸ ਨਹੀਂ ਸੀ ਜੋ ਅਸੀਂ ਮਾਲਵੇ ਵਿੱਚ ਝੱਲ ਰਹੇ ਸਾਂ।ਇਹੀ ਗੱਲ ਨਕਲੀ ਈਸਾਈ ਵਰਤਾਰੇ ਬਾਰੇ ਹੈ।**

# ਪੰਜਾਬ ਨੂੰ ਪਖੰਡੀ ਬਾਬਿਆਂ ਅਤੇ ਤਾਂਤਰਿਕਾਂ ਤੋਂ ਬਚਾਉਣ ਲਈ ਕਾਨੂੰਨ ਬਣਾਉਣ ਦੀ ਲੋੜ

ਤਰਕਵਾਦ

ਸੁਮੀਤ ਸਿੰਘ

ਬੇਸ਼ੱਕ ਮੌਜੂਦਾ ਯੁੱਗ ਵਿਗਿਆਨ ਅਤੇ ਤਕਨਾਲੋਜੀ ਦਾ ਯੁੱਗ ਹੈ ਪਰ ਸਾਡੇ ਸਮਾਜ ਦੇ ਜ਼ਿਆਦਾਤਰ ਲੋਕ ਭਾਵੇਂ ਉਹ ਪੜ੍ਹੇ ਲਿਖੇ ਹੋਣ ਜਾਂ ਅਨਪੜ੍ਹ, ਪੀੜ੍ਹੀ ਦਰ ਪੀੜ੍ਹੀ ਰੂੜੀਵਾਦੀ ਸੋਚ ਰੱਖਦੇ ਹੋਣ ਕਰਕੇ ਕਈ ਤਰ੍ਹਾਂ ਦੇ ਵਹਿਮਾਂ ਭਰਮਾਂ, ਅੰਧਵਿਸ਼ਵਾਸਾਂ, ਕਿਸਮਤਵਾਦ, ਅਖੌਤੀ ਚਮਤਕਾਰਾਂ, ਰੂੜੀਵਾਦੀ ਰਸਮਾਂ, ਡੇਰਿਆਂ ਅਤੇ ਪਖੰਡੀ ਬਾਬਿਆਂ ਦੇ ਮਕੜਜਾਲ ਵਿਚ ਬੜੀ ਬੁਰੀ ਤਰ੍ਹਾਂ ਫਸੇ ਹੋਏ ਹਨ। ਇਸੇ ਅੰਧਵਿਸ਼ਵਾਸੀ ਮਾਨਸਿਕਤਾ ਦਾ ਫਾਇਦਾ ਉਠਾ ਕੇ ਜਗ੍ਹਾ ਜਗ੍ਹਾ ਦੁਕਾਨਾਂ ਖੋਲ੍ਹ ਕੇ ਬੈਠੇ ਪਾਖੰਡੀ ਬਾਬੇ, ਤਾਂਤਰਿਕ, ਸਾਧ, ਜੋਤਸ਼ੀ ਅਤੇ ਚੌਂਕੀਆਂ ਲਗਾ ਕੇ ਪੁੱਛਾਂ ਦੇਣ ਵਾਲੇ ਅਖੌਤੀ ਸਿਆਣੇ ਅਜਿਹੇ ਲੋਕਾਂ ਦੀਆਂ ਸਮੱਸਿਆਵਾਂ, ਦੁੱਖਾਂ, ਬਿਮਾਰੀਆਂ, ਖਾਹਿਸ਼ਾਂ, ਗਰਜਾਂ ਦਾ ਆਪਣੀਆਂ ਅਖੌਤੀ ਦੈਵੀ ਸ਼ਕਤੀਆਂ ਨਾਲ ਨਿਵਾਰਨ ਕਰਨ ਦੇ ਬਹਾਨੇ ਉਨ੍ਹਾਂ ਨੂੰ ਭੂਤਾਂ-ਪ੍ਰੇਤਾਂ, ਜਾਦੂ ਟੂਣਿਆਂ, ਧਾਗੇ ਤਵੀਤਾਂ, ਗ੍ਰਹਿ ਚੱਕਰਾਂ, ਰਾਸ਼ੀਫਲ, ਜਨਮ ਟੇਵਿਆਂ, ਵਸ਼ੀਕਰਨ, ਕੀਤੇ-ਕਰਾਏ, ਵਾਸਤੂ ਸ਼ਾਸਤਰ, ਜੰਤਰ-ਮੰਤਰ , ਕਾਲੇ ਇਲਮ, ਪੁਨਰ ਜਨਮ, ਸਵਰਗ-ਨਰਕ, ਕਿਸਮਤ ਅਤੇ ਅਗਲੇ ਪਿਛਲੇ ਜਨਮ ਦੇ ਅੰਧਵਿਸ਼ਵਾਸਾਂ ਵਿਚ ਫਸਾ ਕੇ ਉਨ੍ਹਾਂ ਦਾ ਸ਼ਰੇਆਮ ਆਰਥਿਕ, ਸਰੀਰਕ ਅਤੇ ਮਾਨਸਿਕ ਸ਼ੋਸ਼ਣ ਕਰ ਰਹੇ ਹਨ। ਬੇਹੱਦ ਚਿੰਤਾਜਨਕ ਹੈ ਕਿ ਅਜਿਹੀ ਲੁੱਟ ਖਸੁੱਟ ਨੂੰ ਖਤਮ ਕਰਨ ਲਈ ਪੰਜਾਬ ਵਿਚ ਕੋਈ ਠੋਸ ਅੰਧਵਿਸ਼ਵਾਸ ਵਿਰੋਧੀ ਕਾਨੂੰਨ ਬਣਾਉਣ ਦਾ ਅਹਿਮ ਮੁੱਦਾ ਕਿਸੇ ਵੀ ਸਰਕਾਰ ਜਾਂ ਸਿਆਸੀ ਪਾਰਟੀ ਦੇ ਏਜੰਡੇ ਉਤੇ ਕਦੇ ਨਹੀਂ ਆਇਆ। ਭਾਰਤੀ ਸੰਵਿਧਾਨ ਦੀ ਧਾਰਾ 51-ਏ (ਐਚ) ਤਹਿਤ ਹਰੇਕ ਭਾਰਤੀ ਨਾਗਰਿਕ ਨੂੰ ਜੀਵਨ ਵਿਚ ਵਿਗਿਆਨਕ ਸੋਚ ਅਤੇ ਇਨਸਾਨੀਅਤ ਦੀ ਭਾਵਨਾ ਅਪਣਾਉਣ ਦੇ ਨਾਲ ਨਾਲ-ਨਾਲ ਆਪਣੇ ਆਲੇ ਦੁਆਲੇ ਬਾਰੇ ਜਾਨਣ ਅਤੇ ਉਸ ਵਿਚ ਸੁਧਾਰ ਕਰਨ ਦਾ ਫਰਜ਼ ਨਿਭਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਬੇਹੱਦ ਅਫ਼ਸੋਸ ਹੈ ਕਿ ਕਦੇ ਵੀ ਕਿਸੇ ਸਰਕਾਰ ਜਾਂ ਸਿਆਸੀ ਪਾਰਟੀ ਨੇ ਇਸ ਧਾਰਾ ਤਹਿਤ ਸਮਾਜ ਵਿਚ ਵਿਗਿਆਨਕ ਚੇਤਨਾ ਵਿਕਸਤ ਕਰਨ ਦੀ ਨੀਤੀ ਅਖਤਿਆਰ ਨਹੀਂ ਕੀਤੀ।



ਦਰਅਸਲ ਲੋਕਾਂ ਵਿਚ ਅੰਧਵਿਸ਼ਵਾਸ, ਵਹਿਮ ਭਰਮ ਫੈਲਣ, ਆਪਣੀਆਂ ਸਮੱਸਿਆਵਾਂ ਲਈ ਪਖੰਡੀ ਬਾਬਿਆਂ ਉਤੇ ਟੇਕ ਰੱਖਣ ਅਤੇ ਤਾਂਤਰਿਕਾਂ, ਜੋਤਸ਼ੀਆਂ ਅਤੇ ਡੇਰਿਆਂ ਦੇ ਝਾਂਸੇ ਵਿਚ ਫਸਣ ਪਿੱਛੇ ਜਿਥੇ ਆਰਥਿਕ, ਸਮਾਜਿਕ ਅਤੇ ਮਨੋਵਿਗਿਆਨਕ ਕਾਰਨ ਹਨ ਉਥੇ ਹੀ ਕਾਰਪੋਰੇਟ ਪੱਖੀ ਨੀਤੀਆਂ ਅਤੇ ਲੋਕ ਵਿਰੋਧੀ ਲੁਟੇਰਾ ਰਾਜ ਪ੍ਰਬੰਧ ਉਸ ਤੋਂ ਵੀ ਵੱਧ ਜ਼ਿੰਮੇਵਾਰ ਹੈ। ਸਾਡੇ ਦੇਸ਼ ਦਾ ਵਿੱਦਿਅਕ ਢਾਂਚਾ ਵੀ ਲੋਕਾਂ ਵਿਚ ਵਿਗਿਆਨਕ ਚੇਤਨਾ ਅਤੇ ਸੰਘਰਸ਼ ਦੀ ਭਾਵਨਾ ਪੈਦਾ ਕਰਨ ਦੀ ਥਾਂ ਉਨ੍ਹਾਂ ਨੂੰ ਅੰਧ-ਵਿਸ਼ਵਾਸੀ ਅਤੇ ਕਿਸਮਤਵਾਦੀ ਬਣਾਉਣ ਵੱਲ ਜ਼ਿਆਦਾ ਪ੍ਰੇਰਿਤ ਕਰਦਾ ਹੈ।

ਪਿਛਲੇ ਸਮੇਂ ਵਿਚ ਪੰਜਾਬ ਵਿਚ ਕਈ ਪਖੰਡੀ ਬਾਬਿਆਂ, ਤਾਂਤਰਿਕਾਂ, ਸਿਆਣਿਆਂ, ਡੇਰਿਆਂ ਦੇ ਸੰਸਥਾਪਕਾਂ ਅਤੇ ਹੋਰਨਾਂ ਗ਼ੈਰ ਸਮਾਜੀ ਅਨਸਰਾਂ ਵਲੋਂ ਕਥਿਤ ਓਪਰੀ ਸ਼ੈਅ ਜਾਂ ਭੂਤ ਪ੍ਰੇਤ ਕੱਢਣ ਦੀ ਆੜ ਹੇਠ ਔਰਤਾਂ ਨਾਲ ਜਬਰ ਜਨਾਹ, ਕਤਲ, ਗਰਮ ਚਿਮਟਿਆਂ ਨਾਲ ਤਸੀਹੇ ਦੇਣ, ਅਗਵਾ ਕਰਨ, ਮਾਸੂਮ ਬੱਚਿਆਂ ਦੀ ਬਲੀ ਅਤੇ ਹੋਰ ਕਈ ਤਰ੍ਹਾਂ ਦੀਆਂ ਦਿਲ ਕੰਬਾਊ ਅਪਰਾਧਿਕ ਘਟਨਾਵਾਂ ਵਾਪਰੀਆਂ ਹਨ ਪਰ ਕਿਸੇ ਵੀ ਪਾਰਟੀ ਦੀ ਸਰਕਾਰ ਨੇ ਪੰਜਾਬ ਵਿਚ ਅਜਿਹੇ ਬਾਬਿਆਂ, ਸਾਧਾਂ-ਸਿਆਣਿਆਂ ਅਤੇ ਡੇਰਿਆਂ ਦੀਆਂ ਗ਼ੈਰ ਕਾਨੂੰਨੀ ਕਾਰਵਾਈਆਂ ਉਤੇ ਪਾਬੰਦੀ ਲਾਉਣ ਅਤੇ ਕੋਈ ਠੋਸ ਅੰਧਵਿਸ਼ਵਾਸ ਵਿਰੋਧੀ ਕਾਨੂੰਨ ਲਾਗੂ ਕਰਨ ਦੀ ਰਾਜਸੀ ਇਮਾਨਦਾਰੀ ਨਹੀਂ ਵਿਖਾਈ। ਅਜਿਹੇ ਗ਼ੈਰ ਸਮਾਜੀ ਅਨਸਰਾਂ ਅਤੇ ਬਾਬਿਆਂ ਦੇ ਕਾਲੇ ਕਾਰਨਾਮੇ ਕੁੱਝ ਦਿਨ ਅਖਬਾਰਾਂ ਦੀਆਂ ਸੁਰਖੀਆਂ ਬਣਦੇ ਹਨ ਪਰ ਹਾਕਮ ਜਮਾਤਾਂ ਅਤੇ ਸਿਆਸੀ ਪਾਰਟੀਆਂ ਦੀ ਪੂਰੀ ਸਿਆਸੀ ਸਰਪ੍ਰਸਤੀ ਹੋਣ ਕਰਕੇ ਪੁਲੀਸ ਵਲੋਂ ਅਜਿਹੇ ਰਸੂਖਵਾਨ ਦੋਸ਼ੀਆਂ ਦੇ ਖਿਲਾਫ ਕੋਈ ਸਖਤ ਕਾਨੂੰਨੀ ਕਾਰਵਾਈ ਕਰਨ ਤੋਂ ਟਾਲਾ ਵੱਟਿਆ ਜਾਂਦਾ ਹੈ। ਬੜੀ ਹੈਰਾਨਗੀ ਹੈ ਕਿ ਕਰੋੜਾਂ ਅਰਬਾਂ ਰੁਪਏ ਦਾ ਇਹ ਗੋਰਖ ਧੰਦਾ ਬੇਰੋਕ ਟੋਕ ਚੱਲ ਰਿਹਾ ਹੈ ਪਰ ਕਦੇ ਕਿਸੇ ਈ. ਡੀ., ਇਨਕਮ ਟੈਕਸ ਜਾਂ ਸੀ. ਬੀ. ਆਈ. ਦੀਆਂ ਏਜੰਸੀਆਂ ਨੇ ਛਾਪੇ ਮਾਰ ਕੇ ਅਜਿਹਾ ਧੰਦਾ ਕਰਨ ਵਾਲਿਆਂ ਦਾ ਕਾਲਾ ਧਨ ਜ਼ਬਤ ਕਰਨ ਅਤੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਇਮਾਨਦਾਰੀ ਨਹੀਂ ਵਿਖਾਈ। ਮੁਲਕ ਦੀਆਂ ਵੱਖ-ਵੱਖ ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਕਾਰਪੋਰੇਟ ਪੱਖੀ ਨੀਤੀਆਂ ਲਾਗੂ ਕਰਨ ਦੇ ਨਤੀਜੇ ਵਜੋਂ ਦੇਸ਼ ਦੀ ਵੱਡੀ ਗਿਣਤੀ ਆਬਾਦੀ ਨੂੰ ਗਰੀਬੀ, ਮਹਿੰਗਾਈ, ਬੇਰੁਜ਼ਗਾਰੀ, ਭੁੱਖਮਰੀ, ਅਨਪੜ੍ਹਤਾ ਤੇ ਗੰਭੀਰ ਬਿਮਾਰੀਆਂ ਆਦਿ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਰਥਿਕ ਨਾਬਰਾਬਰੀ ਦਾ ਸ਼ਿਕਾਰ ਅਜਿਹੇ ਕਰੋੜਾਂ ਪੀੜਤ ਲੋਕ ਲਗਾਤਾਰ ਬੇਰੁਜ਼ਗਾਰੀ, ਭੁਖਮਰੀ, ਕਰਜ਼ਾ, ਆਰਥਿਕ ਬਦਹਾਲੀ ਅਤੇ ਮਾਨਸਿਕ ਤਣਾਅ 'ਚੋਂ ਗੁਜ਼ਰਦੇ ਹੋਏ ਸਰੀਰਕ ਅਤੇ ਮਾਨਸਿਕ ਬਿਮਾਰੀਆਂ ਦੇ ਸ਼ਿਕਾਰ ਹੁੰਦੇ ਹਨ ਜਿਨ੍ਹਾਂ ਵਿਚੋਂ ਨਿਕਲਣ ਦੀ ਝੂਠੀ ਆਸ ਵਿਚ ਉਹ ਪਖੰਡੀ ਬਾਬਿਆਂ, ਤਾਂਤਰਿਕਾਂ, ਜੋਤਸ਼ੀਆਂ ਅਤੇ ਡੇਰਿਆਂ ਦੇ ਚੁੰਗਲ ਵਿਚ ਫਸ ਕੇ ਆਪਣੀ ਹੋਰ ਵੀ ਵੱਧ (ਬਾਕੀ ਸਫ਼ਾ 30 'ਤੇ)





# ਆਨਲਾਈਨ

## ਫਰਾਡ ਤੋਂ ਬਚਣ ਦੀ ਲੋੜ

> "ਠੱਗਾਂ, ਚੋਰਾਂ, ਧੋਖੇਬਾਜ਼ਾਂ ਦੀ ਅੱਖ ਹਮੇਸ਼ਾ ਪੈਸਿਆਂ ਉੱਪਰ ਰਹਿੰਦੀ ਹੈ। ਉਹ ਹਰ ਹਰਬਾ ਵਰਤ ਕੇ ਤੁਹਾਡੀ ਜਮ੍ਹਾਂ ਪੂੰਜੀ ਉਡਾ ਲਿਜਾਣਾ ਸੋਚਦੇ ਹਨ ਤਾਂ ਕਿ ਰਾਤੋ-ਰਾਤ ਅਮੀਰ ਹੋ ਸਕਣ। ਇਹਨਾਂ ਲੋਕਾਂ ਦੁਆਰਾ ਵਰਤੇ ਜਾਂਦੇ ਢੰਗ ਤਰੀਕਿਆਂ ਬਾਰੇ ਜਾਣਕਾਰੀ ਦੇਣ ਲਈ ਭਾਰਤੀ ਰਿਜ਼ਰਵ ਬੈਂਕ ਨੇ 28-30 ਪੰਨਿਆਂ ਦਾ ਕਿਤਾਬਚਾ ਲਿਆਂਦਾ ਗਿਆ ਹੈ"

**ਜਗਦੇਵ ਸ਼ਰਮਾ ਬੁਗਰਾ**

ਸਾਇੰਸ ਦੀ ਤਰੱਕੀ ਨਾਲ ਸਾਡੀ ਜਿੰਦਗੀ ਬੇਸ਼ੱਕ ਕਾਫੀ ਸੁਖਾਲੀ ਹੋ ਗਈ ਹੈ ਪਰ ਇਹ ਆਪਣੇ ਨਾਲ ਬਹੁਤ ਸਾਰੀਆਂ ਸਮੱਸਿਆਵਾਂ ਵੀ ਲੈ ਕੇ ਆਈ ਹੈ। ਆਨਲਾਈਨ ਫਰਾਡ ਦਾ ਹੀ ਮਸਲਾ ਹੈ। ਠੱਗਾਂ, ਚੋਰਾਂ, ਧੋਖੇਬਾਜ਼ਾਂ ਦੀ ਅੱਖ ਹਮੇਸ਼ਾ ਪੈਸਿਆਂ ਉੱਪਰ ਰਹਿੰਦੀ ਹੈ। ਉਹ ਹਰ ਹਰਬਾ ਵਰਤ ਕੇ ਤੁਹਾਡੀ ਜਮ੍ਹਾਂ ਪੂੰਜੀ ਉਡਾ ਲਿਜਾਣਾ ਸੋਚਦੇ ਹਨ ਤਾਂ ਕਿ ਰਾਤੋ-ਰਾਤ ਅਮੀਰ ਹੋ ਸਕਣ। ਇਹਨਾਂ ਲੋਕਾਂ ਦੁਆਰਾ ਵਰਤੇ ਜਾਂਦੇ ਢੰਗ ਤਰੀਕਿਆਂ ਬਾਰੇ ਜਾਣਕਾਰੀ ਦੇਣ ਲਈ ਭਾਰਤੀ ਰਿਜ਼ਰਵ ਬੈਂਕ ਨੇ 28-30 ਪੰਨਿਆਂ ਦਾ ਕਿਤਾਬਚਾ ਲਿਆਂਦਾ ਗਿਆ ਹੈ ਜਿਸ ਦਾ ਨਾਂ ਰੱਖਿਆ ਹੈ: ਰਾਜੂ ਅਤੇ ਚਾਲੀ ਚੋਰ। ਇਸ ਵਿਚ ਦਰਜ ਸਮੱਗਰੀ ਦਾ ਸੰਖੇਪ ਵਰਨਣ ਇਸ ਤਰ੍ਹਾਂ ਹੈ :

-ਤੁਹਾਨੂੰ ਫੋਨ ਆਉਂਦਾ ਹੈ ਕਿ ਤੁਹਾਡੇ ਕੇਵਾਈਸੀ ਵੇਰਵੇ ਅਧੂਰੇ ਹਨ। ਇਨ੍ਹਾਂ ਨੂੰ ਮੁਕੰਮਲ ਕਰਨ ਦੇ ਬਹਾਨੇ ਮਹੱਤਵਪੂਰਨ ਜਾਣਕਾਰੀ ਲੈ ਲਈ ਜਾਂਦੀ ਹੈ।

-ਫੋਨ ਉੱਤੇ ਦੱਸਿਆ ਜਾਂਦਾ ਹੈ ਕਿ ਤੁਹਾਡੇ ਏਟੀਐੱਮ ਕਾਰਡ ਦੀ ਮਿਆਦ ਲੰਘਣ ਵਾਲੀ ਹੈ ਅਤੇ ਬਲੌਕ ਹੋਣ ਦਾ ਡਰ ਹੈ। ਇਹ ਕਹਿ ਕੇ ਕਾਰਡ ਬਾਰੇ ਜਾਣਕਾਰੀ ਹਾਸਲ ਕਰ ਲਈ ਜਾਂਦੀ ਹੈ।

-ਪਹਿਲਾਂ ਤੁਹਾਨੂੰ ਦੱਸਿਆ ਜਾਂਦਾ ਹੈ ਕਿ ਇੱਕ ਪਾਲਿਸੀ ਬਹੁਤ ਹੀ ਸਸਤੇ ਰੇਟ 'ਤੇ ਤੁਹਾਨੂੰ ਜਾਰੀ ਕਰ ਦਿੱਤੀ ਗਈ ਹੈ ਅਤੇ ਤੁਹਾਡੇ ਇਨਕਾਰ ਕਰਨ ਅਤੇ ਡੀਐਕਟੀਵੇਟ ਕਰਨ ਦੇ ਬਹਾਨੇ ਓਟੀਪੀ ਮੰਗਿਆ ਜਾਂਦਾ ਹੈ ਅਤੇ ਤੁਹਾਡੇ ਖਾਤੇ ਵਿਚਲੀ ਰਕਮ ਗਾਇਬ ਕਰ ਦਿੱਤੀ ਜਾਂਦੀ ਹੈ।

-ਤੁਹਾਨੂੰ ਕ੍ਰੈਡਿਟ ਕਾਰਡ ਦੇ ਖਰਚੇ ਤੋਂ ਛੋਟ ਦੇ ਬਹਾਨੇ ਕ੍ਰੈਡਿਟ ਕਾਰਡ ਦੀ ਜਾਣਕਾਰੀ ਲੈ ਕੇ ਚੂਨਾ ਲਗਾ ਦਿੱਤਾ ਜਾਂਦਾ ਹੈ।

-ਤੁਸੀਂ ਕੋਈ ਵਸਤੂ ਆਨਲਾਈਨ ਵੇਚਣ ਦਾ ਇਸ਼ਤਿਹਾਰ ਦਿੱਤਾ ਹੈ ਤਾਂ ਝੱਟ ਹੀ ਕੋਈ ਧੋਖੇਬਾਜ਼ ਗ੍ਰਾਹਕ ਬਣ ਕੇ ਤੁਹਾਨੂੰ ਮੂੰਹ ਮੰਗੀ ਕੀਮਤ ਦੇਣ ਲਈ ਤਿਆਰ ਹੋ ਜਾਂਦਾ ਹੈ ਅਤੇ ਬਹੁਤ ਥੋੜ੍ਹੀ ਰਕਮ ਤੁਹਾਡੇ ਖਾਤੇ ਵਿਚ ਵੀ ਪਾ ਦਿੰਦਾ ਹੈ ਪਰ ਇਸ ਦੇ ਨਾਲ ਹੀ ਫਰਾਡ ਦਾ ਖੇਡ ਸ਼ੁਰੂ ਹੁੰਦਾ ਹੈ।

-ਵਿਦੇਸ਼ੀਂ ਬੈਠੇ ਤੁਹਾਡੇ ਕਿਸੇ ਜਾਣਕਾਰ ਨੂੰ ਮੁਸੀਬਤ ਵਿਚ ਫਸਿਆ ਦੱਸ ਕੇ ਤੁਹਾਨੂੰ ਕਿਸੇ ਖਾਤੇ ਵਿਚ ਪੈਸੇ ਪਾਉਣ ਲਈ ਆਖਿਆ ਜਾਂਦਾ ਹੈ।

-ਇਸੇ ਤਰ੍ਹਾਂ ਤੁਹਾਡੇ ਕਿਸੇ ਜਾਣਕਾਰ ਦੀ ਫੇਕ ਆਈਡੀ ਬਣਾ ਕੇ ਉਸ ਦੀ ਐਮਰਜੈਂਸੀ ਵਿੱਤੀ ਸਹਾਇਤਾ ਵਾਸਤੇ ਕਿਹਾ ਜਾਂਦਾ ਹੈ।

-ਇਹ ਕਹਿ ਕੇ ਕਿ ਤੁਹਾਨੂੰ ਤੁਹਾਡੀ ਪੁੱਗ ਚੁੱਕੀ ਬੀਮਾ ਪਾਲਿਸੀ ਉੱਤੇ ਬੋਨਸ ਦੇਣਾ ਹੈ ਅਤੇ ਤੁਹਾਡੇ ਖਾਤੇ ਦੀ ਜਾਣਕਾਰੀ ਵਰਤ ਕੇ ਫਰਾਡ ਕੀਤਾ ਜਾਂਦਾ ਹੈ।

-ਏਟੀਐੱਮ ਵਿਚੋਂ ਪੈਸੇ ਕਢਵਾਉਂਦੇ ਵਕਤ ਤੁਹਾਡਾ ਕਾਰਡ ਬਦਲ ਦੇਣਾ ਹੁਣ ਆਮ ਹੋ ਗਿਆ ਹੈ।

-ਤੁਹਾਡੇ ਏਟੀਐੱਮ ਕਾਰਡ ਦੀ ਜਾਣਕਾਰੀ ਇਕੱਤਰ ਕਰਨ ਲਈ ਏਟੀਐੱਮ ਰੂਮ ਵਿਚ ਬਹੁਤ ਹੀ ਮਹੀਨ ਕੈਮਰੇ ਫਿੱਟ ਕਰ ਦਿੱਤੇ ਜਾਂਦੇ ਹਨ ਜਿਸ ਦੇ ਜ਼ਰੀਏ ਕਾਰਡ ਅਤੇ ਪਾਸਵਰਡ ਦੀ ਜਾਣਕਾਰੀ ਲੈ ਲਈ ਜਾਂਦੀ ਹੈ।

-ਏਟੀਐੱਮ ਮਸ਼ੀਨ ਦੇ ਸੁਰਾਖ਼ ਵਿਚ ਯੰਤਰ ਫਿੱਟ ਕਰ ਕੇ ਸਾਰੀ ਜਾਣਕਾਰੀ ਕਾਪੀ ਕਰ ਲਈ ਜਾਂਦੀ ਹੈ।

-ਤੁਹਾਨੂੰ ਆਨਲਾਈਨ ਨੌਕਰੀ ਦੀ ਪੇਸ਼ਕਸ਼ ਆਉਂਦੀ ਹੈ ਅਤੇ ਕਿਸੇ ਅਣਜਾਣ ਸਾਈਟ 'ਤੇ ਕਲਿਕ ਕਰਨ ਨੂੰ ਕਿਹਾ ਜਾਂਦਾ ਹੈ। ਉਸ ਸਾਈਟ ਉੱਪਰ ਤੁਹਾਡੇ ਦੁਆਰਾ ਦਿੱਤੀ ਜਾਣਕਾਰੀ ਨੂੰ ਧੋਖੇਬਾਜ਼ ਫਰਾਡ ਕਰਨ ਲਈ ਇਸਤੇਮਾਲ ਕਰ ਸਕਦਾ ਹੈ।

-ਘਰੋਂ ਬੈਠ ਕੇ ਕੰਮ ਕਰੋ ਅਤੇ ਮੋਟੀ ਕਮਾਈ ਕਰੋ, ਵਾਲਾ ਸੂਤਰ ਵੀ ਇਸੇ ਤਰ੍ਹਾਂ ਦੇ ਫਰਾਡ ਲਈ ਵਰਤਿਆ ਜਾਂਦਾ ਹੈ। ਨੌਕਰੀ ਲਈ ਚੋਣ ਹੋ ਗਈ ਦੱਸ ਕੇ ਕੁੱਝ ਰਕਮ ਜ਼ਮਾਨਤ ਰਾਸ਼ੀ ਵਜੋਂ ਮੰਗੀ ਜਾਂਦੀ ਹੈ।

-ਮੋਬਾਈਲ ਟਾਵਰ ਲਗਵਾਉਣ ਲਈ ਚਾਹਵਾਨ ਮਿਲੋ। ਝੱਟ ਤੁਹਾਡੀ ਅਰਜ਼ੀ ਮਨਜ਼ੂਰ ਕਰ ਕੇ ਜ਼ਮਾਨਤ ਰਕਮ ਜਮ੍ਹਾਂ ਕਰਵਾਉਣ ਲਈ ਕਿਹਾ ਜਾਂਦਾ ਹੈ।

-ਰੇਲਵੇ ਸਟੇਸ਼ਨ, ਬੱਸ ਸਟੈਂਡ, ਮਾਲ ਵਰਗੀਆਂ ਸਾਂਝੀਆਂ ਥਾਵਾਂ ਉੱਪਰ ਚਾਰਜਿੰਗ ਕੇਬਲ ਰਾਹੀਂ ਡੇਟਾ ਚੋਰੀ ਕਰਨ ਦੀਆਂ ਘਟਨਾਵਾਂ ਵੀ ਵਾਪਰਨ ਲੱਗੀਆਂ ਹਨ।

-ਕਈ ਵਾਰੀ ਆਨਲਾਈਨ ਅਦਾਇਗੀ ਕਰਨ ਵੇਲੇ ਨੈੱਟ ਦੀ ਸਮੱਸਿਆ ਆ ਜਾਂਦੀ ਹੈ ਅਤੇ ਤੁਹਾਨੂੰ ਮੁਫ਼ਤ ਦੀ ਵਾਈ ਫਾਈ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਉਸ ਵਾਈ ਫਾਈ ਰਾਹੀਂ ਇਕੱਤਰ ਕੀਤੀ ਸੂਚਨਾ ਨੂੰ ਫਰਾਡ ਕਰਨ ਲਈ ਵਰਤਿਆ ਜਾਂਦਾ ਹੈ।

-ਪੈਨਸ਼ਨਰਾਂ ਨੂੰ ਆਨਲਾਈਨ ਲਾਈਫ ਸਰਟੀਫਿਕੇਟ ਦੇਣ ਲਈ ਆਖ ਕੇ ਓਟੀਪੀ ਸ਼ੇਅਰ ਕਰਨ ਲਈ ਆਖਿਆ ਜਾਂਦਾ ਹੈ।

-ਤੁਹਾਡੇ ਈਮੇਲ ਆਈਡੀ ਉੱਤੇ ਤੁਹਾਡਾ ਮਿੱਤਰ ਬਣ ਕੇ ਐਮਰਜੈਂਸੀ ਆਰਥਿਕ ਸਹਾਇਤਾ ਵਾਸਤੇ ਬੇਨਤੀ ਕੀਤੀ ਜਾਂਦੀ ਹੈ।

-ਮੈਸੇਜ ਐਪ ਉੱਤੇ ਕਿਸੇ ਖਾਸ ਐਪ ਨੂੰ ਵਰਤਣ ਵਜੋਂ ਗਿਫਟ ਵਾਊਚਰ ਦੀ ਆਫਰ ਦੇ ਕੇ ਕਾਲ ਡਿਟੇਲ ਅੱਪਡੇਟ ਕਰਨ ਲਈ ਭੇਜੇ ਗਏ ਓਟੀਪੀ ਨੂੰ ਵਰਤ ਕੇ ਫਰਾਡ ਕਰ ਲਿਆ ਜਾਂਦਾ ਹੈ।

-ਕਈ ਫੇਕ ਏਜੰਸੀਆਂ ਕਰਜ਼ ਦੀ ਆਫਰ ਲੈ ਕੇ ਹਾਜ਼ਰ ਹੁੰਦੀਆਂ ਹਨ। ਤੁਹਾਡੇ ਘਰੋਂ ਤੁਹਾਡੇ ਦਸਤਾਵੇਜ਼ ਲੈ ਲਏ ਜਾਂਦੇ ਹਨ। ਲੋਨ ਤੁਹਾਡੇ ਦਸਤਾਵੇਜ਼ਾਂ ਨਾਲ ਤੁਹਾਡੇ ਨਾਂ ਹੋਵੇਗਾ ਜਦਕਿ ਫਾਇਦਾ ਕੋਈ ਹੋਰ ਹੀ ਉਠਾ ਗਿਆ ਹੋਵੇਗਾ।

-ਕ੍ਰਿਕਟ ਵਰਗੀ ਗੇਮ ਵਿਚ ਸੱਟੇ ਰਾਹੀਂ ਸੌਖਿਆਂ ਲੱਖਪਤੀ ਬਣਨ ਦਾ ਝਾਂਸਾ ਦਿੱਤਾ ਜਾਂਦਾ ਹੈ। ਰਜਿਸਟਰੇਸ਼ਨ ਦੇ ਨਾਂ 'ਤੇ ਪੈਸੇ ਮੰਗ ਲਏ ਜਾਂਦੇ ਹਨ।

-ਫੇਕ ਕਾਲ ਰਾਹੀਂ ਟੀਕਾਕਰਨ ਲਈ ਤੁਹਾਡੇ ਆਧਾਰ ਕਾਰਡ, ਪੈਨ ਕਾਰਡ ਵਗੈਰਾ ਦੀ ਜਾਣਕਾਰੀ ਲੈ ਕੇ ਧੋਖਾ ਕੀਤਾ ਜਾਂਦਾ ਹੈ।

-ਸੜਕ ਕਿਨਾਰੇ ਸਸਤੀਆਂ ਬੀਮਾ




ਪਾਲਿਸੀਆਂ ਦਾ ਲਾਲਚ ਦਿੱਤਾ ਜਾਂਦਾ ਹੈ ਜਦ ਕਿ ਅਜਿਹੀ ਕੋਈ ਕੰਪਨੀ ਹੋਂਦ ਵਿਚ ਹੀ ਨਹੀਂ ਹੁੰਦੀ।

-ਸਰਕਾਰ ਦੀਆਂ ਸਮਾਜ ਭਲਾਈ ਸਕੀਮਾਂ ਦਾ ਫ਼ਾਇਦਾ ਦੇਣ ਦੇ ਬਹਾਨੇ ਤੁਹਾਡੇ ਕੋਲੋਂ ਤੁਹਾਡੇ ਬੈਂਕ ਖਾਤੇ, ਆਧਾਰ ਕਾਰਡ ਅਤੇ ਪੈਨ ਕਾਰਡ ਵਗੈਰਾ ਦੀ ਜਾਣਕਾਰੀ ਲੈ ਲਈ ਜਾਂਦੀ ਹੈ।

-ਆਨਲਾਈਨ ਸੇਲ ਰਾਹੀਂ ਵਸਤੂਆਂ ਦੇ ਰੇਟ ਅੱਧਿਆਂ ਤੋਂ ਵੀ ਘੱਟ ਦੱਸ ਕੇ 50% ਰਕਮ ਪਹਿਲਾਂ ਭੇਜਣ ਨੂੰ ਕਿਹਾ ਜਾਂਦਾ ਹੈ ਪਰ ਆਰਡਰ ਕੀਤੀ ਵਸਤੂ ਭੇਜੀ ਹੀ ਨਹੀਂ ਜਾਂਦੀ।

-ਤੁਹਾਨੂੰ ਜੈਕਪਾਟ ਲਾਟਰੀ ਦਾ ਝਾਂਸਾ ਦਿੱਤਾ ਜਾਂਦਾ ਹੈ ਅਤੇ ਕੁਝ ਰਕਮ ਪ੍ਰਾਸੈਸਿੰਗ ਚਾਰਜਜ਼ ਦੇ ਤੌਰ 'ਤੇ ਮੰਗੀ ਜਾਂਦੀ ਹੈ। ਜਦੋਂ ਤੁਸੀਂ ਮੰਗੀ ਗਈ ਰਾਸ਼ੀ ਭੇਜ ਦਿੰਦੇ ਹੋ, ਉਸੇ ਵਕਤ ਹੋਰ ਰਕਮ ਟੈਕਸ ਵਸੂਲੀ ਦੇ ਬਹਾਨੇ ਮੰਗੀ ਜਾਂਦੀ ਹੈ।

-ਸੁੰਦਰ ਲੜਕੀਆਂ ਰਾਹੀਂ ਤੁਹਾਡੇ ਨਾਲ ਅਸ਼ਲੀਲ ਹਰਕਤਾਂ ਕੀਤੀਆਂ ਜਾਂਦੀਆਂ ਹਨ ਅਤੇ ਕੁਝ ਦੇਰ ਬਾਅਦ ਤੁਹਾਨੂੰ ਕਿਸੇ ਨਕਲੀ ਪੁਲੀਸ ਵਾਲੇ ਵੱਲੋਂ ਤੁਹਾਡੇ ਖਿਲਾਫ ਆਈ ਸਿ.ਕਾਇਤ ਸਬੰਧੀ ਫੋਨ ਆਉਂਦਾ ਹੈ। ਤੁਹਾਨੂੰ ਡਰਾ ਧਮਕਾ ਕੇ ਪੈਸੇ ਬਟੋਰ ਲਏ ਜਾਂਦੇ ਹਨ।

-ਜਾਅਲੀ ਰਿਕਵਰੀ ਏਜੰਟ ਬਣ ਕੇ ਤੁਹਾਡੇ ਕੋਲੋਂ ਪੈਸੇ ਬਟੋਰ ਕੇ ਤਿੱਤਰ ਹੋ ਜਾਂਦੇ ਹਨ।

-ਕ੍ਰੈਡਿਟ ਕਾਰਡ ਵਗੈਰਾ ਚਾਲੂ ਕਰਨ ਦੇ ਬਹਾਨੇ ਐਕਟੀਵੇਸ਼ਨ ਕੋਡ ਮੰਗਿਆ ਜਾਂਦਾ ਹੈ ਅਤੇ ਉਸ ਕੋਡ ਆਸਰੇ ਫਰਾਡ ਕਰ ਲਿਆ ਜਾਂਦਾ ਹੈ।

-ਹੀ ਕ੍ਰੈਡਿਟ ਕਾਰਡ ਲਿਮਿਟ ਵਧਾਉਣ ਦਾ ਲਾਲਚ ਦੇ ਕੇ ਲਿਮਿਟ ਅੱਪ ਗਰਡੇਸ਼ਨ ਕੋਡ ਮੰਗਦੇ ਹਨ।

-ਧੋਖੇ ਨਾਲ ਤੁਹਾਡੇ ਖਾਤੇ ਵਿਚਲਾ ਰਜਿਸਟਰਡ ਮੋਬਾਈਲ ਨੰਬਰ ਬਦਲ ਦਿੱਤਾ ਜਾਂਦਾ ਹੈ, ਹੁਣ ਧੋਖੇਬਾਜ਼ ਕੁਝ ਵੀ ਕਰ ਸਕਦਾ ਹੈ।

-ਤੁਹਾਨੂੰ ਲਾਲਚ ਦਿੱਤਾ ਜਾਂਦਾ ਹੈ ਕਿ ਤੁਹਾਡੇ ਦੁਆਰਾ ਕੀਤੀ ਖਰੀਦ ਉੱਤੇ ਕੈਸ਼ਬੈਕ ਬਣਦਾ ਹੈ। ਤੁਸੀਂ ਉਹਨਾਂ ਦੇ ਦੱਸਣ ਮੁਤਾਬਿਕ ਬਟਨ ਦੱਬੀ ਜਾਂਦੇ ਹੋ। ਤੁਹਾਨੂੰ ਪੈਸੇ ਮੋੜਨ ਦੀ ਬਜਾਇ ਪੈਸੇ ਧੋਖੇਬਾਜ਼ ਦੇ ਖਾਤੇ ਵਿਚ ਪੁਆ ਲਏ ਜਾਂਦੇ ਹਨ।

-ਜਾਅਲੀ ਦਾਨੀ ਸੰਸਥਾਵਾਂ ਇਸ਼ਤਿਹਾਰ ਦੇ ਕੇ, ਵਾਪਸੀ ਯੋਗ ਜ਼ਮਾਨਤ ਰਾਸ਼ੀ ਠੱਗ ਕੇ ਨੌਂ ਦੋ ਗਿਆਰਾਂ ਹੋ ਜਾਂਦੀਆਂ ਹਨ।

-ਬਜ਼ੁਰਗ ਪੈਨਸ਼ਨਰਾਂ ਕੋਲੋਂ ਐੱਫਡੀ ਉੱਪਰ ਵੱਧ ਵਿਆਜ ਦਾ ਲਾਲਚ ਦੇ ਕੇ ਘਰੋਂ ਹੀ ਦਸਤਖ਼ਤ ਕਰਵਾ ਲਏ ਜਾਂਦੇ ਹਨ। ਜਾਅਲੀ ਐੱਫਡੀ ਮਾਲਕ ਨੂੰ ਦੇ ਕੇ ਅਸਲੀ ਐੱਫਡੀ ਉੱਤੇ ਧੋਖੇਬਾਜ਼ ਓਵਰਡ੍ਰਾਫਟ ਦੀ ਸਹੂਲਤ ਲੈ ਜਾਂਦਾ ਹੈ।

-ਬਿਨਾ ਪੜਤਾਲ ਕੀਤਿਆਂ ਕਿਸੇ ਅਣਜਾਣ ਜਾਅਲੀ ਐਪ ਨੂੰ ਡਾਊਨਲੋਡ ਕਰਨਾ ਵੀ ਠੱਗੀ ਨੂੰ ਸੱਦਾ ਦਿੰਦਾ ਹੈ।

-ਵਪਾਰਕ ਅਦਾਰਿਆਂ ਵਿਚ ਅਨਜਾਣ ਦੇ ਹੱਥ ਅਪਣਾ ਕਾਰਡ ਫੜਾ ਦੇਣਾ, ਕਾਰਡ ਦਾ ਕਲੋਨ ਬਣਾਉਣ ਵਿਚ ਸਹਾਈ ਹੋ ਜਾਂਦਾ ਹੈ।

-ਆਪਣੇ ਜਾਣ-ਪਛਾਣ ਵਾਲਿ.ਆਂ ਨਾਲ ਕਾਰਡ ਦਾ ਵੇਰਵਾ ਫੋਨ ਰਾਹੀਂ ਸਾਂਝਾ ਕਰਨਾ ਮਹਿੰਗਾ ਪੈ ਸਕਦਾ ਹੈ।

-ਖਰੀਦਦਾਰ ਕਿਊਆਰ ਕੋਡ ਸਕੈਨਿੰਗ ਰਾਹੀਂ ਅਦਾਇਗੀ ਕਰਦਿਆਂ ਜਾਅਲੀ ਅਦਾਇਗੀ ਦਿਖਾ ਕੇ ਦੁਕਾਨਦਾਰ ਨਾਲ ਠੱਗੀ ਕਰ ਲੈਂਦੇ ਹਨ।

-ਏਟੀਐੱਮ ਰੂਮ ਵਿਚ ਸਹਾਇਤਾ ਦੇਣ ਦੇ ਬਹਾਨੇ ਸਹਾਇਕ ਤੁਹਾਡੇ ਨਾਲ ਧੋਖਾ ਕਰ ਸਕਦਾ ਹੈ।

-ਆਨਲਾਈਨ ਖਰੀਦਦਾਰੀ ਵੇਲੇ ਪਹਿਲਾਂ ਪੈਸੇ ਭੇਜ ਦੇਣੇ ਕਈ ਵਾਰੀ ਗਲਤ ਸਾਬਤ ਹੋ ਜਾਂਦੇ ਹਨ।

ਇਨ੍ਹਾਂ ਨੁਕਤਿਆਂ ਦੇ ਮੱਦੇਨਜ਼ਰ ਹੇਠ ਲਿਖੀਆਂ ਸਾਵਧਾਨੀਆਂ ਅਨੁਸਾਰ ਠੱਗੀ ਤੋਂ ਬਚਿਆ ਜਾ ਸਕਦਾ ਹੈ :

-ਓਟੀਪੀ ਅਤੇ ਯੂਪੀਆਈ ਪਿਨ ਤੁਹਾਡੀ ਦੌਲਤ ਨੂੰ ਲੱਗੇ ਜਿੰਦਰੇ ਦੀ ਚਾਬੀ ਹਨ। ਇਸ ਲਈ ਕਦੇ ਵੀ ਕਿਸੇ ਨਾਲ ਇਹ ਸਾਂਝੇ ਨਾ ਕਰੋ।

-ਤੁਹਾਡੇ ਮਹੱਤਵਪੂਰਨ ਦਸਤਾਵੇਜ਼ਾਂ ਦੀ ਜਾਣਕਾਰੀ ਜਿਵੇਂ ਆਧਾਰ ਕਾਰਡ, ਪੈਨ ਕਾਰਡ, ਖਾਤੇ ਸਬੰਧੀ ਜਾਣਕਾਰੀ ਅਤੇ ਸਿਮ ਵੇਰਵੇ ਕਿਸੇ ਅਣਜਾਣ ਨਾਲ ਸਾਂਝੇ ਨਾ ਕਰੋ।

-ਜੈਕਪਾਟ, ਲਾਟਰੀ ਦੇ ਲਾਲਚ ਵਿਚ ਨਾ ਫਸੋ।

-ਨੌਕਰੀ ਦਾ ਝਾਂਸਾ ਦੇ ਕੇ ਜ਼ਮਾਨਤ ਰਾਸ਼ੀ ਮੰਗਣ ਵਾਲਿਆਂ ਤੋਂ ਬਚੋ।

-ਕਿਸੇ ਵੀ ਅਨਜਾਣ ਦੇ ਖਾਤੇ ਵਿਚ ਪੈਸੇ ਪੜਤਾਲ ਕਰ ਲੈਣ ਤੋਂ ਬਾਅਦ ਹੀ ਪਾਓ।

-ਆਪਣੇ ਭਾਂਤ ਭਾਂਤ ਦੇ ਪਾਸਵਰਡ ਫੋਨ ਜਾਂ ਪਾਸਬੁੱਕ ਵਿਚ ਕਦੇ ਵੀ ਲਿਖ ਕੇ ਨਾ ਰੱਖੋ।

-ਆਪਣਾ ਹਰ ਪਾਸਵਰਡ ਸਮੇਂ ਸਮੇਂ ਬਦਲਦੇ ਰਹੋ।

-ਆਪਣੇ ਫੋਨ ਵਿਚ ਐਂਟੀ-ਵਾਇਰਸ ਸਾਫਟਵੇਅਰ ਇੰਸਟਾਲ ਕਰਵਾਓ।

-ਆਨਲਾਈਨ ਖਰੀਦਦਾਰੀ ਕਰਦਿਆਂ ਕੋਸਿ.ਸ਼ ਕਰੋ ਕਿ ਅਦਾਇਗੀ ਚੀਜ਼ ਪ੍ਰਾਪਤ ਕਰਨ ਵੇਲੇ ਹੀ ਕੀਤੀ ਜਾਵੇ।

-ਫਰਾਡ ਹੋਣ ਦੀ ਸੂਰਤ ਵਿਚ ਬਿਨਾ ਸਮਾਂ ਗੁਆਇਆਂ ਆਪਣੀ ਬੈਂਕ ਬਰਾਂਚ ਨੂੰ ਸੂਚਿਤ ਕਰੋ। ਛੁੱਟੀ ਹੋਣ ਦੀ ਸੂਰਤ ਵਿਚ ਬੈਂਕ ਦੇ ਗ੍ਰਾਹਕ ਸੇਵਾ ਕੇਂਦਰ 'ਤੇ ਗੱਲ ਕਰੋ। ਆਪਣਾ ਖਾਤਾ ਅਤੇ ਕਾਰਡ ਦੋਨੋਂ ਹੀ ਫਰੀਜ਼ ਕਰਵਾਉਣਾ ਨਾ ਭੁੱਲੋ। ਆਪਣੇ ਨਾਲ ਹੋਈ ਠੱਗੀ ਬਾਬਤ ਨੇੜੇ ਦੇ ਸਾਈਬਰ ਕ੍ਰਾਈਮ ਪੁਲੀਸ ਸਟੇਸ਼ਨ ਵਿਚ ਲਿਖਤੀ ਸਿ.ਕਾਇਤ ਦਿਓ। ਬੈਂਕ ਦੇ ਸਾਈਬਰ ਸੈੱਲ ਨੂੰ ਸੂਚਿਤ ਕਰਨਾ ਵੀ ਨਾ ਭੁੱਲੋ। ਆਪ ਫੋਨ ਕਰ ਕੇ 155260 ਨੰਬਰ 'ਤੇ ਵੀ ਸੂਚਿਤ ਕਰ ਸਕਦੇ ਹੋ।

ਇਹ ਸਾਵਧਾਨੀਆਂ ਵਰਤ ਕੇ ਰੋਜ਼ਾਨਾ ਹੋਣ ਵਾਲੀਆਂ ਧੋਖਾਧੜੀਆਂ ਤੋਂ ਕਾਫੀ ਹੱਦ ਤੱਕ ਬਚਿਆ ਜਾ ਸਕਦਾ ਹੈ।

ਕਿਸਾਨੀ ਮੁੱਦਾ

# ਪੰਜਾਬ ਨੂੰ ਖੇਤੀ ਸੰਕਟ ਅਤੇ ਪੇਂਡੂ ਆਰਥਿਕ ਸੰਕਟ ਵਿਚੋਂ ਕੱਢਣ ਦੇ ਸੰਜੀਦਾ ਉਪਰਾਲੇ ਹੋਣ

ਡਾ. ਕੇਸਰ ਸਿੰਘ

*ਹਰੀ ਕ੍ਰਾਂਤੀ ਦੇ ਸਮੇਂ ਦੌਰਾਨ ਪੰਜਾਬ ਦੇ ਖੇਤੀ ਸੈਕਟਰ ਨੇ ਅਥਾਹ ਵਿਕਾਸ ਕੀਤਾ। ਇਸ ਨਾਲ ਅਨਾਜਾਂ ਦੀ ਕੁੱਲ ਪੈਦਾਵਾਰ ਅਤੇ ਪ੍ਰਤੀ ਏਕੜ ਪੈਦਾਵਾਰ ਵਿਚ ਵੱਡਾ ਵਾਧਾ ਹੋਇਆ ਅਤੇ ਸੂਬਾ ਮੁਲਕ ਦਾ ਅੰਨਦਾਤਾ ਬਣ ਗਿਆ। ਪੰਜਾਬ ਮੁਲਕ ਦੇ ਕੁੱਲ ਅੰਨ ਭੰਡਾਰ ਵਿਚ ਲਗਭਗ 35 ਫ਼ੀਸਦ ਤੋਂ ਵੱਧ ਚੌਲ ਅਤੇ 45 ਫ਼ੀਸਦ ਤੋਂ ਵੱਧ ਕਣਕ ਦਾ ਯੋਗਦਾਨ ਪਾ ਰਿਹਾ ਹੈ। ਪੰਜਾਬ ਦੇ ਖੇਤੀ ਸੈਕਟਰ ਦੇ ਅਥਾਹ ਵਿਕਾਸ ਲਈ ਸਿੰਜਾਈ ਲਈ ਪੱਕੀਆਂ ਸਹੂਲਤਾਂ, ਉੱਤਮ ਬੀਜਾਂ, ਰਸਾਇਣਕ ਖਾਦਾਂ ਦੀ ਵਰਤੋਂ, ਕੀਟਨਾਸ਼ਕਾਂ ਦੀ ਵਰਤੋਂ, ਖੇਤੀ ਦੀਆਂ ਨਵੀਆਂ ਤਕਨੀਕਾਂ, ਖੇਤੀ ਕੰਮਾਂ ਦਾ ਮਸ਼ੀਨੀਕਰਨ ਅਤੇ ਸੂਬੇ ਦੀ ਮਿਹਨਤੀ ਕਿਸਾਨੀ ਦਾ ਯੋਗਦਾਨ ਹੈ।*



ਪੰਜਾਬ ਦੀ ਆਰਥਿਕਤਾ ਵਿਚ ਬਹੁਤ ਵੱਡੇ ਪੱਧਰ 'ਤੇ ਬੁਨਿਆਦੀ ਤਬਦੀਲੀਆਂ ਆਈਆਂ ਹਨ। ਸੂਬੇ ਵਿਚ ਪ੍ਰਾਇਮਰੀ ਖੇਤਰ ਜਿਸ ਵਿਚ ਬਹੁਤ ਵੱਡਾ ਹਿੱਸਾ ਖੇਤੀਬਾੜੀ ਖੇਤਰ ਦਾ ਹੈ, ਦੇ ਉਤਪਾਦਨ ਦਾ ਕੁੱਲ ਉਤਪਾਦ ਵਿਚ ਹਿੱਸਾ ਲਗਾਤਾਰ ਘਟ ਰਿਹਾ ਹੈ। ਇਸ ਦੇ ਬਾਵਜੂਦ ਖੇਤੀਬਾੜੀ ਖੇਤਰ ਅਜੇ ਵੀ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ। ਸੂਬੇ ਦੀ ਪੇਂਡੂ ਆਬਾਦੀ ਦਾ ਵੱਡਾ ਹਿੱਸਾ ਆਪਣੀ ਰੋਜ਼ੀ ਰੋਟੀ ਲਈ ਖੇਤੀਬਾੜੀ ਉੱਤੇ ਨਿਰਭਰ ਹੈ। ਇਸ ਲਈ ਆਸਾਨੀ ਨਾਲ ਕਿਹਾ ਜਾ ਸਕਦਾ ਹੈ ਕਿ ਸੂਬਾ ਅੱਜ ਵੀ ਖੇਤੀ ਪ੍ਰਧਾਨ ਹੈ। ਖੇਤੀਬਾੜੀ ਵਿਚ ਅਥਾਹ ਤਰੱਕੀ ਕਰ ਕੇ ਪੰਜਾਬ ਦੀ ਆਮਦਨ ਵਿਚ ਭਾਰੀ ਵਾਧਾ ਹੋਇਆ ਅਤੇ ਸੂਬੇ ਵਿਚ ਗ਼ਰੀਬੀ ਬਹੁਤ ਤੇਜ਼ੀ ਨਾਲ ਘਟੀ, ਨਤੀਜੇ ਵਜੋਂ ਪੰਜਾਬ ਆਰਥਿਕ ਤੌਰ 'ਤੇ ਮੁਲਕ ਦਾ ਮੋਹਰੀ ਸੂਬਾ ਬਣ ਗਿਆ ਪਰ ਅਜਿਹੀ ਸਥਿਤੀ ਨੂੰ ਲੰਮੇ ਸਮੇਂ ਤੱਕ ਕਾਇਮ ਨਹੀਂ ਰੱਖਿਆ ਜਾ ਸਕਿਆ ਕਿਉਂਕਿ ਪੰਜਾਬ ਵਿਚ ਪ੍ਰਚਲਿਤ ਖੇਤੀ ਸੰਕਟ, ਪੇਂਡੂ ਆਰਥਿਕ ਸੰਕਟ ਅਤੇ ਵਿੱਤੀ ਕੁ-ਪ੍ਰਬੰਧ ਕਾਰਨ ਪੈਦਾ ਹੋਏ ਵਿੱਤੀ ਸੰਕਟ ਨੇ ਸੂਬੇ ਦੀ ਆਰਥਿਕਤਾ ਨੂੰ ਕਮਜ਼ੋਰ ਕੀਤਾ। ਨਤੀਜੇ ਵਜੋਂ ਪੰਜਾਬ ਮੁਲਕ ਦੇ ਬਹੁਤੇ ਸੂਬਿਆਂ ਤੋਂ ਮੁੱਖ ਆਰਥਿਕ ਸੂਚਕਾਂ/ਇੰਡੀਕੇਟਰਾਂ ਵਿਚ ਪਿੱਛੇ ਰਹਿ ਗਿਆ ਹੈ।

ਹਰੀ ਕ੍ਰਾਂਤੀ ਦੇ ਸਮੇਂ ਦੌਰਾਨ ਪੰਜਾਬ ਦੇ ਖੇਤੀ ਸੈਕਟਰ ਨੇ ਅਥਾਹ ਵਿਕਾਸ ਕੀਤਾ। ਇਸ ਨਾਲ ਅਨਾਜਾਂ ਦੀ ਕੁੱਲ ਪੈਦਾਵਾਰ ਅਤੇ ਪ੍ਰਤੀ ਏਕੜ ਪੈਦਾਵਾਰ ਵਿਚ ਵੱਡਾ ਵਾਧਾ ਹੋਇਆ ਅਤੇ ਸੂਬਾ ਮੁਲਕ ਦਾ ਅੰਨਦਾਤਾ ਬਣ ਗਿਆ। ਪੰਜਾਬ ਮੁਲਕ ਦੇ ਕੁੱਲ ਅੰਨ ਭੰਡਾਰ ਵਿਚ ਲਗਭਗ 35 ਫ਼ੀਸਦ ਤੋਂ ਵੱਧ ਚੌਲ ਅਤੇ 45 ਫ਼ੀਸਦ ਤੋਂ ਵੱਧ ਕਣਕ ਦਾ ਯੋਗਦਾਨ ਪਾ ਰਿਹਾ ਹੈ। ਪੰਜਾਬ ਦੇ ਖੇਤੀ ਸੈਕਟਰ ਦੇ ਅਥਾਹ ਵਿਕਾਸ ਲਈ ਸਿੰਜਾਈ ਲਈ ਪੱਕੀਆਂ ਸਹੂਲਤਾਂ, ਉੱਤਮ ਬੀਜਾਂ, ਰਸਾਇਣਕ ਖਾਦਾਂ ਦੀ ਵਰਤੋਂ, ਕੀਟਨਾਸ਼ਕਾਂ ਦੀ ਵਰਤੋਂ, ਖੇਤੀ ਦੀਆਂ ਨਵੀਆਂ ਤਕਨੀਕਾਂ, ਖੇਤੀ ਕੰਮਾਂ ਦਾ ਮਸ਼ੀਨੀਕਰਨ ਅਤੇ ਸੂਬੇ ਦੀ ਮਿਹਨਤੀ ਕਿਸਾਨੀ ਦਾ ਯੋਗਦਾਨ ਹੈ। ਸੂਬੇ ਵਿਚ ਖੇਤੀ ਹੇਠ ਰਕਬਾ, ਕੁੱਲ ਉਤਪਾਦਨ ਅਤੇ ਪ੍ਰਤੀ ਏਕੜ ਪੈਦਾਵਾਰ ਦਾ ਵਿਸ਼ਲੇਸ਼ਣ ਸਪੱਸ਼ਟ ਕਰਦਾ ਹੈ ਕਿ ਪੰਜਾਬ ਦੀ ਖੇਤੀ ਦੋ ਫ਼ਸਲੀ ਖੇਤੀ, ਭਾਵ ਚੌਲਾਂ ਤੇ ਕਣਕ ਦੀ ਖੇਤੀ ਬਣ ਗਈ ਹੈ। ਲੰਮੇ ਸਮੇਂ ਤੋਂ ਇਸ ਫ਼ਸਲੀ ਚੱਕਰ ਨਾਲ ਕੀਤੀ ਖੇਤੀ ਨੇ ਨਾ ਸਿਰਫ ਇਨ੍ਹਾਂ ਦੋਹਾਂ ਫਸਲਾਂ ਦੇ ਕੁੱਲ ਉਤਪਾਦਨ ਅਤੇ ਪ੍ਰਤੀ ਏਕੜ ਪੈਦਾਵਾਰ ਵਿਚ ਹੀ ਖੜੋਤ ਲਿਆਂਦੀ ਸਗੋਂ ਸਿੰਜਾਈ ਲਈ ਪਾਣੀ ਦੀ ਘਾਟ, ਖੇਤੀ ਲਾਗਤਾਂ ਵਿਚ ਬਹੁਤ ਵਾਧਾ, ਕਿਸਾਨਾਂ ਦੀ ਖੇਤੀ ਤੋਂ ਆਮਦਨ ਦਾ ਘਟਣਾ, ਵਾਤਾਵਰਨ ਵਿਚ ਵਿਗਾੜ ਆਦਿ ਸਮੱਸਿਆਵਾਂ ਨੇ ਪੰਜਾਬ ਦੇ ਖੇਤੀ ਸੈਕਟਰ ਨੂੰ ਸੰਕਟ ਵਿਚ ਫਸਾ ਦਿੱਤਾ ਹੈ। ਨਤੀਜੇ ਵਜੋਂ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਵਰਗਾ ਦੁਖਦਾਈ ਵਰਤਾਰਾ ਸਾਹਮਣੇ ਹੈ ਜੋ ਅੱਜ ਵੀ ਜਾਰੀ ਹੈ।

ਪੰਜਾਬ ਦਾ ਖੇਤੀ ਸੰਕਟ ਖੇਤੀ ਮਾਹਿਰਾਂ ਨੇ 1980ਵਿਆਂ ਵਿਚ ਭਾਂਪ ਲਿਆ ਸੀ, ਉਸ ਸਮੇਂ ਮੁੱਖ ਫ਼ਸਲਾਂ ਦੀ ਉਤਪਾਦਕਤਾ ਵਿਚ ਖੜੋਤ ਆਉਣੀ ਸ਼ੁਰੂ ਹੋ ਗਈ ਸੀ। ਖੇਤੀ ਸੰਕਟ ਦੇ ਮੁੱਖ ਕਾਰਨਾਂ ਵਿਚ ਖੇਤੀਬਾੜੀ ਨੀਤੀ ਦੀ ਅਣਹੋਂਦ ਕਾਰਨ ਲੋੜ ਤੇ ਸਮੇਂ ਮੁਤਾਬਿਕ ਤਬਦੀਲੀਆਂ ਨਾ ਕਰਨਾ, ਖੇਤੀਬਾੜੀ ਖੇਤਰ ਵਿਚ ਸਰਕਾਰੀ ਨਿਵੇਸ਼ ਦਾ ਹੱਦੋਂ ਵੱਧ ਘਟਣਾ, ਖੇਤੀ ਉਤਪਾਦਕਤਾ ਵਿਚ ਖੜੋਤ, ਖੇਤੀ ਦੀਆਂ ਹਰ ਕਿਸਮ ਦੀਆਂ ਲਾਗਤਾਂ ਦਾ ਬਹੁਤ ਵਧ ਜਾਣਾ, ਕੁਦਰਤੀ ਤੇ ਹੋਰ ਕਾਰਨਾਂ ਕਰਕੇ ਫਸਲਾਂ ਦਾ ਲਗਾਤਾਰ ਮਾਰੇ ਜਾਣਾ ਅਤੇ ਹੋਏ ਨੁਕਸਾਨ ਦੀ ਭਰਪਾਈ ਨਾ ਹੋਣਾ, ਉਚੀਆਂ ਲਾਗਤਾਂ ਤੇ ਫ਼ਸਲਾਂ ਦੇ ਨਿਗੂਣੇ ਭਾਅ ਕਾਰਨ ਕਿਸਾਨਾਂ ਦੀ ਖੇਤੀ ਤੋਂ ਆਮਦਨ ਦਾ ਘੱਟ ਹੋਣਾ, ਖੇਤੀਬਾੜੀ ਦੇ ਕੰਮਾਂ ਦਾ ਲੋੜੋਂ ਵੱਧ ਮਸ਼ੀਨੀਕਰਨ ਤੇ ਖੇਤੀਬਾੜੀ ਦੇ ਸੰਦਾਂ ਦੀ ਸਮਰੱਥਾ ਤੋਂ ਘੱਟ ਵਰਤੋਂ, ਮੰਡੀਕਰਨ ਦੀਆਂ ਸਮੱਸਿਆਵਾਂ ਆਦਿ ਹਨ। ਇਸ ਦੇ ਨਾਲ ਹੀ 1990ਵਿਆਂ ਦੇ ਸ਼ੁਰੂ ਵਿਚ ਮੁਲਕ ਵਿਚ ਕੌਮਾਂਤਰੀ ਸੰਸਥਾਵਾਂ, ਸੰਸਾਰ ਵਪਾਰ ਸੰਗਠਨ ਅਤੇ ਕਾਰਪੋਰੇਟ ਪੱਖੀ ਨੀਤੀਆਂ ਲਾਗੂ ਕਰਨ ਨਾਲ ਖੇਤੀ ਸੰਕਟ ਹੋਰ ਗਹਿਰਾ ਹੋ ਗਿਆ ਅਤੇ ਕਿਸਾਨੀ ਖ਼ਾਸਕਰ ਸੀਮਾਂਤ ਅਤੇ ਛੋਟੀ



ਕਿਸਾਨੀ ਘੋਰ ਆਰਥਿਕ ਸੰਕਟ ਵਿਚ ਧਸ ਗਈ। ਇਸ ਦੇ ਨਾਲ ਹੀ, ਪਿਛਲੇ ਸਮੇਂ ਦੌਰਾਨ ਸਿਆਸੀ ਲੀਡਰਾਂ ਅਤੇ ਕਿਸਾਨੀ ਹਿੱਤਾਂ ਵਿਚ ਵਖਰੇਵੇਂ ਤੇ ਟਕਰਾਅ ਵੀ ਦੇਖਣ ਨੂੰ ਮਿਲਿਆ ਹੈ। ਇਸ ਦਾ ਮੁੱਖ ਕਾਰਨ ਸਿਆਸੀ ਲੀਡਰ ਜੋ ਕਿਸਾਨਾਂ ਦੇ ਲੀਡਰ ਵੀ ਹੁੰਦੇ ਸਨ, ਦੀ ਆਮਦਨ ਦੇ ਸਾਧਨ ਅਤੇ ਵਸੀਲੇ ਖੇਤੀ ਤੋਂ ਬਦਲ ਕੇ ਵਪਾਰਕ ਅਤੇ ਕਾਰਪੋਰੇਟ ਕਾਰੋਬਾਰ ਵਾਲੇ ਹੋ ਗਏ ਹਨ। ਹੁਣ ਸਿਆਸੀ ਲੀਡਰਾਂ ਅਤੇ ਪਾਰਟੀਆਂ ਲਈ ਖੇਤੀ ਤੇ ਕਿਸਾਨੀ ਮੁੱਦੇ ਮਹੱਤਵਪੂਰਨ ਨਹੀਂ ਰਹੇ, ਹੁਣ ਤਾਂ ਬਸ ਚੋਣਾਂ ਵੇਲੇ ਕਿਸਾਨਾਂ ਨੂੰ ਭਰਮਾਉਣ ਲਈ ਉਹ ਖੇਤੀ ਤੇ ਕਿਸਾਨੀ ਮੁੱਦਿਆਂ ਦੀ ਗੱਲ ਤਾਂ ਕਰਦੇ ਹਨ ਪਰ ਚੋਣਾਂ ਜਿੱਤਣ ਤੋਂ ਬਾਅਦ ਇਹ ਮੁੱਦੇ ਵਿਸਾਰ ਦਿੰਦੇ ਹਨ। ਇਸੇ ਕਰ ਕੇ ਕਿਸਾਨੀ ਮਹਿਸੂਸ ਕਰ ਰਹੀ ਹੈ ਕਿ ਉਨ੍ਹਾਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ। ਸੀਮਾਂਤ ਤੇ ਛੋਟੀ ਕਿਸਾਨੀ ਦਾ ਖ਼ੁਦਕਸ਼ੀਆਂ ਦੇ ਰਾਹ ਪੈਣ ਦਾ ਇਕ ਕਾਰਨ ਇਹ ਵੀ ਹੈ।

ਪੰਜਾਬ ਵਿਚ ਵੱਡੀ ਗਿਣਤੀ ਕਿਸਾਨ ਅਤੇ ਖੇਤ ਮਜ਼ਦੂਰ ਖੇਤੀ ਸੰਕਟ ਅਤੇ ਹੱਦੋਂ ਵੱਧ ਸਿਰ ਚੜ੍ਹੇ ਕਰਜ਼ੇ ਕਾਰਨ ਖ਼ੁਦਕੁਸ਼ੀਆਂ ਕਰ ਚੁੱਕੇ ਹਨ। ਇਸ ਸਬੰਧੀ ਅੰਕੜੇ ਸਪੱਸ਼ਟ ਕਰਦੇ ਹਨ ਕਿ ਮੁਲਕ ਵਿਚ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀ ਦਰ ਵਿਚ ਵਾਧਾ ਹੋਇਆ ਹੈ। ਜ਼ਾਹਿਰ ਹੈ ਕਿ ਖੇਤੀ ਹੁਣ ਲਾਹੇਵੰਦ ਕਿੱਤਾ ਨਹੀਂ ਰਿਹਾ; ਖੇਤੀ ਤੋਂ ਪ੍ਰਾਪਤ ਆਮਦਨ ਤਾਂ ਹੁਣ ਖੇਤੀ ਲਾਗਤਾਂ ਵੀ ਪੂਰੀਆਂ ਨਹੀਂ ਕਰਦੀ। ਸਪੱਸ਼ਟ ਹੈ ਕਿ ਪੰਜਾਬ ਦੀ ਖੇਤੀ ਘੋਰ ਸੰਕਟ ਦਾ ਸਾਹਮਣਾ ਕਰ ਰਹੀ ਹੈ; ਖ਼ਾਸਕਰ ਸੀਮਾਂਤ ਤੇ ਛੋਟੀ ਕਿਸਾਨੀ ਅਤੇ ਖੇਤ ਮਜ਼ਦੂਰਾਂ ਦਾ ਇਸ ਨੇ ਹਰ ਪੱਖੋਂ ਘਾਣ ਕੀਤਾ ਹੈ। ਇਸੇ ਕਰ ਕੇ ਪੇਂਡੂ ਖੇਤਰ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਇਸ ਲਈ ਸਮਾਂ ਮੰਗ ਕਰਦਾ ਹੈ ਕਿ ਸਾਰੀਆਂ ਸਬੰਧਤ ਧਿਰਾਂ ਸੰਜੀਦਗੀ ਨਾਲ ਮਿਲ ਬੈਠ ਕੇ ਪੰਜਾਬ ਲਈ ਲੰਮੇ ਸਮੇਂ ਤੱਕ ਸਥਿਰਤਾ ਵਾਲੀ ਅਤੇ ਟਿਕਾਊ ਖੇਤੀਬਾੜੀ ਨੀਤੀ ਬਣਾਉਣ ਤਾਂ ਕਿ ਸੂਬੇ ਦੇ ਖੇਤੀ ਸੈਕਟਰ ਨੂੰ ਸਦਾ ਲਈ ਸੰਕਟ ਵਿਚੋਂ ਕੱਢਣ ਅਤੇ ਕਿਸਾਨੀ ਤੇ ਖੇਤ ਮਜ਼ਦੂਰਾਂ ਦੀ ਆਰਥਿਕਤਾ ਨੂੰ ਮੁੜ ਸੁਰਜੀਤ ਕੀਤਾ ਜਾ ਸਕੇ।

ਇਸ ਵਿਸ਼ਲੇਸ਼ਣ ਦੀ ਲੋਅ ਵਿਚ ਸੂਬੇ ਦੀ ਖੇਤੀਬਾੜੀ ਨੀਤੀ ਬਣਾਉਣ ਸਮੇਂ ਕੁਝ ਅਹਿਮ ਮੁੱਦੇ ਧਿਆਨ ਵਿਚ ਰੱਖਣੇ ਲਾਜ਼ਮੀ ਹਨ, ਜਿਵੇਂ ਕੁਦਰਤੀ ਤੇ ਰਵਾਇਤੀ ਖੇਤੀ ਨੂੰ ਹੱਲਾਸ਼ੇਰੀ ਦੇਣੀ ਚਾਹੀਦੀ ਹੈ ਪਰ ਅਜਿਹਾ ਕਰਦੇ ਸਮੇਂ ਸੂਬੇ ਅਤੇ ਮੁਲਕ ਵਿਚ ਖਾਦ ਸੁਰੱਖਿਆ ਮੁਹੱਈਆ ਕਰਵਾਉਣ ਲਈ ਅਨਾਜ ਦੀ ਪੈਦਾਵਾਰ ਦਾ ਧਿਆਨ ਰੱਖਣਾ ਹੋਵੇਗਾ। ਇਸ ਕਿਸਮ ਦੀ ਖੇਤੀ ਨੂੰ ਸੂਬੇ ਦੀ ਖੇਤੀਬਾੜੀ ਨੀਤੀ ਦੇ ਅਨੁਸਾਰ ਹੀ ਹੁਲਾਰਾ ਦੇਣਾ ਚਾਹੀਦਾ ਹੈ ਤਾਂ ਕਿਸਾਨਾਂ ਨੂੰ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਖੇਤੀਬਾੜੀ ਨੀਤੀ ਵਿਚ ਖੇਤੀ ਵੰਨ-ਸਵੰਨਤਾ ਨੂੰ ਹੁਲਾਰਾ ਮਿਲਣਾ ਚਾਹੀਦਾ ਹੈ ਤਾਂ ਕਿ ਝੋਨੇ ਦੀ ਥਾਂ ਬਦਲਵੀਆਂ ਫਸਲਾਂ ਬੀਜੀਆਂ ਜਾ ਸਕਣ। ਅਜਿਹਾ ਕਰਨ ਨਾਲ ਪਾਣੀ ਦੀ ਬੱਚਤ ਹੋਵੇਗੀ ਅਤੇ ਵਾਤਾਵਰਨ ਨੂੰ ਵੀ ਵਿਗੜਨ ਤੋਂ ਬਚਾਇਆ ਜਾ ਸਕਦਾ ਹੈ। ਬਦਲਵੀਆਂ ਫਸਲਾਂ ਦੇ ਲਾਹੇਵੰਦ ਭਾਅ ਅਤੇ ਯਕੀਨੀ ਖਰੀਦ ਲਾਜ਼ਮੀ ਹੋਣ। ਖੇਤੀਬਾੜੀ ਨੀਤੀ ਤਹਿਤ ਸੂਬੇ ਵਿਚ ਪਿੰਡ ਪੱਧਰ 'ਤੇ ਸੀਵਰ ਦੇ ਪਾਣੀ ਤੋਂ ਦੇਸੀ ਖਾਦ ਤਿਆਰ ਕਰਨੀ ਚਾਹੀਦੀ ਹੈ ਅਤੇ ਸਾਫ਼ ਕੀਤਾ ਪਾਣੀ ਸਿੰਜਾਈ ਲਈ ਵਰਤਣਾ ਚਾਹੀਦਾ ਹੈ। ਪਿੰਡਾਂ ਵਿਚ ਅਜਿਹੀਆਂ ਕਈ ਉਦਾਹਰਨਾਂ ਮਿਲਦੀਆਂ ਹਨ। ਸੂਬੇ ਵਿਚ ਬਹੁਤ ਸਾਰੇ ਕਿਸਾਨਾਂ ਨੇ ਆਪਣੇ ਤੌਰ 'ਤੇ ਜਾਂ ਕੁਝ ਸੰਸਥਾਵਾਂ ਦੀ ਮਦਦ ਨਾਲ ਖੇਤੀ ਦੇ ਨਾਲ ਨਾਲ ਖੇਤੀ ਸਹਾਇਕ ਧੰਦੇ ਅਪਣਾ ਕੇ ਆਪਣੀ ਆਮਦਨ ਵਿਚ ਵਾਧਾ ਕੀਤਾ ਹੈ। ਇਸ ਲਈ ਖੇਤੀ ਸਹਾਇਕ ਧੰਦਿਆਂ ਨੂੰ ਉਤਸ਼ਾਹਿਤ ਕਰਨ ਲਈ ਇਹਨਾਂ ਨੂੰ ਖੇਤੀਬਾੜੀ ਨੀਤੀ ਵਿਚ ਯੋਗ ਥਾਂ ਅਤੇ ਤਰਜੀਹ ਦੇਣੀ ਚਾਹੀਦੀ ਹੈ। ਇਹਨਾਂ ਧੰਦਿਆਂ ਵਿਚ ਮੁੱਖ ਤੌਰ 'ਤੇ ਡੇਅਰੀ, ਸੂਰ ਪਾਲਣ, ਮੱਛੀ ਪਾਲਣ, ਬੱਕਰੀ ਪਾਲਣ, ਸ਼ਹਿਦ ਦੀਆਂ ਮੱਖੀਆਂ ਪਾਲਣ, ਖੁੰਬਾਂ ਦੀ ਕਾਸ਼ਤ ਆਦਿ ਹਨ। ਖੇਤੀਬਾੜੀ ਨੀਤੀ ਤਹਿਤ ਇਹਨਾਂ ਧੰਦਿਆਂ ਦੇ ਉਤਪਾਦਨ ਦੀ ਯਕੀਨੀ ਖਰੀਦ ਅਤੇ ਲਾਹੇਵੰਦ ਭਾਅ ਦੇਣੇ ਜ਼ਰੂਰੀ ਹਨ।

ਖੇਤੀਬਾੜੀ ਨੀਤੀ ਤਹਿਤ ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਇਸ ਖੇਤਰ ਵਿਚ ਸਰਕਾਰੀ ਨਿਵੇਸ਼ ਵਧਾਇਆ ਜਾਵੇ ਤਾਂ ਕਿ ਖੇਤੀਬਾੜੀ ਲਈ ਸਮੇਂ ਦੇ ਹਾਣ ਦਾ ਯੋਗ ਮੁੱਢਲਾ ਢਾਂਚਾ ਵਿਕਸਤ ਕੀਤਾ ਜਾ ਸਕੇ। ਨਾਲ ਹੀ ਕਿਸਾਨਾਂ ਨੂੰ ਸਹੀ ਮਾਤਰਾ ਵਿਚ ਅਤੇ ਘੱਟ ਦਰਾਂ 'ਤੇ ਕਰਜ਼ੇ ਮੁਹੱਈਆ ਕਰਵਾਏ ਜਾਣ। ਇਹਨਾਂ ਕਰਜ਼ਿਆਂ ਉੱਤੇ ਢੁਕਵੀਂ ਸਬਸਿਡੀ ਦਾ ਪ੍ਰਬੰਧ ਵੀ ਹੋਣਾ ਚਾਹੀਦਾ ਹੈ। ਕੁਦਰਤੀ ਜਾਂ ਹੋਰ ਕਾਰਨਾਂ ਕਰਕੇ ਫਸਲਾਂ ਦੇ ਮਾਰੇ ਜਾਣ 'ਤੇ ਕਿਸਾਨਾਂ ਨੂੰ ਢੁਕਵੀਂ ਆਰਥਿਕ ਮਦਦ ਦੇਣੀ ਚਾਹੀਦੀ ਹੈ, ਇਸ ਲਈ ਕਿਸਾਨ ਪੱਖੀ ਫ਼ਸਲ ਬੀਮਾ ਯੋਜਨਾ ਬਣਾਉਣੀ ਚਾਹੀਦੀ ਹੈ।

ਜੇ ਇਨ੍ਹਾਂ ਮੁੱਦਿਆਂ ਨੂੰ ਧਿਆਨ ਵਿਚ ਰੱਖ ਕੇ ਅਤੇ ਖੇਤੀਬਾੜੀ ਨਾਲ ਸਬੰਧਿਤ ਸਾਰੀਆਂ ਧਿਰਾਂ ਨਾਲ ਸਲਾਹ ਮਸ਼ਵਰਾ ਕਰ ਕੇ ਪੰਜਾਬ ਦੀ ਖੇਤੀਬਾੜੀ ਨੀਤੀ ਬਣਾਈ ਜਾਵੇ ਤਾਂ ਭਰੋਸੇ ਨਾਲ ਕਿਹਾ ਜਾ ਸਕਦਾ ਹੈ ਕਿ ਇਹ ਨੀਤੀ ਪੰਜਾਬ ਦੀ ਖੇਤੀ ਅਤੇ ਪੇਂਡੂ ਸੰਕਟ ਨੂੰ ਹੱਲ ਕਰਨ ਵਿਚ ਸਹਾਈ ਹੋਵੇਗੀ। ਇਸ ਦੇ ਨਾਲ ਨਾਲ ਪੇਂਡੂ ਖੇਤਰਾਂ ਵਿਚ ਚੰਗੀਆਂ ਅਤੇ ਸਸਤੀਆਂ ਦਰਾਂ 'ਤੇ ਸਿਹਤ ਸਹੂਲਤਾਂ ਅਤੇ ਸਮੇਂ ਦੇ ਹਾਣ ਦੀ ਸਿੱਖਿਆ ਦਾ ਪ੍ਰਬੰਧ ਸਰਕਾਰ ਨੂੰ ਕਰਨਾ ਪਵੇਗਾ ਤਾਂ ਕਿ ਪੇਂਡੂਆਂ ਨੂੰ ਪ੍ਰਾਈਵੇਟ ਸਿੱਖਿਆ ਅਤੇ ਸਿਹਤ ਅਦਾਰਿਆਂ ਦੀ ਲੁੱਟ ਤੋਂ ਬਚਾਉਣ ਦੇ ਨਾਲ ਨਾਲ ਚੰਗੀਆਂ ਸੇਵਾਵਾਂ ਵੀ ਦਿੱਤੀਆਂ ਜਾ ਸਕਣ। ਖੇਤੀਬਾੜੀ ਨੀਤੀ ਦੇ ਦੋ ਪਹਿਲੂ ਹੋਣੇ ਚਾਹੀਦੇ ਹਨ : ਪਹਿਲਾਂ ਛੋਟੇ ਸਮੇਂ ਦੌਰਾਨ ਅਤੇ ਦੂਜਾ ਲੰਮੇ ਸਮੇਂ ਦੌਰਾਨ ਸਥਿਰਤਾ ਅਤੇ ਟਿਕਾਊ ਵਾਲੀਆਂ ਨੀਤੀਆਂ ਲਾਗੂ ਕਰ ਕੇ ਪੰਜਾਬ ਨੂੰ ਖੇਤੀ ਸੰਕਟ ਅਤੇ ਪੇਂਡੂ ਆਰਥਿਕ ਸੰਕਟ ਵਿਚੋਂ ਕੱਢਣ ਦੇ ਸੰਜੀਦਾ ਉਪਰਾਲੇ ਹੋਣੇ ਚਾਹੀਦੇ ਹਨ।

# ਮਹਾਰਾਜਾ ਦਲੀਪ ਸਿੰਘ ਅਤੇ ਵਿਰਾਸਤੀ ਨਿਸ਼ਾਨੀਆਂ



ਸ. ਦਲਵਿੰਦਰ ਸਿੰਘ ਘੁੰਮਣ







ਇੰਗਲੈਂਡ ਦੀ ਮਹਾਰਾਨੀ ਐਲਿਜ਼ਾਬੈਥ-2 ਦੀ ਪਿਛਲੇ ਦਿਨੀਂ 8 ਸਤੰਬਰ 2022 ਨੂੰ 96 ਸਾਲ ਦੀ ਉਮਰ ਭੋਗ ਕੇ ਮੌਤ ਹੋ ਗਈ। ਇਸ ਮੌਤ ਦੇ ਨਾਲ ਸਿੱਖ ਰਾਜ ਦੇ ਆਖਰੀ ਬਾਦਸ਼ਾਹ ਮਹਾਰਾਜਾ ਦਲੀਪ ਸਿੰਘ ਕੋਲੋਂ ਇਕ ਸਮਝੌਤੇ ਤਹਿਤ ਧੋਖੇ ਨਾਲ ਬਾਦਸ਼ਾਹੀ ਖੋਹਣ ਦੇ ਨਾਲ ਨਾਲ ਦੁਨੀਆਂ ਦੇ ਸੱਭ ਤੋਂ ਬੇਸ਼ਕਮਤੀ ਕੋਹੇਨੂਰ ਹੀਰੇ ਦੀ ਵੀ ਚਰਚਾ ਸ਼ੁਰੂ ਹੋ ਗਈ। 1813 ਵਿੱਚ ਅਹਿਮਦ ਦੁਰਾਨੀ ਦੀ ਵੰਸ਼ ਵਿੱਚੋਂ ਸ਼ਾਹ ਸੁਜ਼ਾ ਦੁਰਾਨੀ ਆਪਣੇ ਭਰਾਵਾਂ ਨਾਲ ਝਗੜੇ ਤੋਂ ਬਚਦਾ ਸਿੱਖ ਸਾਮਰਾਜ ਦੇ ਮਹਾਰਾਜਾ ਰਣਜੀਤ ਸਿੰਘ ਦੀ ਰਾਜਸੀ ਸ਼ਰਨ ਵਿੱਚ ਆਉਣ ਦੇ ਇਵਜ਼





ਵਿੱਚ ਮਹਾਰਾਜਾ ਨੂੰ ਕੋਹ-ਏ-ਨੂਰ ਹੀਰਾ ਭੇਂਟ ਕਰਦਾ ਹੈ। ਲਾਰਡ ਡਲਹੌਜ਼ੀ ਲਿਖਦਾ ਹੈ ਕਿ ਸ਼ਾਹ ਸੁਜਾ ਦੁਰਾਨੀ ਦੀ ਪਤਨੀ ਵੂਫਾ ਦੁਰਾਨੀ ਨੇ ਇਸ ਦੀ ਅਨੁਮਾਨਿਤ ਕੀਮਤ ਬਾਬਤ ਕਿਹਾ ਸੀ ਕਿ 'ਕੋਈ ਤਾਕਤਵਾਰ ਵਿਅਕਤੀ ਚਾਰ ਪੱਥਰ ਪੂਰੀ ਤਾਕਤ ਨਾਲ ਚਾਰ ਦਿਸ਼ਾਵਾਂ ਵੱਲ ਸੁੱਟੇ ਅਤੇ ਪੰਜਵਾਂ ਪੂਰੀ ਤਾਕਤ ਨਾਲ ਉਪਰ ਅਸਮਾਨ ਵੱਲ ਸੁੱਟੇ ਤਾਂ ਇਸ ਘੇਰੇ ਜਾਂ ਥਾਂ ਨੂੰ ਸੋਨੇ ਨਾਲ ਭਰ ਦਿੱਤਾ ਜਾਵੇ ਤਾਂ ਵੀ ਕੋਹੇਨੂਰ ਹੀਰੇ ਦੀ ਕੀਮਤ ਤੋਂ ਘੱਟ ਹੋਵੇਗੀ।' ਇਹ ਹੀਰਾ ਖਾਲਸਾ ਦਰਬਾਰ ਦੀ 1849 ਤੱਕ ਰਾਜ ਦੀ ਰਾਜਨੀਤਕ ਅਤੇ ਆਰਥਿਕ ਅਮੀਰ ਤਾਕਤ ਬਣਿਆ ਰਿਹਾ।

1839 ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਰਾਜ ਦੇ ਤਿੰਨ ਵਾਰਸਾਂ ਦੀ ਜਲਦੀ ਮੌਤ ਹੋਣ ਤੋਂ ਬਾਅਦ ਪੰਜ ਸਾਲਾ ਮਹਾਰਾਜਾ ਦਲੀਪ ਸਿੰਘ ਰਿਆਸਤ ਦਾ ਮਾਲਕ ਬਣਿਆ। 108 ਕੈਰੇਟ ਕੋਹਿਨੂਰ ਰਤਨ ਮਹਾਰਾਜਾ ਦਲੀਪ ਸਿੰਘ ਨੇ 1849 ਵਿੱਚ ਮਹਾਰਾਣੀ ਵਿਕਟੋਰੀਆ ਨੂੰ ਦਿੱਤਾ ਸੀ। ਜਦੋਂ ਮਹਾਰਾਜੇ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਬਾਦਸ਼ਾਹੀ ਲਈ ਆਪਸੀ ਖਾਨਾਜੰਗੀ ਸ਼ੁਰੂ ਹੋਣ ਨਾਲ ਜਿਥੇ ਸਿੱਖ ਰਾਜ ਖਤਮ ਹੋਇਆ ਉਥੇ ਬਾਦਸ਼ਾਹਤ ਦੀਆਂ ਨਿਸ਼ਾਨੀਆਂ ਕੋਹੇਨੂਰ ਹੀਰਾ ਅਤੇ ਸੋਨੇ ਦਾ ਸੰਘਾਸਨ ਅੰਗਰੇਜ਼ ਇੰਗਲੈਂਡ ਲੈ ਆਏ। ਇਸ ਹੀਰੇ ਨੂੰ ਬਰਤਾਨਵੀ ਰਾਜ ਪਰਿਵਾਰ ਨੇ ਆਪਣੀ ਜਾਇਦਾਦ ਦੱਸਣ ਲਈ ਐਲਿਜ਼ਾਬੈਥ- 2 ਤੋਂ ਪਹਿਲੀ ਮਹਾਰਾਣੀ ਮਾਂ ਐਲਿਜ਼ਾਬੈਥ ਨੇ ਇਸ ਨੂੰ 1937 ਵਿੱਚ ਆਪਣੇ ਤਾਜ ਉੱਤੇ ਪਹਿਨਿਆ ਵੀ ਸੀ। ਸ਼ਾਤਰ ਅੰਗਰੇਜ਼ ਦੁਨੀਆਂ ਵਿੱਚ ਰਾਜ ਕਰਨ ਦੀ ਵਿਧੀ ਨੂੰ ਹਰ ਖਿੱਤੇ ਵਿੱਚ ਜਾ ਕੇ ਲੰਮਾ ਸਮਾਂ ਰਹਿ ਕੇ ਇਕ ਬਿਰਤਾਂਤ ਨੂੰ ਉਥੋਂ ਦੇ ਲੋਕਾਂ ਵਿੱਚ ਸਿਰਜ ਕੇ ਇਹ ਸਾਬਤ ਕਰਨ ਵਿੱਚ ਕਾਮਯਾਬ ਰਿਹਾ ਕਿ ਇਹ ਹੀ ਰਾਜ ਕਰਨ ਕਾਬਲ ਹਨ। ਅੰਗਰੇਜ਼ ਨੇ ਬਹੁਤ ਪੁਖਤਾ ਰਣਨੀਤੀ ਤਹਿਤ ਬਿਨਾਂ ਨੁਕਸਾਨ ਕਰਵਾਏ ਹਰ ਵੱਡੇ ਖਿੱਤੇ ਜਾਂ ਸਾਮਰਾਜ 'ਤੇ ਕਬਜ਼ਾ ਕਰ ਲਿਆ। ਇਹੋ ਕੁਝ ਕੂੜ ਚਾਲਾਂ ਨਾਲ ਸਿੱਖ ਰਾਜ ਨੂੰ ਖਤਮ ਕਰਨ ਵਿੱਚ ਕਾਮਯਾਬ ਰਿਹਾ।

173 ਸਾਲ ਬਾਆਦ ਕੋਹੇਨੂਰ ਹੀਰੇ ਉਪਰ ਭਾਰਤ ਵੱਲੋਂ ਖਾਸਕਰ ਹਿੰਦੂਤਵੀ ਸ਼ਕਤੀਆਂ ਵੱਲੋਂ ਇਕ ਬਿਰਤਾਂਤ ਉਸਾਰਿਆ ਜਾ ਰਿਹਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਹਿੰਦੂ ਰਾਜਨੀਤੀ ਜਾਂ ਪ੍ਰੰਪਰਾਵਾਂ 'ਤੇ ਆਧਾਰਤ ਸੀ ਜਾਂ ਭਾਰਤ ਦਾ ਹਿੱਸਾ ਰਿਹਾ ਸੀ। ਭਾਰਤ ਦੀ ਵਕਤੀ ਸਰਕਾਰ ਦੀ ਅਸਿੱਧੀ ਮੰਗ ਰਾਹੀਂ ਇਸ ਨੂੰ ਆਪਣੀ ਮਲਕੀਅਤ ਹੋਣ ਦੇ ਦਾਆਵੇ ਪੇਸ਼ ਕਰਨੇ ਸ਼ੁਰੂ ਕਰ ਦਿੱਤੇ ਹਨ। ਕਿਸੇ ਮੰਦਰ ਦੀ ਦਾਅਵੇਦਾਰੀ ਵੀ ਸਾਹਮਣੇ ਆਈ ਹੈ। ਸੋਸ਼ਲ ਮੀਡੀਏ ਦੇ ਨਾਲ ਨਾਲ ਹਿੰਦੂਤਵੀ ਵੱਡੀਆਂ ਅਖਬਾਰਾਂ ਵਲੋਂ ਵੱਡੇ ਵੱਡੇ ਆਰਟੀਕਲ ਲਿਖ ਕੇ ਭਾਰਤ ਦੀ ਅਖੌਤੀ ਦਾਅਵੇਦਾਰੀ ਨੂੰ ਵੱਡੇ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਮੀਡੀਏ ਨੂੰ ਸਪੱਸ਼ਟ ਕਰਨ ਕੋਸ਼ਿਸ ਕੀਤੀ ਹੈ ਕਿ ਕੋਹੇਨੂਰ ਨੂੰ ਵਾਪਸ ਲਿਆਉਣ ਲਈ ਤਸੱਲੀਬਖਸ਼ ਹੱਲ ਕੱਢਣ ਦੇ ਤਰੀਕਿਆਂ ਦੀ ਖੋਜ ਕੀਤੀ ਜਾ ਰਹੀ ਹੈ। ਮਹਾਰਾਣੀ ਦੀ ਮੌਤ ਤੋਂ ਬਾਅਦ ਇਕ ਖਾਸ ਵਰਗ ਦੇ ਸਪਾਂਸਰਡ ਲੋਕ ਟਵਿੱਟਰ 'ਤੇ ਇਕ ਵੱਡੀ ਰਾਏ ਖੜ੍ਹੀ ਕਰਨ ਦੇ ਯਤਨ ਵਿੱਚ ਕਾਰਜਸ਼ੀਲ ਨਜ਼ਰ ਆ ਰਹੇ ਹਨ। ਪਿਛਲੇ ਸਾਲਾਂ ਵਿੱਚ ਇਸ ਦੀ ਯੋਜਨਾਬੰਦ ਤਰੀਕੇ ਨਾਲ ਭਾਰਤੀ ਪਾਰਲੀਮੈਂਟ ਵਿੱਚ ਵੀ ਆਵਾਜ ਚੁੱਕਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ।

ਸਿੱਖਾਂ ਵਿੱਚ ਆਪਣੇ ਖੁਸੇ ਰਾਜ ਦੀ ਚੀਸ ਉਸੇ ਤਰ੍ਹਾਂ ਨਾਲ ਮਹਿਸੂਸ ਕੀਤੀ ਜਾ ਰਹੀ ਹੈ ਜਿਵੇਂ ਮਹਾਰਾਜਾ ਦਲੀਪ ਸਿੰਘ ਨੇ ਆਪਣੇ ਆਖਰੀ ਸਾਲ ਵਿੱਚ ਰਾਜ ਪ੍ਰਾਪਤੀ ਲਈ ਕੋਸ਼ਿਸ਼ਾਂ ਕੀਤੀਆਂ, ਉੱਸਲ ਵੱਟੇ ਲਏ ਪਰ ਕਾਮਯਾਬ ਨਾ ਹੋ ਸਕਿਆ। ਵੱਡੀ ਗੁਰਬੱਤ, ਨਿਰਾਸ਼ਾ ਅਤੇ ਗੁੰਮਨਾਮੀ ਦੀ ਹਾਲਤ ਵਿੱਚ ਇਸ ਸੰਸਾਰ ਤੋਂ ਗਿਆ। ਸਿੱਖਾਂ ਨੇ ਆਪਣਾ ਰਾਜ ਖਤਮ ਹੋਣ ਨੂੰ ਕਦੇ ਮੰਨਿਆ ਹੀ ਨਹੀਂ। ਰਾਜ ਦੇ ਵਾਪਸ ਲੈਣ ਦੀਆਂ ਵਿਊਂਤਾਂ ਕਰਦੇ ਰਹੇ, ਹਿੰਮਤਾਂ ਕੀਤੀਆਂ, ਵੱਧ ਚੜ੍ਹਕੇ ਕੁਰਬਾਨੀਆਂ ਕਰਦੇ ਰਹੇ ਪਰ ਆਸ ਮੱਧਮ ਪੈਂਦੀ ਗਈ, ਰਾਹ ਤੋਂ ਬੇਰਾਹੇ ਹੋ ਇਕ ਇਸੇ ਰਾਸ਼ਟਰ ਦੇ ਝਾਂਸਿਆਂ ਵਿੱਚ ਆ ਗਿਆ। ਜਿਸ ਨੇ ਕੌਮ ਨੂੰ ਜੂੜੇ ਤੋਂ ਫੜ ਲਿਆ ਜਿੱਥੇ ਨਾਂ ਸਿਧਾਂਤਾਂ ਨੂੰ ਮਾਨਤਾ, ਨਾ ਹੱਕਾਂ ਨੂੰ ਮਾਨਤਾ, ਉਲਟਾ ਹੋਂਦ ਨੂੰ ਖਤਰਾ ਪੈ ਗਿਆ ਹੈ। ਅੱਜ ਸਿੱਖਾਂ ਵਿੱਚ ਰਾਜ ਦੀ ਸੁਰਜੀਤੀ ਲਈ ਵੱਡੇ ਯਤਨ ਕੀਤੇ ਜਾ ਰਹੇ ਹਨ। ਵੱਡੀ ਚੇਤਨਾਂ ਦਾ ਉਭਾਰ ਹੋ ਰਿਹਾ ਹੈ। ਵਿਦੇਸ਼ਾ ਵਿੱਚ ਸਿੱਖਾਂ ਦਾ ਰਾਜਨੀਤਕ ਉਭਾਰ ਹਕੂਮਤਾਂ ਦੇ ਝੂਠੇ ਪ੍ਰਾਪੇਗੰਡੇ ਦੀਆਂ ਫੂਕਾਂ ਕੱਢ ਰਿਹਾ ਹੈ। ਆਏ ਦਿਨ ਮਨੁੱਖੀ ਅਧਿਕਾਰਾਂ ਦੇ ਘਾਣ, ਜਾਤੀਵਾਦ, ਨਫਰਤ, ਅਨਿਆਂ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਸਿੱਖਾਂ ਵਿੱਚ ਇਹ ਧਾਰਨਾ ਪੱਕੀ ਹੋ ਗਈ ਹੈ ਕਿ ਭਾਰਤ ਵਿੱਚ ਰਹਿ ਕੇ ਧਾਰਮਿਕ, ਰਾਜਨੀਤਕ, ਸਮਾਜਿਕ ਹੋਂਦ ਨੂੰ ਖਤਰਾ ਪੈਦਾ ਹੋ ਗਿਆ ਹੈ। ਜਿਸ ਚਾਲ ਨਾਲ ਭਾਰਤ ਦੀ ਸਿਆਸਤ ਦਾ ਮੂੰਹ ਮੁਹਾਂਦਰਾ ਹਿੰਦੂ ਰਾਸ਼ਟਰ ਵੱਲ ਵਧਿਆ ਹੈ, ਹਰ ਘੱਟਗਿਣਤੀ ਲਈ ਘਾਤਕ ਸਮਾਂ ਮੰਨਿਆ ਜਾਣ ਲੱਗਾ ਹੈ। ਸਰਕਾਰਾਂ ਵਿੱਚ ਹੋਰ ਧਰਮਾਂ, ਵਰਗਾਂ ਦੀ ਨੁਮਾਇੰਦਗੀ ਬਿਲਕੁਲ ਨਫਰੀ ਹੋ ਗਈ ਹੈ। ਨਿਆਂਪਾਲਿਕਾ ਦੇ ਫੈਸਲੇ ਇਕਪਾਸੜ ਹੋ ਰਹੇ ਹਨ। ਵਿਰੋਧੀ ਧਿਰਾਂ ਦਾ ਰੋਲ ਰਾਜਨੀਤਕ ਤੌਰ 'ਤੇ ਫੇਲ੍ਹ ਕਰ ਦਿਤਾ ਗਿਆ ਹੈ, ਜੋ ਆਪਣੀ ਸਾਖ ਬਚਾਉਣ ਵਿੱਚ ਵੀ ਕਾਮਯਾਬ ਨਹੀਂ ਹੋ ਰਹੀਆਂ। ਸਿੱਖਾਂ ਦੇ ਅਜ਼ਾਦੀ ਲਈ 'ਕੋਹੇਨੂਰ ਹੀਰਾ ਆਪਣੀ ਕੀਮਤ ਤੋਂ ਵੱਧ ਕੇ ਸਿੱਖਾਂ ਦੇ ਰਾਜ ਦੀ ਹੋਂਦ ਦੀ 'ਪ੍ਰਭਾਵੀ ਵਿਰਾਸਤ ਅਤੇ ਨਿਸ਼ਾਨੀ' ਹੈ। ਜਿਸ ਨੂੰ ਸਿੱਖ ਕਦੇ ਵੀ ਆਪਣੇ ਤੋਂ ਵੱਖ ਕਰਕੇ ਨਹੀਂ ਦੇਖ ਸਕਦੇ। ਇਸ ਨਾਲ ਇਤਿਹਾਸ ਦੀਆਂ ਤੰਦਾਂ ਬੰਨ੍ਹੀਆਂ ਹੋਈਆਂ ਹਨ। ਖਾਸ ਕਰ ਸਿੱਖ ਆਪਣੀ ਬਾਦਸ਼ਾਹਤ ਦੀ ਆਖਰੀ ਨਿਸ਼ਾਨੀ ਵਜੋਂ ਵੇਖਦੇ ਹਨ। ਪਰ ਸਿੱਖਾਂ ਵਿੱਚ ਦੁਬਾਰਾ ਰਾਜ ਦੀ ਇੱਛਾ ਪੈਦਾ ਨਾ ਹੋਵੇ ਇਸ ਸੰਭਾਵੀ ਡਰ ਤੋਂ ਭਾਰਤ ਵਿਚਲੀ ਹਰ ਤਾਕਤ ਦੀ ਕੋਸ਼ਿਸ ਰਹੀ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਹਿੰਦੂ ਰਾਜ ਸਿੱਧ ਕੀਤਾ ਜਾ ਸਕੇ। ਇਹੀ ਵਜ੍ਹਾ ਹੈ ਕਿ ਸਿੱਖਾਂ ਨੂੰ ਭਾਰਤ ਦੇ ਸੰਵਿਧਾਨਿਕ ਢਾਂਚੇ ਨੇ ਹਿੰਦੂ ਲਿਖਿਆ ਹੈ ਜੋ ਕਿ ਸਿੱਖਾਂ ਦੀ ਧਾਰਮਿਕ ਅਤੇ ਰਾਜਨੀਤਕ ਵਿਲੱਖਣਤਾ ਨੂੰ ਖਤਮ ਕਰਨ ਦੀ ਕੋਸ਼ਿਸ਼ ਹੈ। ਸੋ ਸਿੱਖਾਂ ਲਈ ਚੇਤਨਾ ਪੱਖੀ ਇੱਕ ਵੱਡੀ ਲੜਾਈ ਦਾ ਸਾਹਮਣਾ ਕਰਨ ਲਈ ਸਾਂਝੀ ਲਹਿਰ ਪੈਦਾ ਕਰਨ ਦੀ ਜਰੂਰਤ ਹੈ। ਦੁਨੀਆਂ ਵਿੱਚ ਸਿੱਖਾਂ ਵਿਰੁਧ ਭਾਰਤ ਵੱਲੋ ਉਸਾਰੇ ਜਾ ਰਹੇ ਬਿਰਤਾਂਤ ਨੂੰ ਤੋੜਨ ਲਈ ਵੱਡੀ ਜਿੰਮੇਵਾਰੀ ਨਿਭਾਉਣ ਦਾ ਵਕਤ ਹੈ। ਸਿੱਖ ਆਪਣੇ ਖੁੱਸੇ ਰਾਜ ਭਾਗ ਦੀ ਵਿਰਾਸਤ ਦੀਆਂ ਨਿਸ਼ਾਨੀਆਂ, ਇਤਿਹਾਸ ਨੂੰ ਸੰਭਾਲਣ ਦੇ ਯੋਗ ਬਨਣ। ਰਾਹ ਤੋਂ ਖੁੰਝੇ ਰਾਹੀ ਵਾਂਗ ਬਹੁਤ ਸੰਜ਼ਮ, ਸਿਆਣਪ ਨਾਲ ਰਾਹ ਪੈਣ ਦੀ ਜਰੂਰਤ ਹੈ। ਇਸ ਲਈ ਕੋਹੇਨੂਰ ਹੀਰੇ ਦੇ ਸਬੰਧ ਵਿੱਚ ਸਿੱਖਾਂ ਨੂੰ ਡਟ ਕੇ ਆਪਣੀ ਮਲਕੀਅਤ ਲਈ ਦਾਅਵੇਦਾਰੀ ਪੇਸ਼ ਕਰਨੀ ਹੋਵੇਗੀ। ਮਹਾਰਾਜਾ ਦਲੀਪ ਸਿੰਘ ਦੇ ਆਪਣੇ ਪੰਜਾਬੀਆਂ, ਸਿੱਖਾਂ ਨੂੰ ਬਹੁਤ ਮੋਹ ਭਰੇ ਸ਼ਬਦ ਲਿਖੇ ਸਨ 'ਮੈਂ ਹਾਂ ਤੁਹਾਡਾ ਆਪਣਾ ਲਹੂ ਤੇ ਮਾਸ'।

## ਅੰਮ੍ਰਿਤਸਰ 'ਚ ਯੂਰਪੀਅਨ ਨਾਈਟ ਕੈਫੇ ਵਿਚ ਪੁਲਿਸ ਦਾ ਛਾਪਾ, ਗਾਹਕਾਂ ਨੂੰ ਪਰੋਸੇ ਜਾ ਰਹੇ 19 ਹੁੱਕੇ ਬਰਾਮਦ

ਅੰਮ੍ਰਿਤਸਰ : ਕਮਿਸ਼ਨਰੇਟ ਪੁਲਿਸ ਨੇ ਰਣਜੀਤ ਐਵੇਨਿਊ 'ਤੇ ਸਥਿਤ ਯੂਰਪੀਅਨ ਨਾਈਟ ਕੈਫੇ 'ਤੇ ਛਾਪਾ ਮਾਰਿਆ ਤੇ ਉਥੋਂ 19 ਹੁੱਕੇ ਬਰਾਮਦ ਕੀਤੇ। ਸੂਚਨਾ ਤੋਂ ਬਾਅਦ ਥਾਣਾ ਰਣਜੀਤ ਐਵੀਨਿਊ ਦੀ ਪੁਲਿਸ ਨੇ ਛਾਪੇਮਾਰੀ ਕਰ ਕੇ ਕੈਫੇ ਮਾਲਕ ਸਮੇਤ ਤਿੰਨ ਲੋਕਾਂ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਏਸੀਪੀ ਨਾਰਥ ਵਰਿੰਦਰ ਸਿੰਘ ਖੋਸਾ ਨੇ ਦੱਸਿਆ ਕਿ ਸੂਚਨਾ ਤੋਂ ਬਾਅਦ ਪੁਲਿਸ ਵੱਲੋਂ ਕੀਤੀ ਕਾਰਵਾਈ ਤੋਂ ਬਾਅਦ ਦਰਜ ਮਾਮਲੇ ਦੀ ਪੁਲਿਸ ਜਾਂਚ ਕਰ ਰਹੀ ਹੈ।ਪੁਲਿਸ ਮੁਤਾਬਕ ਰਣਜੀਤ ਐਵੇਨਿਊ ਸਥਿਤ ਹੋਟਲ ਹਾਲੀਡੇ ਇਨ ਨੇੜੇ ਗਸ਼ਤ ਦੌਰਾਨ ਮੌਜੂਦ ਸੀ। ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਰਣਜੀਤ ਐਵੀਨਿਊ ਬੀ ਬਲਾਕ ਸਥਿਤ ਯੂਰਪੀਅਨ ਨਾਈਟ ਕੈਫੇ 'ਚ ਗਾਹਕਾਂ ਨੂੰ ਹੁੱਕੇ ਪਰੋਸੇ ਜਾਂਦੇ ਹਨ। ਇਸ ਤੋਂ ਬਾਅਦ ਤੁਰੰਤ ਰਣਜੀਤ ਐਵੀਨਿਊ ਥਾਣੇ ਦੀ ਪੁਲਿਸ ਨੇ ਕੈਫੇ 'ਤੇ ਛਾਪਾ ਮਾਰਿਆ। ਜਾਂਚ ਦੌਰਾਨ ਤਿੰਨ ਨੌਜਵਾਨ ਗਾਹਕਾਂ ਨੂੰ ਚਾਲੂ ਹਾਲਤ 'ਵਿਚ ਹੁੱਕਾ ਪਰੋਸਦੇ ਮਿਲੇ। ਪੁਲਿਸ ਨੂੰ ਦੇਖਣ ਤੋਂ ਬਾਅਦ ਉਥੋਂ ਦੋ ਨੌਜਵਾਨ ਖਿਸਕ ਗਏ, ਜਦਕਿ ਤੀਜੇ ਨੌਜਵਾਨ ਨੂੰ ਹਿਰਾਸਤ ਵਿਚ ਲੈ ਕੇ ਪੁੱਛਗਿੱਛ ਕਰਨ 'ਤੇ ਉਸ ਨੇ ਖ਼ੁਦ ਨੂੰ ਕੈਫੇ ਦਾ ਮੁਲਾਜ਼ਮ ਦੱਸਿਆ ਜਿਨ੍ਹਾਂ ਦੀ ਪਛਾਣ ਮੈਨੇਜਰ ਚੰਦਨ ਗੁਪਤਾ ਵਾਸੀ ਰਣਜੀਤ ਐਵੀਨਿਊ ਤੇ ਕੈਫੇ ਮੁਲਾਜ਼ਮ ਉਮੇਸ਼ ਕੁਮਾਰ ਵਾਸੀ ਨਵੀਂ ਅਬਾਦੀ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਰੈਸਟੋਰੈਂਟ ਦੇ ਵੱਖ-ਵੱਖ ਮੇਜ਼ਾਂ ਤੋਂ 4 ਹੁੱਕਿਆਂ ਸਮੇਤ ਕੁੱਲ 19 ਹੁੱਕੇ ਬਰਾਮਦ ਕੀਤੇ ਗਏ ਹਨ। ਇਨ੍ਹਾਂ ਹੁੱਕਿਆਂ ਵਿਚ ਨਸ਼ੇ ਪਰੋਸੇ ਜਾਂਦੇ ਸਨ।

## ਭਰਾ ਨੇ ਦੀਪ ਸਿੱਧੂ ਦੀ ਤਸਵੀਰ ਅਜਾਇਬਘਰ 'ਚ ਲਾਉਣ ਲਈ ਜਥੇਦਾਰ ਨੂੰ ਕੀਤੀ ਅਪੀਲ

ਅੰਮ੍ਰਿਤਸਰ/ਏ.ਟੀ.ਨਿਊਜ਼ :- ਮਰਹੂਮ ਦੀਪ ਸਿੱਧੂ ਦੇ ਭਰਾ ਮਨਦੀਪ ਸਿੰਘ ਸਿੱਧੂ ਨੇ ਆਪਣੇ ਸਾਥੀਆਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਮਨਦੀਪ ਸਿੰਘ ਨੇ ਮਰਹੂਮ ਦੀਪ ਸਿੱਧੂ ਦੀ ਤਸਵੀਰ ਨੂੰ ਕੇਂਦਰੀ ਸਿੱਖ ਅਜਾਇਬਘਰ ਵਿਚ ਸਥਾਪਿਤ ਕੀਤੇ ਜਾਣ ਦੀ ਮੰਗ ਕੀਤੀ ਹੈ। ਜਥੇਦਾਰ ਨੂੰ ਮਿਲਣ ਆਏ ਮਨਦੀਪ ਸਿੰਘ ਸਿੱਧੂ ਨੇ ਜਥੇਦਾਰ ਨਾਲ ਵਿਚਾਰ ਕਰਦਿਆਂ ਕਿਹਾ, 'ਭਰਾ ਨੇ ਹਮੇਸ਼ਾ ਪੰਜਾਬ ਦੀ ਤਰਕੀ ਤੇ ਚੜ੍ਹਦੀ ਕਲਾ ਦੀ ਗੱਲ ਕੀਤੀ ਸੀ।' ਉਨ੍ਹਾਂ ਦੇ ਭਰਾ ਨੂੰ ਪੰਜਾਬ ਦਾ ਨੌਜਵਾਨ ਆਪਣਾ ਰੋਲ ਮਾਡਲ ਮੰਨਦੇ ਹਨ।



ਜਥੇਦਾਰ ਨਾਲ ਕਰੀਬ ਅੱਧਾ ਘੰਟਾ ਮੀਟਿੰਗ ਕਰਨ ਤੋਂ ਬਾਅਦ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਨੇ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਬਹੁਤ ਵਧੀਆ ਕੰਮ ਕੀਤਾ ਹੈ ਅਤੇ ਅਸੀਂ ਹਰ ਧਰਮ ਦਾ ਸਤਿਕਾਰ ਕਰਦੇ ਹਾਂ। ਮਰਹੂਮ ਦੀਪ ਸਿੱਧੂ ਦੇ ਭਰਾ ਨੇ ਦਸਿਆ ਕਿ ਜਥੇਦਾਰ ਨੇ ਉਨ੍ਹਾਂ ਦੀ ਮੰਗ ਨੂੰ ਗੰਭੀਰਤਾ ਨਾਲ ਸੁਣਿਆ ਹੈ।

## ਸ਼ਿਵ ਸੈਨਾ ਲੀਡਰ ਹਰੀਸ਼ ਸਿੰਗਲਾ ਨੂੰ ਮਿਲੀ ਧਮਕੀ

### ਪੁਲਿਸ ਤੋਂ ਮੰਗੇ ਕਮਾਂਡੋ ਗੰਨਮੈਨ, ਐਸਕਾਰਟ ਤੇ ਬੁਲੇਟ ਪਰੂਫ਼ ਗੱਡੀ

ਪਟਿਆਲਾ/ਏ.ਟੀ.ਨਿਊਜ਼ :- ਸ਼ਿਵ ਸੈਨਾ ਲੀਡਰ ਹਰੀਸ਼ ਸਿੰਗਲਾ ਨੂੰ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ। ਇਹ ਧਮਕੀ ਪਾਕਿਸਤਾਨ ਦੇ ਨੰਬਰ ਤੋਂ ਮਿਲੀ ਹੈ। ਹਰੀਸ਼ ਸਿੰਗਲਾ ਨੇ ਇਸ ਦੀ ਸ਼ਿਕਾਇਤ ਪੁਲਿਸ ਕੋਲ ਕੀਤੀ ਹੈ। ਇਸ ਦੇ ਨਾਲ ਹੀ ਸ਼ਿਵ ਸੈਨਾ ਲੀਡਰ ਲੀਡਰ ਨੇ ਪੰਜਾਬ ਦੇ ਡੀਜੀਪੀ ਨੂੰ ਪੱਤਰ ਲਿਖ ਕੇ ਸੁਰੱਖਿਆ ਮੰਗੀ ਹੈ। ਦੂਜੇ ਪਾਸੇ ਪੁਲਿਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਜਾਣਕਾਰੀ ਮੁਤਾਬਕ ਸ਼ਿਵ ਸੈਨਾ ਬਾਲ ਠਾਕਰੇ ਸ਼ਿੰਦੇ ਧੜੇ ਦੇ ਪੰਜਾਬ ਪ੍ਰਧਾਨ ਹਰੀਸ਼ ਸਿੰਗਲਾ ਨੂੰ ਪਾਕਿਸਤਾਨੀ ਨੰਬਰ ਤੋਂ ਵੀਡੀਓ ਕਾਲ ਰਾਹੀਂ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ।

# ਰਿਸ਼ਤਿਆਂ ਦਾ ਹੋ ਰਿਹਾ ਵਪਾਰੀਕਰਨ



ਸਾਡਾ ਸਮਾਜ

ਜਸਵਿੰਦਰ ਕੌਰ

ਮਨੁੱਖ ਸਮਾਜਿਕ ਰਿਸ਼ਤਿਆਂ ਵਿੱਚ ਬਹੁਤ ਸਾਰੇ ਰਿਸ਼ਤੇ ਸਿਰਜਦਾ ਹੈ ਜਿਨ੍ਹਾਂ ਵਿੱਚ ਲਹੂ ਦੇ ਰਿਸ਼ਤੇ, ਪਿਆਰ ਦੇ ਰਿਸ਼ਤੇ, ਬੌਧਿਕਤਾ ਦੇ ਰਿਸ਼ਤੇ, ਭਾਵੁਕ ਸਾਂਝ ਦੇ ਰਿਸ਼ਤੇ ਆਦਿ ਸ਼ਾਮਲ ਹਨ। ਇਸ ਤੋਂ ਇਲਾਵਾ ਅਜੋਕੇ ਸਮੇਂ ਵਿੱਚ ਇੱਕ ਹੋਰ ਪ੍ਰਕਾਰ ਦੇ ਨਵੇਂ ਰਿਸ਼ਤੇ ਬਣ ਰਹੇ ਹਨ, ਜਿਨ੍ਹਾਂ ਨੂੰ ਸਮਾਜ ਵਿੱਚ ਰੁਤਬਾ ਜਾਂ ਨਾਮਕਰਨ ਨਹੀਂ ਮਿਲਦਾ। ਇਸ ਲਈ ਇਨ੍ਹਾਂ ਨੂੰ ਅਸੀਂ ਅਪ੍ਰਵਾਨਿਤ ਰਿਸ਼ਤੇ ਕਹਿ ਸਕਦੇ ਹਾਂ। ਅਜਿਹੇ ਰਿਸ਼ਤਿਆਂ ਨੂੰ ਹਮੇਸ਼ਾ ਨਮੋਸ਼ੀ, ਪੀੜਾ ਤੇ ਬੇਇੱਜ਼ਤੀ ਬਰਦਾਸ਼ਤ ਕਰਨੀ ਪੈਂਦੀ ਹੈ। ਜਿਸ ਦੇ ਭਵਿੱਖ ਵਿੱਚ ਬਹੁਤ ਗੰਭੀਰ ਸਿੱਟੇ ਨਿਕਲਦੇ ਹਨ।

ਕੋਈ ਸਮਾਂ ਸੀ ਜਦੋਂ ਰਿਸ਼ਤਿਆਂ ਵਿੱਚ ਮੋਹ-ਪਿਆਰ ਸੀ। ਚੁੱਲ੍ਹੇ ਸਾਂਝੇ ਸਨ ਅਤੇ ਪਰਿਵਾਰ ਇੱਕੋ ਛੱਤ ਥੱਲੇ ਇਕੱਠਾ ਰਹਿੰਦਾ ਸੀ। ਮੁਖਤਿਆਰੀ ਘਰ ਦੇ ਵੱਡੇ ਪੁਰਖ ਹੱਥ ਹੁੰਦੀ ਸੀ ਅਤੇ ਸਾਰਾ ਟੱਬਰ ਉਸੇ ਦੀ ਸੇਧ ਵਿੱਚ ਚੱਲਦਾ ਸੀ। ਭਾਵ ਕਿ ਉਸ ਦੇ ਕੰਟਰੋਲ ਹੇਠ ਹੁੰਦਾ ਸੀ, ਕੁਝ ਕੁ ਡਰ ਕਾਰਨ ਤੇ ਕੁਝ ਇੱਜ਼ਤ- ਸਤਿਕਾਰ ਕਾਰਨ, ਪਰ ਜਿਉਂ- ਜਿਉਂ ਰਿਸ਼ਤਿਆਂ ਵਿੱਚ ਮੋਹ ਪਿਆਰ ਮਨਫ਼ੀ ਹੁੰਦਾ ਗਿਆ, ਇੱਜ਼ਤ, ਮਾਣ, ਸਤਿਕਾਰ ਖਤਮ ਹੁੰਦਾ ਰਿਹਾ ਤੇ ਪਰਿਵਾਰਾਂ ਦੇ ਟੁੱਟਣ ਨਾਲ ਰਿਸ਼ਤਾ -ਨਾਤਾ ਪ੍ਰਣਾਲੀ ਹੀ ਬਦਲ ਗਈ। ਸਿੱਟੇ ਵਜੋਂ ਇਕੱਲੇਪਣ ਨੇ ਮਾਨਸਿਕ ਤਣਾਓ, ਪ੍ਰੇਸ਼ਾਨੀਆਂ ਆਦਿ ਨੂੰ ਜਨਮ ਦਿੱਤਾ ਅਤੇ ਮਨੁੱਖ ਦਾ ਜ਼ਿੰਦਗੀ ਜਿਉਣ ਦਾ ਤਰੀਕਾ ਹੀ ਹਿੱਲ ਗਿਆ। ਵੱਡੇ ਬਣਨ ਦੀ ਹੋੜ ਵਿੱਚ ਜ਼ਿੰਦਗੀ ਜਿਉਣ ਦਾ ਸਲੀਕਾ ਬਾਹਰੀ ਖਾਣੇ, ਡਿਪਰੈਸ਼ਨ ਅਤੇ ਦਵਾਈਆਂ ਨੇ ਆ ਕੇ ਖੋਹ ਲਿਆ। ਵਿਸ਼ਵੀਕਰਨ ਦੇ ਟੰਟਿਆਂ ਨੇ ਰਿਸ਼ਤਿਆਂ-ਨਾਤਿਆਂ ਨੂੰ ਇੱਥੋਂ-ਉੱਥੇ ਤੱਕ ਦੀ ਭੱਜ- ਦੌੜ ਬਣਾ ਛੱਡਿਆ ਹੈ। ਇੰਟਰਨੈੱਟ, ਸੋਸ਼ਲ ਮੀਡੀਆ ਨੇ ਦੋਸਤੀਆਂ-ਦੁਸ਼ਮਣੀਆਂ ਆਦਿ ਦੇ ਪੈਮਾਨੇ ਹੀ ਬਦਲ ਦਿੱਤੇ ਹਨ। ਸਿੱਟੇ ਵਜੋਂ ਮਨੁੱਖ ਮਨ ਦੀ ਸ਼ਾਂਤੀ ਲਈ ਮੈਡੀਟੇਸ਼ਨ ਸੈਂਟਰਾਂ ਅਤੇ ਨਸ਼ਾ ਛੁਡਾਊ ਕੇਂਦਰਾਂ ਵਿੱਚ ਪਹੁੰਚ ਚੁੱਕਿਆ ਹੈ।

ਖ਼ੈਰ ! ਇੱਥੇ ਜੇਕਰ ਮੈਂ ਗੱਲ ਕਰਾਂ ਅੱਜ ਦੇ ਮਨੁੱਖ ਦੀ ਜ਼ਿੰਦਗੀ ਦੇ ਸਭ ਤੋਂ ਵੱਡੇ ਫ਼ੈਸਲੇ ਵਿਆਹ ਦੀ ਤਾਂ ਇਸ ਦੇ ਤਾਂ ਮਾਅਨੇ ਹੀ ਬਦਲ ਗਏ ਹਨ। ਵਿਚੋਲਿਆਂ ਦਾ ਦੌਰ ਤਾਂ ਹੁਣ ਵਿਆਹਾਂ ਵਿੱਚ ਲਗਭਗ ਖ਼ਤਮ ਹੀ ਹੋ ਚੁੱਕਾ ਹੈ। ਮਰਜ਼ੀ ਦੇ ਵਿਆਹਾਂ ਵਿੱਚ ਵੀ ਮਰਜ਼ੀ ਦੀ ਥਾਂ ਖ਼ੁਦਗਰਜ਼ੀ ਜ਼ਿਆਦਾ ਪ੍ਰਧਾਨ ਹੈ। ਜਿਵੇਂ ਚੰਗੀ ਜਾਂ ਸਰਕਾਰੀ ਨੌਕਰੀ ਪ੍ਰਾਪਤ ਮੁੰਡੇ ਜਾਂ ਕੁੜੀ ਦੀ ਮਰਜ਼ੀ ਦਾ ਵਿਆਹ ਵੀ ਬਰਾਬਰ ਦੀ ਯੋਗਤਾ ਅਤੇ ਬਰਾਬਰ ਦੀ ਨੌਕਰੀ 'ਤੇ ਆਧਾਰਿਤ ਹੋਵੇਗਾ। ਜੀਵਨ ਸਾਥੀ ਜਾਂ ਸਾਥਣ ਮੋਢੇ ਨਾਲ ਮੋਢਾ ਜੋੜ ਕੇ ਚੱਲੇ ਭਾਵੇਂ ਨਾ ਚੱਲੇ, ਪਰ ਬੈਂਕ ਬੈਲੇਂਸ ਵਧਾਉਣ ਵਾਲਾ ਤਾਂ ਹੋਣਾ ਹੀ ਚਾਹੀਦਾ ਹੈ। ਇਹ ਸਾਡੀ ਪਦਾਰਥਵਾਦੀ ਸੋਚ ਦਾ ਹੀ ਨਤੀਜਾ ਹੈ।ਜੇ ਗੱਲ ਕਰੀਏ ਮਾਪਿਆਂ ਦੀ ਮਰਜ਼ੀ ਦੇ ਰਿਸ਼ਤਿਆਂ ਦੀ ਤਾਂ ਹਰ ਤੀਜਾ ਪੰਜਾਬੀ ਆਪਣੀ ਧੀ ਜਾਂ ਪੁੱਤਰ ਲਈ ਵਿਦੇਸ਼ੀ ਸਾਥ ਲੱਭਦਾ ਫਿਰ ਰਿਹਾ ਹੈ। ਆਈਲੈੱਟਸ ਦੇ ਬੈਂਡਾਂ ਨੇ ਉਸ ਦੀ ਇਹ ਪਹੁੰਚ ਹੋਰ ਵੀ ਆਸਾਨ ਕਰ ਦਿੱਤੀ ਹੈ। ਆਈਲੈੱਟਸ ਦੇ 6-8 ਬੈਂਡਾਂ ਵਾਲੀ ਕੁੜੀ ਜਾਂ ਮੁੰਡਾ ਸਿੱਧੀ ਕੈਨੇਡਾ ਅਮਰੀਕਾ ਵਰਗੇ ਦੇਸ਼ ਦੀ ਟਿਕਟ ਜਾਪਦੇ ਰਿਸ਼ਤਿਆਂ ਲਈ ਪੰਜਾਬੀ ਲਾਰਾਂ ਟਪਕਾਉਂਦੇ ਆਮ ਦਿਖਾਈ ਦਿੰਦੇ ਹਨ। ਗ਼ਰੀਬ ਘਰਾਂ ਦੀਆਂ ਕੁੜੀਆਂ ਲਈ ਆਈਲੈੱਟਸ ਦੇ ਬੈਂਡਾਂ ਨੇ ਚੰਗੇ ਘਰਾਂ ਦੇ ਨਿਕੰਮੇ ਮੁੰਡਿਆਂ ਦੇ ਰਿਸ਼ਤਿਆਂ ਦੀਆਂ ਲਾਈਨਾਂ ਲਗਾ ਦਿੱਤੀਆਂ ਹਨ। ਕੁੜੀਆਂ ਦੇ ਬਾਹਰਲੇ ਮੁਲਕ ਭੇਜਣ ਅਤੇ ਫੀਸਾਂ ਭਰਨ ਦੇ ਖ਼ਰਚੇ ਕਰਨ ਲਈ ਪੱਬਾਂ ਭਾਰ ਹੋਏ ਮੁੰਡਿਆਂ ਵਾਲੇ ਸ਼ੇਅਰ ਮਾਰਕੀਟ ਵਾਲੇ ਦਾਅ ਪੇਚ ਖੇਡਣ ਲੱਗੇ ਹੋਏ ਹਨ। ਫਿਰ ਜੇ ਕਿੱਧਰੇ ਉੱਧਰ ਜਾ ਕੇ ਕੁੜੀ ਖਰਚਾ ਕਰਨ ਵਾਲੇ ਮੁੰਡੇ ਨੂੰ ਨਾ ਬੁਲਾਵੇ, ਕਿਸੇ ਹੋਰ ਨਾਲ ਰਹਿਣ ਲੱਗ ਜਾਵੇ ਜਾਂ ਵਿਆਹ ਕਰ ਲਵੇ ਤਾਂ ਇੱਧਰ ਸੋਸ਼ਲ ਮੀਡੀਆ 'ਤੇ ਰੌਲੇ ਪਿੱਟ- ਸਿਆਪੇ ਤੇ ਗੱਲ ਖੁਦਕੁਸ਼ੀਆਂ ਤੱਕ ਪਹੁੰਚ ਜਾਂਦੀ ਹੈ। ਇਨ੍ਹਾਂ ਨੂੰ ਕੋਈ ਪੁੱਛੇ ਭਲਿਓ ਲੋਕੋ !ਜਦੋਂ ਰਿਸ਼ਤਿਆਂ ਦੀ ਥਾਂ 'ਤੇ ਵਪਾਰ ਕਰਨ ਲੱਗ ਹੀ ਗਏ ਹੋ ਤਾਂ ਨਫੇ ਨੁਕਸਾਨ ਨੂੰ ਝੱਲਣ ਦਾ ਮਾਦਾ ਵੀ ਰੱਖੋ। ਜ਼ਰੂਰੀ ਨਹੀਂ ਹੁੰਦਾ ਕਿ ਵਪਾਰ ਵਿੱਚ ਹਰ ਵਾਰੀ ਲਾਭ ਹੀ ਹੋਵੇ। ਜਿੱਥੇ ਮੈਨੂੰ ਜ਼ਿੰਦਗੀ ਦੇ ਥੰਮ੍ਹ ਇਨ੍ਹਾਂ ਰਿਸ਼ਤਿਆਂ ਦੀ ਦੁਰਦਸ਼ਾ ਦੇਖ ਕੇ ਤਕਲੀਫ਼ ਹੁੰਦੀ ਹੈ, ਉੱਥੇ ਹੀ ਅਜਿਹੇ ਮਾਂ-ਬਾਪ ਦੀ ਜੁਆਕਾਂ ਨੂੰ ਸੈੱਟ ਕਰਨ ਦੀ ਹਾਸੋਹੀਣੀ ਪ੍ਰਵਿਰਤੀ 'ਤੇ ਤਰਸ ਵੀ ਆਉਂਦਾ ਹੈ।

ਦੂਜੇ ਪਾਸੇ ਜੇਕਰ ਗੱਲ ਕਰੀਏ ਜੋ ਅਸੀਂ ਆਪਣੀਆਂ ਛੋਟੀਆਂ-ਛੋਟੀਆਂ ਬੱਚੀਆਂ ਨੂੰ ਬੈਂਡ ਦਵਾ ਕੇ ਸਟੱਡੀ ਵੀਜ਼ੇ 'ਤੇ ਉੱਥੇ ਭੇਜ ਕੇ ਪਿੱਛੇ ਜਾਣ ਦੇ ਸੁਪਨੇ ਸਿਰਜਦੇ ਹਾਂ ਤਾਂ ਬਹੁਤੀ ਵਾਰ ਮਾਂ-ਬਾਪ ਹੋਣ ਦੇ ਫ਼ਰਜ਼ਾਂ ਦਾ ਵੀ ਘਾਣ ਕਰਦੇ ਹਾਂ। ਉੱਥੇ ਜਾ ਕੇ ਸਾਡੇ ਧੀਆਂ-ਪੁੱਤਾਂ ਨੂੰ ਆਉਂਦੀਆਂ ਮੁਸ਼ਕਿਲਾਂ ਸਾਨੂੰ ਤਾਂ ਪਤਾ ਵੀ ਨਹੀਂ ਹੁੰਦੀਆਂ, ਪਰ ਕਿਤੇ ਨਾ ਕਿਤੇ ਉਹ ਬੱਚੇ ਮਸ਼ੀਨੀ ਯੁੱਗ ਦੇ ਮਾਇਆ ਜਾਲ ਵਿੱਚ ਫਸ ਕੇ ਰਿਸ਼ਤਿਆਂ ਦੇ ਨਿੱਘ ਤੋਂ ਸੱਖਣੇ ਹੋ ਜਾਂਦੇ ਹਨ। ਵਿਦੇਸ਼ਾਂ ਵਿੱਚ ਹੁੰਦੀਆਂ ਸਾਡੇ ਬੱਚਿਆਂ ਦੀਆਂ ਮੌਤਾਂ ਦੇ ਕਾਰਨ ਲੱਭੇ ਬਿਨਾਂ ਅਸੀਂ ਆਪਣੀਆਂ ਮਰਜ਼ੀ ਉਨ੍ਹਾਂ ਦੇ ਉੱਤੇ ਥੋਪਦੇ ਹਾਂ ਅਤੇ ਫਿਰ ਲੁੱਟੇ-ਪੱਟੇ ਜਾਣ ਦੀ ਦੁਹਾਈ ਪਾਉਂਦੇ ਹਾਂ। ਅਜੋਕੇ ਸਮੇਂ ਵਿੱਚ ਵਧ ਰਹੇ ਤਲਾਕਾਂ ਦੇ ਕਾਰਨਾਂ 'ਤੇ ਨਜ਼ਰ ਮਾਰੀਏ ਤਾਂ ਹਰ ਕੋਈ ਆਪਣੀ ਮਰਜ਼ੀ ਕਰਨੀ ਚਾਹੁੰਦਾ ਹੈ, ਫਿਰ ਉਹ ਜਾਇਜ਼ ਹੋਵੇ ਜਾਂ ਨਾਜਾਇਜ਼। ਇੱਕ ਦੂਜੇ ਦੀ ਨਿੱਕੀ-ਨਿੱਕੀ ਗੱਲ ਸਹਾਰਨੀ ਵੀ ਦੁਸ਼ਵਾਰੀ ਜਾਪਦੀ ਹੈ। ਅੱਡਰੇ ਹੋ ਕੇ ਰਹਿਣਾ ਸੱਚਮੁੱਚ ਹੀ ਬਹੁਤ ਸੌਖਾ ਹੈ। ਜੇ ਔਖਾ ਕੰਮ ਹੈ ਤਾਂ ਉਹ ਹੈ ਇਕੱਠੇ ਰਹਿਣਾ। ਫਿਰ ਬਾਹਰ ਦੇ ਲਾਲਚ ਵਿੱਚ ਉਮਰ ਦਰਾਜਾਂ ਨਾਲ ਵਿਆਹੀਆਂ ਬੱਚੀਆਂ ਕਿਧਰੇ ਵੀ ਸਰੀਰਕ ਤੇ ਮਾਨਸਿਕ ਪੱਖ ਤੋਂ ਉਸ ਰਿਸ਼ਤੇ ਨੂੰ ਕਬੂਲ ਨਹੀਂ ਕਰਦੀਆਂ ਅਤੇ ਯੂਰਪ ਦੇ ਵਾਤਾਵਰਨ ਵਿੱਚ ਜਾਂਦਿਆਂ ਹੀ ਉਹ ਅਜਿਹੀਆਂ ਬੰਦਿਸ਼ਾਂ ਵਿੱਚੋਂ ਨਿਕਲਣ ਲਈ ਛੜੱਪਾ ਮਾਰ ਦਿੰਦੀਆਂ ਹਨ। ਹੁਣ ਤਾਂ ਪੰਜਾਬੀਆਂ ਦੀ ਉਹ ਗੱਲ ਹੋ ਗਈ ਕਿ 'ਅੱਖੋਂ ਪਰੇ, ਜੱਗ ਮਰੇ।' ਇੱਧਰ ਧੀ-ਪੁੱਤ ਦੀ ਮਰਜ਼ੀ ਦੇ ਵਿਆਹ ਸ਼ਰੀਕੇ ਵਿੱਚ ਨੱਕ ਵਢਾਉਂਦੇ ਹਨ, ਉੱਥੇ ਜਾ ਕੇ ਧੀਆਂ ਪੁੱਤਾਂ ਦੇ ਦੋ-ਦੋ ਵਿਆਹ, ਬੁਆਇਫ੍ਰੈਂਡ, ਗਰਲਫ੍ਰੈਂਡ ਸਾਨੂੰ ਮਾਡਰਨ ਜ਼ਮਾਨੇ ਦੀ ਸੋਚ ਜਾਪਦੇ ਹਨ। ਵਪਾਰਕ ਰਿਸ਼ਤਿਆਂ ਵਿੱਚ ਬੱਝੇ ਇਹ ਬੱਚੇ ਬਾਹਰ ਜਾ ਕੇ ਵੀ ਪੀਆਰ ਆਧਾਰਿਤ ਰਿਸ਼ਤੇ ਹੀ ਸਿਰਜਦੇ ਹਨ। ਜਿਨ੍ਹਾਂ ਵਿੱਚ ਉਮਰ ਅਤੇ ਲਿੰਗ ਦਾ ਲਿਹਾਜ਼ ਵੀ ਨਹੀਂ ਸੋਚਦੇ। ਇਹ ਸਭ ਅਸੀਂ ਹੀ ਉਨ੍ਹਾਂ ਨੂੰ ਵਿਰਾਸਤ ਵਿੱਚ ਦੇ ਰਹੇ ਹਾਂ। ਹੁਣ ਜਦੋਂ ਅਸੀਂ ਰਿਸ਼ਤਿਆਂ ਦਾ ਵਪਾਰੀਕਰਨ ਕਰੀ ਜਾ ਰਹੇ ਹਾਂ ਤਾਂ ਭਵਿੱਖ ਵਿੱਚ ਅਜਿਹੇ ਰਿਸ਼ਤਿਆਂ ਤੋਂ ਸਾਰਥਿਕਤਾ ਅਤੇ ਪਕਿਆਈ ਦੀ ਉਮੀਦ ਰੱਖਣੀ ਸਰਾਸਰ ਪਾਗਲਪਣ ਹੈ।

(ਬਾਕੀ ਸਫ਼ਾ 31 'ਤੇ)

# ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ



ਡਾ. ਦਿਲਵਰ ਸਿੰਘ
ਮੋ. 9417306371

ਗੁਰਬਾਣੀ ਅਨੁਸਾਰ ਸਾਰੇ ਹੀ ਮਹੀਨੇ, ਦਿਨ, ਮਹੂਰਤ ਸ਼ੁਭ ਹਨ। ਕੋਈ ਵੀ ਸਮਾਂ ਬੁਰਾ ਨਹੀਂ ਹੈ। ਕੇਵਲ ਉਹੀ ਰੁਤ/ਸਮਾਂ ਹੀ ਫਿਟਕਾਰ ਯੋਗ ਹੁੰਦਾ ਹੈ ਜਿਸ ਵਿਚ ਪ੍ਰਭੂ ਵਿਸਰ ਜਾਵੇ। ਪ੍ਰਭੂ ਦੀ ਯਾਦ ਹੀ ਸਮੇਂ ਨੂੰ ਸੋਹਣਾ ਬਣਾ ਦੇਂਦੀ ਹੈ। ਗੁਰੂ ਸਾਹਿਬ ਸਾਨੂੰ ਕਰਮ-ਕਾਂਡਾਂ, ਵਹਿਮਾਂ-ਭਰਮਾਂ ਆਦਿ ਨੂੰ ਛੱਡ ਕੇ ਪ੍ਰਭੂ ਨਾਮ ਨੂੰ ਅਮਲ ਵਿਚ ਲਿਆਉਣ ਹਿਤ ਉਪਦੇਸ਼ ਕਰਦੇ ਹਨ। ਫੁਰਮਾਨ ਹੈ :

ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ॥

ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਫਿਟੁ ਭਲੇਰੀ ਰੁਤਿ॥(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੧੮)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਦੋਵੇਂ ਬਾਰਹ ਮਾਹਾ ਵਿਚ ਵੀ ਇਹੋ ਉਪਦੇਸ਼ ਦ੍ਰਿੜ ਕਰਵਾਇਆ ਗਿਆ ਹੈ ਕਿ :

ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥ ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥੧੪॥੧॥ (ਉਹੀ,ਪੰਨਾ ੧੩੬)

ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ॥ ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ॥(ਉਹੀ, ਪੰਨਾ ੧੧੦੭)

ਕਤਕ ਦੇ ਮਹੀਨੇ ਵਿਚ ਵੀ ਗੁਰੂ ਸਾਹਿਬ ਵਿਅਰਥ ਦੇ ਕਰਮਕਾਂਡਾਂ ਨੂੰ ਛੱਡ ਕੇ ਪ੍ਰਭੂ ਮਿਲਾਪ ਦੀ ਪਿਆਸ ਨੂੰ ਤ੍ਰਿਪਤ ਕਰਨ ਹਿਤ ਨਾਮ ਕਰਮ ਜੋ ਕਿ ਸਭ ਕਰਮਾਂ ਵਿਚੋਂ ਸ੍ਰੇਸ਼ਠ ਹੈ ਅਤੇ ਕਲਯੁਗ ਵਿਚ ਕੇਵਲ ਇਹੀ ਕਰਮ ਪ੍ਰਵਾਨ ਹੈ, ਕਰਨ ਦਾ ਉਪਦੇਸ਼ ਦਿੰਦੇ ਹਨ :

ਰੁਤਿ ਸਰਦ ਅਡੰਬਰੋ ਅਸੂ ਕਤਕੇ ਹਰਿ ਪਿਆਸ ਜੀਉ॥(ਉਹੀ ਪੰਨਾ ੯੨੮)

ਇਹ ਪਿਆਸ ਪ੍ਰਭੂ ਦੇ ਦਰਸ਼ਨਾਂ ਦੀ ਹੈ। ਪ੍ਰਭੂ ਦੇ ਦਰਸ਼ਨ ਬਿਨਾਂ ਸੁਖ ਪ੍ਰਾਪਤ ਨਹੀਂ ਹੁੰਦਾ ਤੇ ਬਾਹਰੀ ਸ਼ਿੰਗਾਰ ਦੁਖਦਾਈ ਹੁੰਦਾ ਹੈ। ਦੁਖ ਵੀ ਐਸਾ ਕਿ ਜਿਉਦਿਆਂ ਆਤਮਕ ਮੌਤ ਮਰ ਕੇ ਵਿਚਰਨਾ ਪੈਂਦਾ ਹੈ। ਸਾਰੇ ਗੁਣ ਹੁੰਦਿਆਂ ਗੁਣਹੀਣ ਹੀ ਰਹਿ ਜਾਈਦਾ ਹੈ। ਪ੍ਰਭੂ ਮਿਲਾਪ ਤੋਂ ਬਿਨਾਂ ਇਸ ਤਾਂਘ ਨੂੰ ਪੂਰਾ ਕਰਨ ਹਿਤ ਸੰਤ ਜਨਾਂ ਦੀ ਸੰਗਤਿ ਅਤਿ ਲੋੜੀਂਦੀ ਹੈ।ਸੰਤ ਜਨਾਂ ਦੀ ਸੰਗਤਿ ਵਿਚ ਕੇਵਲ ਨਾਮ ਹੀ ਚੇਤੇ ਆਉਂਦਾ ਹੈ। ਸਾਰੇ ਕਰਮ-ਕਾਂਡਾਂ ਤੋਂ ਛੁਟਕਾਰਾ ਹੋ ਜਾਂਦਾ ਹੈ ਤਾਂ ਹੀ ਮਿਲਾਪ ਦੀ ਪਿਆਸ ਤ੍ਰਿਪਤ ਹੁੰਦੀ ਹੈ। ਕਵੀ ਭਾਈ ਰਾਮ ਸਿੰਘ ਨੇ ਕਤਕ ਮਹੀਨੇ ਦੇ ਸੁਭਾਅ ਨੂੰ ਵੀ ਗੁਰੂ ਉਪਦੇਸ਼ ਦੇ ਰਾਹੀਂ ਹੀ ਨਿਰਧਾਰਤਿ ਕੀਤਾ ਹੈ :

ਕਤਕ ਅੰਮ੍ਰਿਤ ਕੰਤ ਸਾਰੀ ਰੁਤਾਂ ਦਾ ਮਹੰਤ ॥

ਸ੍ਰੀ ਗੁਰੂ ਨਾਨਕ ਦੇਵ ਜੀ ਬਾਰਹ ਮਾਹਾ ਤੁਖਾਰੀ ਵਿਚ ਫਰਮਾਉਂਦੇ ਹਨ ਕਿ ਇਸ ਮਨੁਖਾ ਜਨਮ ਰੂਪੀ ਕਤਕ ਦੇ ਮਹੀਨੇ ਵਿਚ ਕਰਮ-ਕਾਂਡਾਂ ਨਾਲ ਆਤਮਕ ਜੀਵਨ ਪ੍ਰਾਪਤ ਨਹੀਂ ਹੋਣਾ। ਇਸੇ ਦੀ ਪ੍ਰਾਪਤੀ ਲਈ ਤਾਂ ਪ੍ਰਭੂ ਦੀ ਬਖਸ਼ਿਸ਼ ਦੇ ਪਾਤਰ ਬਣਨਾ ਪੈਂਦਾ ਹੈ। ਪ੍ਰਭੂ ਦੇ ਹੁਕਮ ਵਿਚ ਰਹਿਣ ਵਾਲੇ ਜੀਵਾਂ ਨੂੰ ਅੰਦਰੋਂ ਹੀ ਆਤਮਿਕ ਚਾਨਣ ਦੇਣ ਵਾਲਾ ਦੀਪਕ ਜਗ ਪੈਂਦਾ ਹੈ। ਉਹ ਦੁਖ-ਸੁਖ ਵਿਚ ਅਡੋਲ ਰਹਿੰਦੇ ਹਨ। ਇਹ ਆਤਮਿਕ ਚਾਨਣ ਦੇਣ ਵਾਲਾ ਦੀਵਾ ਪ੍ਰਭੂ ਦੇ ਨਾਮ ਦੇ ਰਸ ਦੇ ਤੇਲ ਨਾਲ ਹੀ ਜਗਦਾ ਹੈ ਅਰਥਾਤ ਜਗਿਆਸੂ ਭਾਣੇ ਵਿਚ ਰਹਿ ਕੇ ਗਿਆਨ ਦੇ ਦੀਵੇ ਦੇ ਪ੍ਰਕਾਸ਼ ਦਾ ਆਨੰਦ ਮਾਣਦਾ ਹੈ। ਇਹੀ ਆਤਮਿਕ ਆਨੰਦ; ਓਮਾਹਾ ਅਤੇ ਸੰਜੋਗ ਦਾ ਕਾਰਨ ਬਣਦਾ ਹੈ। ਇਸ ਸੰਜੋਗ ਸਦਕਾ ਜੀਵ ਇਸਤ੍ਰੀ ਵਿਕਾਰਾਂ ਵਲੋਂ ਬਚੀ ਰਹਿੰਦੀ ਹੈ। ਉਸ ਦੀ ਭਟਕਣਾ ਖ਼ਤਮ ਹੋ ਜਾਂਦੀ ਹੈ ਕਿਉਂਕਿ ਉਸ ਦੇ ਹਿਰਦੇ ਘਰ ਵਿਚ ਪ੍ਰਭੂ ਦਾ ਨਾਮ ਟਿਕ ਜਾਂਦਾ ਹੈ।ਉਸ ਲਈ ਇਕ ਪਲ ਦਾ ਵਿਛੋੜਾ ਵੀ ਬਹੁਤ ਲੰਮਾ ਹੋ ਜਾਂਦਾ ਹੈ ਅਤੇ ਉਹ ਪੁਕਾਰ ਕਰਦੀ ਰਹਿੰਦੀ ਹੈ ਕਿ ਇਹ ਵਿਛੋੜੇ ਦਾ ਪਲ ਨਾ ਆਵੇ ਤੇ ਪ੍ਰਭੂ ਪ੍ਰੀਤਮ ਦੇ ਦਰਸ਼ਨਾਂ ਦਾ ਸੁਭਾਗ ਸਦਾ ਬਣਿਆ ਰਹੇ। ਕਦੇ ਵੀ ਪ੍ਰਭੂ ਪ੍ਰੀਤਮ ਓਹਲੇ ਨਾ ਹੋਵੇ। ਗੁਰੂ ਸਾਹਿਬ ਜੀਵ ਇਸਤਰੀ ਨੂੰ ਵਿਅਰਥ ਦੇ ਕਰਮ-ਕਾਂਡ ਛਡ ਕੇ ਨਾਮ ਕਰਮ ਨੂੰ ਦ੍ਰਿੜ ਕਰ ਕੇ ਇਹ ਅਵਸਥਾ ਪ੍ਰਾਪਤ ਕਰਨ ਲਈ ਉਪਦੇਸ਼ ਦਿੰਦੇ ਹਨ : ਨਾਨਕ ਮਿਲਹੁ ਕਪਟ ਬਾਰ ਖੋਲਹੁ ਏਕ ਘੜੀ ਖਟ ਮਾਸਾ॥(ਉਹੀ, ਪੰਨਾ ੧੧੦੭)

ਸ੍ਰੀ ਗੁਰੂ ਅਰਜਨ ਦੇਵ ਜੀ ਬਾਰਹ ਮਾਹਾ ਮਾਂਝ ਵਿਚ ਉਪਦੇਸ਼ ਕਰਦੇ ਹਨ ਕਿ ਜੀਵਨ ਰੂਪੀ ਕਤਕ ਦੇ ਮਹੀਨੇ ਵਿਚ ਜਿਵੇਂ ਕਿਸਾਨ ਉਦਮ ਕਰਕੇ ਫ਼ਸਲ ਦੀ ਕਟਾਈ ਵੀ ਕਰਦਾ ਹੈ ਤੇ ਨਵੀਂ ਫ਼ਸਲ ਦੀ ਬਿਜਾਈ ਵੀ ਅਤੇ ਵਤ੍ਰ ਨੂੰ ਸੰਭਾਲ ਲੈਂਦਾ ਹੈ। ਉਸੇ ਤਰ੍ਹਾਂ ਜੀਵ ਤੂੰ ਵੀ ਉਦਮ ਕਰਕੇ ਨਾਮ ਕਰਮ ਦੇ ਬੀਜ ਬੀਜਣ ਦਾ ਵਤ੍ਰ ਸੰਭਾਲ ਤਾਂ ਜੋ ਤੈਨੂੰ ਕਿਸੇ ਨੂੰ ਦੋਸ਼ ਨਾ ਦੇਣਾ ਪਵੇ ਅਰਥਾਤ ਪ੍ਰਭੂ ਦੀ ਯਾਦ ਤੋਂ ਖੁੰਝ ਨਾ ਅਤੇ ਨਾ ਹੀ ਤੈਨੂੰ ਪਛਤਾਉਣਾ ਪਵੇ। ਜੇਕਰ ਉਸਦੀ ਯਾਦ ਤੋਂ ਅਵੇਸਲਾ ਹੋ ਗਿਆ ਤਾਂ ਤੇਰਾ ਤਨ-ਮਨ ਰੋਗੀ ਹੋ ਜਾਵੇਗਾ। ਪ੍ਰਭੂ ਪ੍ਰੀਤਮ ਤੋਂ ਬੇਮੁਖ ਹੋਇਆਂ ਤੇਰੇ ਜਨਮਾਂ ਦੇ ਵਿਛੋੜੇ ਪੈ ਜਾਣਗੇ। ਮਾਇਆ ਦੇ ਬਣਾਏ ਸੁਖ ਇਕ ਛਿਣ ਵਿਚ ਕੌੜੇ ਹੋ ਜਾਣਗੇ। ਇਸ ਦੁਖਦਾਈ ਹਾਲਤ ਵਿਚ ਜਦੋਂ ਤੂੰ ਕੀਰਨੇ ਪਾਵੇਗਾ ਤਾਂ ਕੋਈ ਵਿਚੋਲਾ ਵੀ ਕੁਝ ਨਹੀਂ ਕਰ ਸਕੇਗਾ। ਕੋਈ ਕਰਮ- ਕਾਂਡ ਵੀ ਤੇਰਾ ਸਹਾਇਕ ਨਹੀਂ ਹੋਵੇਗਾ। ਮੁੜ ਮਿਲਾਪ ਤਾਂ ਧੁਰ ਤੋਂ ਲਿਖੇ ਸੰਜੋਗਾਂ ਸਦਕਾ ਹੀ ਸੰਭਵ ਹੋਵੇਗਾ। ਜੇਕਰ ਸਚਾ ਗੁਰੂ ਪ੍ਰਾਪਤ ਹੋਵੇਗਾ ਤਾਂ ਸਾਰੇ ਵਿਛੋੜੇ ਮਿਟ ਜਾਣਗੇ। ਪ੍ਰਭੂ ਆਪ ਹੀ ਆਪਣੀ ਸ਼ਰਨ ਵਿਚ ਲੈ ਕੇ ਦੁਖਾਂ ਤੋਂ ਬਚਾ ਲਵੇ ਤਾਂ ਜੀਵ ਦਾ ਭਲਾ ਹੈ। ਪ੍ਰਭੂ ਨਾਲ ਅਭੇਦ ਹੋਏ ਪੁਰਖਾਂ ਦੀ ਸੰਗਤ ਕਰਨ ਨਾਲ ਨਾ ਤਾਂ ਕਿਸੇ ਕਰਮਕਾਂਡ ਦੀ ਲੋੜ ਪੈਂਦੀ ਹੈ ਅਤੇ ਨਾ ਹੀ ਕੋਈ ਰੋਗ ਲਗਦਾ ਹੈ ਅਤੇ ਨਾ ਹੀ ਪ੍ਰਭੂ ਤੋਂ ਬੇਮੁੱਖ ਹੋਇਆ ਜਾਂਦਾ ਹੈ। ਮਾਇਆ ਵਿਚ ਰਹਿ ਕੇ ਵੀ ਕਮਲ ਦੀ ਨਿਆਈਂ ਜੀਵਨ ਗੁਜਰ ਜਾਂਦਾ ਹੈ। ਮਾਇਆ ਦਾਸੀ ਹੋ ਕੇ ਵਿਚਰਦੀ ਹੈ। ਫਿਰ ਕਿਸੇ ਅਗੇ ਕੀਰਨੇ ਕਢਣ ਦੀ ਲੋੜ ਨਹੀਂ ਰਹਿੰਦੀ। ਫਿਰ ਤਾਂ ਧੁਰ ਤੋਂ ਹੀ ਬਖਸ਼ਿਸ਼ਾਂ ਪ੍ਰਾਪਤ ਹੁੰਦੀਆਂ :

ਕਤਿਕ ਹੋਵੈ ਸਾਧ ਸੰਗੁ ਬਿਨਸਹਿ ਸਭੇ ਸੋਚ॥੯॥(ਉਹੀ ਪੰਨਾ ੧੩੫)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸਮ ਗ੍ਰੰਥ ਸਾਹਿਬ ਵਿਚ ਫੁਰਮਾਨ ਕਰਦੇ ਹਨ ਕਿ ਕਤਕ ਮਹੀਨੇ ਵਿਚ ਆਕਾਸ਼ ਵੀ ਸਾਫ਼ ਹੋ ਜਾਂਦਾ ਹੈ ਅਤੇ ਲੋਕ ਘਰਾਂ ਦੀ ਸਾਫ਼-ਸਫ਼ਾਈ ਵੀ ਕਰਦੇ ਹਨ। ਮੌਜ ਮਸਤੀ ਕਰਦੇ ਹਨ ਅਤੇ ਜੂਆ ਖੇਡਦੇ ਹਨ।ਪਰ ਪ੍ਰਭੂ ਪਿਆਰ ਉਨ੍ਹਾਂ ਦੇ ਹਿਰਦੇ ਵਿਚ ਪ੍ਰਗਟ ਨਹੀਂ ਹੁੰਦਾ। ਉਨ੍ਹਾਂ ਦਾ ਚਿਤ ਕਿਸੇ ਹੋਰ ਅਰਥਾਤ ਮਾਇਆ ਵਿਚ ਖਚਿਤ ਰਹਿੰਦਾ ਹੈ। ਮਾਇਆ ਵਿਚ ਖਚਿਤ ਮਨੁੱਖ ਹੀ ਸ੍ਰੇਸ਼ਟ ਕਰਮ ਨਾਮ ਨੂੰ ਛੱਡ ਕੇ ਕਰਮ-ਕਾਂਡਾਂ ਅਤੇ ਅਡੰਬਰਾਂ ਵਿਚ ਲੱਗਾ ਰਹਿੰਦਾ ਹੈ ਤੇ ਜੀਵਨ ਰੂਪੀ ਕਤਕ ਦੇ ਮਹੀਨੇ ਨੂੰ ਅਜਾਈਂ ਗੁਆ ਦਿੰਦਾ ਹੈ। ਗੁਰੂ ਸਾਹਿਬ ਸਾਨੂੰ ਦਸਦੇ ਹਨ ਕਿ ਕਲਯੁਗ ਵਿਚ ਕਰਮਕਾਂਡ ਦੀ ਕੋਈ ਥਾਂ ਨਹੀਂ ਕੇਵਲ ਤੇ ਕੇਵਲ ਨਾਮ ਬੀਜਣ ਦੀ ਰੁਤ ਹੈ। ਨਾਮ ਹੀ ਫਲੀਭੂਤ ਹੋਣਾ ਹੈ।ਕਰਮਕਾਂਡ ਸਭ ਸਵਾਹ ਹੋ ਜਾਣੇ ਹਨ : ਅਬ ਕਲੂ ਆਇਓ ਰੇ॥ਇਕੁ ਨਾਮੁ ਬੋਵਹੁ ਬੋਵਹੁ॥ ਅਨ ਰੂਤਿ ਨਾਹੀ ਨਾਹੀ॥ਮਤੁ ਭਰਮਿ ਭੂਲਹੁ ਭੂਲਹੁ॥(ਉਹੀ ,ਪੰਨਾ ੧੧੮੫)

# ਛੇਤੀ ਹੀ ਅਬਾਦੀ ਦੀ ਸਮੱਸਿਆ ਚੀਨ ਤੋਂ ਵੱਡੀ ਬਣੇਗੀ ਭਾਰਤ ਲਈ



ਨਿਰਸੰਦੇਹ ਭਾਰਤ 'ਚ ਦੁਨੀਆ ਦੇਂ ਮੁਕਾਬਲਤਨ ਨੌਜਵਾਨ ਵਰਗ ਦੀ ਅਬਾਦੀ ਸਭ ਤੋਂ ਵੱਧ ਹੈ। ਇਹ ਸਾਡੀ ਖ਼ੁਸ਼ਕਿਸਮਤੀ ਹੈ ਪਰ ਬਦਕਿਸਮਤੀ ਇਹ ਹੈ ਕਿ ਦੇਸ਼ ਦੇ ਨੌਜਵਾਨਾਂ ਦਾ ਵੱਡਾ ਵਰਗ ਬੇਰੁਜ਼ਗਾਰ ਹੈ ਤੇ ਸਾਰਿਆਂ ਨੂੰ ਕੰਮ ਦੇਣਾ ਬਹੁਤ ਮੁਸ਼ਕਿਲ ਹੈ। ਇਹ ਵੀ ਇਕ ਬੇਹੱਦ ਚੁਣੌਤੀਪੂਰਨ ਸਥਿਤੀ ਹੈ। ਇਸ ਲਈ ਇਹ ਬਹੁਤ ਚਿੰਤਾ ਦੀ ਗੱਲ ਹੈ। ਸੰਯੁਕਤ ਰਾਸ਼ਟਰ ਵੱਲੋਂ ਜਾਰੀ ਹਾਲੀਆ ਰਿਪੋਰਟ ਅਨੁਸਾਰ ਭਾਰਤ ਸਾਲ 2027 ਦੀ ਬਜਾਏ 2023 'ਚ ਹੀ ਅਬਾਦੀ ਦੇ ਲਿਹਾਜ਼ ਨਾਲ ਨੰਬਰ ਇਕ ਬਣ ਜਾਵੇਗਾ।

ਵਿਸ਼ੇਸ਼ ਮੁਦਾ

ਵਰਿੰਦਰ ਸ਼ਰਮਾ

ਇਕ ਸਮੱਸਿਆ ਨਾਲ ਨਜਿੱਠਣ ਲਈ ਦੇਸ਼ ਅਜੇ ਯਤਨਸ਼ੀਲ ਹੁੰਦਾ ਹੈ ਤਾਂ ਦੂਜੀ ਗੰਭੀਰ ਸਮੱਸਿਆ ਦੇਸ਼ ਨੂੰ ਘੇਰ ਲੈਂਦੀ ਹੈ। ਦਰਅਸਲ ਵਧਦੀ ਅਬਾਦੀ ਹੀ ਕਿਸੇ ਵੀ ਦੇਸ਼ ਨੂੰ ਦਰਪੇਸ਼ ਸਮੱਸਿਆਵਾਂ ਦੀ ਮੂਲ ਜੜ੍ਹ ਹੁੰਦੀ ਹੈ। ਭਾਰਤ ਵੀ ਇਸ ਤੋਂ ਬਾਹਰ ਨਹੀਂ ਹੈ। ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਕ ਅਗਲੇ ਸਾਲ 2023 ਵਿਚ ਭਾਰਤ ਚੀਨ ਨੂੰ ਪਛਾੜ ਕੇ ਅਬਾਦੀ 'ਚ ਪਹਿਲੇ ਸਥਾਨ 'ਤੇ ਆ ਜਾਵੇਗਾ ਭਾਵ ਮਿੱਥੇ ਸਮੇਂ ਤੋਂ ਦੋ-ਚਾਰ ਸਾਲ ਪਹਿਲਾਂ ਹੀ ਸਮੂਹ ਦੁਨੀਆ ਵਿਚ ਸਭ ਤੋਂ ਅੱਗੇ ਨਿਕਲ ਜਾਵੇਗਾ। ਹੁਣ ਫ਼ੈਸਲਾ ਤੁਹਾਡੇ ਹੀ ਹੱਥ 'ਚ ਹੈ ਕਿ ਅਬਾਦੀ ਵਿਸਫੋਟ ਦਾ ਹੋਣਾ ਖ਼ੁਸ਼ਖ਼ਬਰੀ ਹੈ ਜਾਂ ਚਿੰਤਾ ਦੀ ਗੱਲ। ਸਾਨੂੰ ਹੁਣ ਤੋਂ ਹੀ ਆਬਾਦੀ 'ਤੇ ਕੰਟਰੋਲ ਕਰਨ ਲਈ ਯਤਨਸ਼ੀਲ ਹੋਣਾ ਬੇਹੱਦ ਜ਼ਰੂਰੀ ਹੈ।

ਨਿਰਸੰਦੇਹ ਭਾਰਤ 'ਚ ਦੁਨੀਆ ਦੇ ਮੁਕਾਬਲਤਨ ਨੌਜਵਾਨ ਵਰਗ ਦੀ ਅਬਾਦੀ ਸਭ ਤੋਂ ਵੱਧ ਹੈ। ਇਹ ਸਾਡੀ ਖ਼ੁਸ਼ਕਿਸਮਤੀ ਹੈ ਪਰ ਬਦਕਿਸਮਤੀ ਇਹ ਹੈ ਕਿ ਦੇਸ਼ ਦੇ ਨੌਜਵਾਨਾਂ ਦਾ ਵੱਡਾ ਵਰਗ ਬੇਰੁਜ਼ਗਾਰ ਹੈ ਤੇ ਸਾਰਿਆਂ ਨੂੰ ਕੰਮ ਦੇਣਾ ਬਹੁਤ ਮੁਸ਼ਕਿਲ ਹੈ। ਇਹ ਵੀ ਇਕ ਬੇਹੱਦ ਚੁਣੌਤੀਪੂਰਨ ਸਥਿਤੀ ਹੈ। ਇਸ ਲਈ ਇਹ ਬਹੁਤ ਚਿੰਤਾ ਦੀ ਗੱਲ ਹੈ। ਸੰਯੁਕਤ ਰਾਸ਼ਟਰ ਵੱਲੋਂ ਜਾਰੀ ਹਾਲੀਆ ਰਿਪੋਰਟ ਅਨੁਸਾਰ ਭਾਰਤ ਸਾਲ 2027 ਦੀ ਬਜਾਏ 2023 'ਚ ਹੀ ਅਬਾਦੀ ਦੇ ਲਿਹਾਜ਼ ਨਾਲ ਨੰਬਰ ਇਕ ਬਣ ਜਾਵੇਗਾ। ਚਾਰ ਸਾਲ ਪਹਿਲਾਂ ਅਬਾਦੀ ਵਿਸਫੋਟ ਦੇ ਕਈ ਮੁੱਖ ਕਾਰਨ ਹਨ। ਸਭ ਤੋਂ ਪਹਿਲਾ ਤੇ ਮੁੱਖ ਕਾਰਨ ਹੈ ਕਿ ਸਾਡਾ ਦੇਸ਼ ਆਬਾਦੀ ਕੰਟਰੋਲ 'ਚ ਪਰਿਵਾਰ ਨਿਯੋਜਨ ਪ੍ਰਤੀ ਉਦਾਰਵਾਦੀ ਹੈ। ਇੱਥੇ ਕਿਸੇ 'ਤੇ ਵੀ ਪਰਿਵਾਰ ਨਿਯੋਜਨ ਦੀ ਸਖ਼ਤੀ ਲਾਗੂ ਨਹੀਂ ਹੈ। ਅਬਾਦੀ ਵਧਣ ਨਾਲ ਹਰੇਕ ਨੂੰ ਕੰਮ ਤੇ ਰੋਟੀ ਦੇਣੀ ਬਹੁਤ ਮੁਸ਼ਕਿਲ ਹੈ।

ਕੁਝ ਕੁ ਸਿਆਸੀ ਪਾਰਟੀਆਂ ਅਬਾਦੀ 'ਤੇ ਕੰਟਰੋਲ ਦੇ ਪੱਖ 'ਚ ਹਨ ਤੇ ਬਹੁਤ ਸਾਰੇ ਅਬਾਦੀ ਕੰਟਰੋਲ ਕਰਨ ਦਾ ਵਿਰੋਧ ਕਰ ਰਹੇ ਹਨ। ਦੇਖੋ, ਪੱਲੜਾ ਕਿਸ ਦਾ ਭਾਰੂ ਹੁੰਦਾ ਹੈ। ਭਾਰਤ ਕੋਲ ਸੰਸਾਰ ਦਾ ਸਿਰਫ਼ ਢਾਈ ਫ਼ੀਸਦ ਤੋਂ ਘੱਟ ਭੂ-ਭਾਗ ਹੈ। ਇੱਥੇ 18 ਫ਼ੀਸਦ ਦੇ ਕਰੀਬ ਅਬਾਦੀ ਦਾ ਬੋਝ ਹੋਵੇਗਾ। ਇਹ ਬੇਹੱਦ ਗੰਭੀਰ ਸੰਕਟਮਈ ਸਮਾਂ ਆ ਰਿਹਾ ਹੈ ਕਿਉਂਕਿ ਇਹ ਸਮੁੱਚੀ ਦੁਨੀਆ ਦੇ ਲਈ ਵੀ ਚੁਣੌਤੀ ਹੈ ਕਿ ਇਸ ਸਾਲ ਦੇ ਅਖੀਰ ਵਿਚ ਸਮੂਹ ਦੁਨੀਆ ਦੀ ਜਨਸੰਖਿਆ 8 ਅਰਬ ਪਾਰ ਕਰ ਜਾਵੇਗੀ। ਚਿੰਤਾਜਨਕ ਗੱਲ ਤਾਂ ਇਹ ਹੈ ਕਿ ਭਵਿੱਖ 'ਚ ਅਬਾਦੀ ਵਿਸਫੋਟ ਬੇਹੱਦ ਖ਼ਤਰਨਾਕ ਸਾਬਤ ਹੋ ਜਾਵੇਗਾ। ਪਿਛਲੇ ਇਕ ਦਹਾਕੇ 'ਚ ਅਬਾਦੀ ਇਕ ਅਰਬ ਵੱਧ ਚੁੱਕੀ ਹੈ ਤੇ ਆਉਣ ਵਾਲੇ ਦੋ ਦਹਾਕਿਆਂ ਵਿਚ ਸਮੁੱਚੀ ਦੁਨੀਆਂ ਦੀ ਅਬਾਦੀ ਦੋ ਅਰਬ ਵੱਧ ਜਾਵੇਗੀ।



ਇਹ ਗੱਲ ਜ਼ਿਕਰਯੋਗ ਹੈ ਕਿ ਗ਼ਰੀਬ ਤੇ ਵਿਕਾਸਸ਼ੀਲ ਦੇਸ਼ਾਂ ਵਿਚ ਹੀ ਜਨਸੰਖਿਆ ਜ਼ਿਆਦਾ ਹੈ। ਦੁਨੀਆਂ ਦੇ ਵਿਕਸਿਤ ਦੇਸ਼ ਜਨਸੰਖਿਆ ਕੰਟਰੋਲ ਦਾ ਟੀਚਾ ਪ੍ਰਾਪਤ ਕਰ ਚੁੱਕੇ ਹਨ ਪਰ ਏਸ਼ੀਆਈ ਮੁਲਕਾਂ ਵਿਚ ਪੂਰੀ ਦੁਨੀਆ ਦੀ ਸੱਠ ਫ਼ੀਸਦ ਦੇ ਲਗਭਗ ਜਨਸੰਖਿਆ ਰਹਿੰਦੀ ਹੈ। ਇਸ ਤਰ੍ਹਾਂ ਸਿਰਫ਼ ਭਾਰਤ 'ਚ ਦੁਨੀਆ ਦੀ ਸਭ ਤੋਂ ਵੱਧ ਅਬਾਦੀ ਦਾ ਹੋਣਾ ਭਵਿੱਖ ਲਈ ਖ਼ਤਰੇ ਦੀ ਘੰਟੀ ਹੈ। ਇਸ ਨਾਲ ਆਉਣ ਵਾਲੇ ਕੱਲ੍ਹ ਦੀਆਂ ਗੰਭੀਰ ਸਮੱਸਿਆਵਾਂ ਵੱਲ ਸਾਡਾ ਫਿ ਧ ਅ ਾ ਨ ਦਿਵਾਇਆ ਜਾ ਰਿਹਾ ਹੈ। ਇਨ੍ਹਾਂ ਹਾਲਤਾਂ ਨੂੰ ਵੇਖ ਕੇ ਇਹ ਭਵਿੱਖਬਾਣੀ ਕੀਤੀ ਜਾ ਰਹੀ ਹੈ ਕਿ ਆਉਣ ਵਾਲੇ ਕੁਝ ਕੁ ਸਾਲਾਂ ਵਿਚ ਅਨਾਜ ਦੀ ਬਹੁਤ ਭਾਰੀ ਕਿੱਲਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ।



ਖੇਤੀਬਾੜੀ ਦਾ ਰਕਬਾ ਦਿਨ-ਬਦਿਨ ਘਟਦਾ ਜਾ ਰਿਹਾ ਹੈ ਤੇ ਇਸ ਦੀ ਜਗ੍ਹਾ ਬਹੁਮੰਜ਼ਿਲਾ ਇਮਾਰਤਾਂ, ਸੜਕਾਂ ਦਾ ਵਿਸ਼ਾਲ ਜਾਲ ਵਿਛ ਰਿਹਾ ਹੈ। ਇਹ ਸਭ ਵਧਦੀ ਅਬਾਦੀ ਕਾਰਨ ਹੀ ਹੈ। ਇੱਥੇ ਇਹ ਗੱਲ ਕਹਿਣੀ ਵੀ ਅਣਉੱਚਿਤ ਨਹੀਂ ਹੈ ਕਿ ਬੇਤਹਾਸ਼ਾ ਵਧ ਰਹੀ ਅਬਾਦੀ ਨੂੰ ਕੰਟਰੋਲ 'ਚ ਲਿਆਉਣ ਲਈ ਕੁਦਰਤ ਹੀ ਆਪਣਾ ਖੇਡ ਵਿਖਾਉਂਦੀ ਹੈ। ਸਮੇਂ ਦੀ ਮੰਗ ਦੇ ਮੱਦੇਨਜ਼ਰ ਸਾਨੂੰ ਜਨਸੰਖਿਆ ਦੇ ਵਾਧੇ ਨੂੰ ਰੋਕਣ ਲਈ ਪਰਿਵਾਰ ਨਿਯੋਜਨ ਦੇ ਵੱਖ-ਵੱਖ ਤਰੀਕੇ ਅਪਣਾਉਣ 'ਤੇ ਵੱਧ ਤੋਂ ਵੱਧ ਜ਼ੋਰ ਲਾਉਣਾ ਚਾਹੀਦਾ ਹੈ।

ਅਬਾਦੀ ਕੰਟਰੋਲ ਵਿਚ ਲਿਆਉਣ ਲਈ ਸਖ਼ਤੀ ਕੋਈ ਬਹੁਤੀ ਜ਼ਰੂਰੀ ਨਹੀਂ। ਹਾਂ, ਆਪਸੀ ਸਹਿਯੋਗ, ਸੂਝ-ਬੂਝ ਨਾਲ ਇਸ ਭਾਰੀ- ਭਰਕਮ ਸਮੱਸਿਆ ਨਾਲ ਨਜਿੱਠਣ ਦੀ ਲੋੜ ਹੈ ਕਿਉਂਕਿ ਭਾਰਤ ਇਕ ਜਮਹੂਰੀ ਦੇਸ਼ ਹੈ। ਚੀਨ ਨੇ ਇਸ ਗੰਭੀਰ ਸੰਕਟ ਨੂੰ ਚੁਣੌਤੀ ਵਜੋਂ ਲਿਆ। ਇਸੇ ਲਈ 1979 'ਚ ਚੀਨ ਨੇ ਜਨਸੰਖਿਆ 'ਤੇ ਕੰਟਰੋਲ ਕਰਨ ਲਈ ਸੰਤਾਨ ਨੀਤੀ ਨੂੰ ਸਖ਼ਤੀ ਨਾਲ ਲਾਗੂ ਕੀਤਾ। ਸਿਰਫ਼ ਇਕ ਬੱਚੇ ਤੋਂ ਵੱਧ ਹੋਰ ਸੰਤਾਨ ਪੈਦਾ ਕਰਨ 'ਤੇ ਰੋਕ ਲਾਈ। ਕੁਝ ਕੁ ਸਾਲ ਪਹਿਲਾਂ ਇਸ ਕਾਨੂੰਨ 'ਚ ਤਬਦੀਲੀ ਲਿਆਉਣ ਦੀ ਕਵਾਇਦ ਸ਼ੁਰੂ ਕਰਨੀ ਪਈ ਕਿਉਂਕਿ ਚੀਨ 'ਚ ਸਮੇਂ ਨਾਲ ਉਤਪਾਦਨ ਕੇਂਦਰ ਬਣਨ ਤੇ ਰੁਜ਼ਗਾਰ ਦੇ ਮੌਕਿਆਂ ਵਿਚ ਬੇਤਹਾਸ਼ਾ ਵਾਧਾ ਹੋਇਆ। ਇਸ ਤਰ੍ਹਾਂ ਨਾਲ ਚੀਨ ਨੇ ਜਨਸੰਖਿਆ ਕੰਟਰੋਲ ਦੇ ਆਪਣੇ ਟੀਚੇ ਨੂੰ ਹਾਸਲ ਕਰ ਲਿਆ। ਉੱਥੋਂ ਦੇ ਲੋਕਾਂ ਦੇ ਸੱਭਿਆਚਾਰ ਅਤੇ ਸੋਚ 'ਚ ਬਹੁਤ ਅੰਤਰ ਆ ਚੁੱਕਿਆ ਹੈ। ਭਾਰਤ ਦੇ ਮੁਕਾਬਲਤਨ ਚੀਨ ਦਾ ਖੇਤਰਫਲ, ਵਸੀਲੇ ਅਤੇ ਰੁਜ਼ਗਾਰ ਕਾਫ਼ੀ ਹਨ। ਉੱਥੋਂ ਦਾ ਸਖ਼ਤ ਅਨੁਸ਼ਾਸਨ ਵੀ ਦੇਸ਼ ਦੀ ਇਕ ਵੱਖਰੀ ਤਾਕਤ ਹੈ। ਬੇਸ਼ੱਕ ਭਾਰਤ ਵਿਚ ਇਹ ਕੁਝ ਸੰਭਵ ਤਾਂ ਨਹੀਂ ਪਰ ਦੇਸ਼ ਦੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਅਤੇ ਧਾਰਮਿਕ ਜਥੇਬੰਦੀਆਂ ਦੀ ਆਪਸੀ ਰਜ਼ਾਮੰਦੀ ਨਾਲ ਇਸ ਸਮੱਸਿਆ 'ਤੇ ਕਾਬੂ ਪਾਇਆ ਜਾ ਸਕਦਾ ਹੈ। ਸਿਹਤ ਸਹੂਲਤਾਂ ਮੁਹੱਈਆ ਕਰਵਾਉਣ, ਸਿੱਖਿਆ ਨੀਤੀ 'ਚ ਤਬਦੀਲੀ ਅਤੇ ਰੁਜ਼ਗਾਰ ਵਿਚ ਵਾਧਾ, ਸ਼ਹਿਰੀਕਰਨ ਦੇ ਨਾਲ-ਨਾਲ ਪੇਂਡੂ ਵਿਕਾਸ, ਸਨਅਤੀ ਵਿਕਾਸ ਆਦਿ ਨਾਲ ਅਸੀਂ ਅਬਾਦੀ ਦੇ ਸੰਕਟ ਨੂੰ ਨਜਿੱਠਣ 'ਵਿਚ ਕਾਮਯਾਬ ਹੋ ਸਕਦੇ ਹਾਂ।

ਆਖ਼ਰ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਸਾਡੇ ਜੀਵਨ ਦੀਆਂ ਬੁਨਿਆਦੀ ਸਹੂਲਤਾਂ ਕੁੱਲੀ, ਗੁੱਲੀ, ਜੁੱਲੀ, ਸਿਹਤ ਤੇ ਸਿੱਖਿਆ ਨੂੰ ਪਹਿਲ ਦਿੱਤੀ ਜਾਵੇ। ਜਨਸੰਖਿਆ ਕੰਟਰੋਲ ਨੂੰ ਉਤਸ਼ਾਹਿਤ ਕਰਨ ਲਈ ਹਰੇਕ ਨਾਗਰਿਕ ਨੂੰ ਇਸ ਦੇ ਨਫ਼ੇ-ਨੁਕਸਾਨ ਬਾਰੇ ਮੁੱਢਲੀ ਜਾਣਕਾਰੀ ਦਿੱਤੀ ਜਾਵੇ। ਅੰਤ ਵਿਚ ਇਹ ਕਹਿਣਾ ਵੀ ਗ਼ਲਤ ਨਹੀਂ ਹੋਵੇਗਾ ਕਿ ਸਿਆਸੀ ਪਾਰਟੀਆਂ ਸੱਤਾ ਵਿਚ ਆਉਣ ਲਈ ਲੋਕਾਂ ਨੂੰ ਸਬਸਿਡੀ ਦਾ ਲਾਲਚ ਨਾ ਦੇਣ ਸਗੋਂ ਹੋਰ ਬਹੁਤ ਤਰੀਕੇ ਹਨ, ਜਿਨ੍ਹਾਂ ਨਾਲ ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਦੀ ਲੋੜ ਪੈਣ 'ਤੇ ਸਹਾਇਤਾ ਕੀਤੀ ਜਾ ਸਕਦੀ ਹੈ। ਸਾਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਵਾਧੂ ਅਬਾਦੀ ਕਿਸੇ ਵੀ ਦੇਸ਼ ਲਈ ਬਰਬਾਦੀ ਦਾ ਬਹੁਤ ਵੱਡਾ ਕਾਰਨ ਬਣ ਸਕਦੀ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਵਧਦੀ ਅਬਾਦੀ ਨੂੰ ਵਸਾਉਣ ਲਈ ਜ਼ਮੀਨ ਕਿੱਥੋਂ ਮਿਲੇਗੀ? ਝੁੱਗੀ-ਝੌਂਪੜੀ ਵਿਚ ਗੁਜ਼ਾਰਾ ਅਸੰਭਵ ਹੈ। ਇਸ ਲਈ ਆਓ ਇਕਜੁੱਟ ਹੋਈਏ ਤੇ ਅਬਾਦੀ ਵਿਚ ਪਹਿਲਾ ਸਥਾਨ ਹਾਸਲ ਕਰਨ ਦੀ ਬਜਾਏ ਦੇਸ਼ ਨੂੰ ਵਿਕਸਿਤ ਕਰਨ ਲਈ ਹੋਰ ਖੇਤਰਾਂ 'ਚ ਅੱਵਲ ਲਿਆਉਣ ਦੀ ਕੋਸ਼ਿਸ਼ ਕਰੀਏ। ਇਸ 'ਚ ਹੀ ਸਾਡੇ ਦੇਸ਼ ਦਾ ਭਲਾ ਹੈ।

# ਇੰਗਲੈਂਡ ਦੀ ਨਿਘਰੀ ਅਰਥ ਵਿਵਸਥਾ ਬਨਾਮ ਆਸ ਦੀ ਕਿਰਨ ਨਵੇਂ ਪ੍ਰਧਾਨ ਮੰਤਰੀ ਰਿਸ਼ੀ ਸੂਨਕ

**ਰਜਿੰਦਰ ਸਿੰਘ ਪੁਰੇਵਾਲ**

ਨਸਲਵਾਦ ਵਿਰੋਧੀ ਦ੍ਰਿਸ਼ਟੀਕੋਣ ਤੋਂ ਸੂਨਕ ਦਾ ਪ੍ਰਧਾਨ ਮੰਤਰੀ ਬਣਨਾ ਅਹਿਮ ਹੈ। ਉਹ ਪਹਿਲਾ ਪ੍ਰਧਾਨ ਮੰਤਰੀ ਹੈ ਜੋ ਗੋਰੀ ਨਸਲ ਵਿਚੋਂ ਨਹੀਂ। ਉਹ ਬਰਤਾਨੀਆ ਦੇ ਭਾਰਤੀ ਮੂਲ ਦੇ ਪਹਿਲੇ ਪ੍ਰਧਾਨ ਮੰਤਰੀ ਹਨ। ਅਹੁਦਾ ਸੰਭਾਲਣ ਤੋਂ ਪਹਿਲਾਂ ਸੂਨਕ ਨੇ ਬਰਤਾਨੀਆ ਦੇ ਸਮਰਾਟ ਚਾਰਲਸ 3 ਨਾਲ ਰਸਮੀ ਮੁਲਾਕਾਤ ਵੀ ਕੀਤੀ। ਉਧਰ ਅਹੁਦਾ ਛੱਡ ਰਹੀ ਪ੍ਰਧਾਨ ਮੰਤਰੀ ਲਿਜ਼ ਟਰੱਸ ਨੇ ਬਕਿੰਘਮ ਪੈਲੇਸ ਜਾ ਕੇ ਆਪਣਾ ਅਸਤੀਫ਼ਾ ਸਮਰਾਟ ਨੂੰ ਸੌਂਪਣ ਤੋਂ ਪਹਿਲਾਂ ਡਾਊਨਿੰਗ ਸਟਰੀਟ ਵਿੱਚ ਆਪਣੀ ਆਖਰੀ ਕੈਬਨਿਟ ਮੀਟਿੰਗ ਦੀ ਪ੍ਰਧਾਨਗੀ ਕੀਤੀ। ਟਰੱਸ ਤੇ ਸਾਬਕਾ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਟਵੀਟ ਕਰਕੇ ਸੂਨਕ ਨੂੰ ਇਸ ਨਵੀਂ ਜ਼ਿੰਮੇਵਾਰੀ ਲਈ ਵਧਾਈ ਦਿੱਤੀ। ਅਹੁਦਾ ਸੰਭਾਲਣ ਤੋਂ ਫੌਰੀ ਮਗਰੋਂ ਸੂਨਕ ਨੇ ਆਪਣੀ ਕੈਬਨਿਟ ਨੂੰ ਅੰਤਿਮ ਰੂਪ ਦੇਣ ਲਈ ਮੀਟਿੰਗਾਂ ਵੀ ਕੀਤੀਆਂ।ਸੂਨਕ, ਜੋ ਹਿੰਦੂ ਧਰਮ ਨਾਲ ਸਬੰਧ ਰੱਖਦੇ ਹਨ, ਪਿਛਲੇ 210 ਸਾਲਾਂ ਵਿੱਚ ਬਰਤਾਨੀਆ ਦੇ ਸਭ ਤੋਂ ਛੋਟੀ ਉਮਰ ਦੇ ਪ੍ਰਧਾਨ ਮੰਤਰੀ ਹਨ। ਸੂਨਕ ਨੇ ਬਰਤਾਨੀਆ ਦੇ ਨਵੇਂ ਪ੍ਰਧਾਨ ਮੰਤਰੀ ਵਜੋਂ ਮਨੋਨੀਤ ਕੀਤੇ ਜਾਣ ਮਗਰੋਂ ਆਪਣੇ ਪਲੇਠੇ ਸੰਬੋਧਨ ਵਿੱਚ ਕਿਹਾ ਸੀ, 'ਯੂ.ਕੇ. ਨੂੰ ਵੱਡੀ ਆਰਥਿਕ ਚੁਣੌਤੀ ਦਰਪੇਸ਼ ਹੈ। ਸਾਨੂੰ ਹੁਣ ਸਥਿਰਤਾ ਤੇ ਇਕਜੁੱਟਤਾ ਦੀ ਲੋੜ ਹੈ ਅਤੇ ਮੈਂ ਆਪਣੀ ਪਾਰਟੀ ਤੇ ਆਪਣੇ ਮੁਲਕ ਨੂੰ ਇਕਜੁੱਟ ਕਰਨ ਨੂੰ ਆਪਣੀ ਸਿਖਰਲੀ ਤਰਜੀਹ ਬਣਾਵਾਂਗਾ। ਇਸ ਨਾਲ ਅਸੀਂ ਸਾਨੂੰ ਦਰਪੇਸ਼ ਚੁਣੌਤੀਆਂ ਦੇ ਟਾਕਰੇ ਦੇ ਨਾਲ ਆਪਣੇ ਬੱਚਿਆਂ ਤੇ ਅੱਗੇ ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਵਧੇਰੇ ਖ਼ੁਸ਼ਹਾਲ ਤੇ ਬਿਹਤਰ ਬਣਾ ਸਕਦੇ ਹਾਂ।'



ਯੂ.ਕੇ. ਨੂੰ ਆਰਥਿਕ ਫਰੰਟ 'ਤੇ ਸਥਿਰ ਰੱਖਣ ਲਈ ਸੂਨਕ ਨੇ ਆਪਣੀ ਨਵੀਂ ਕੈਬਨਿਟ ਵਿੱਚ ਜੈਰੇਮੀ ਹੰਟ ਨੂੰ ਵਿੱਤ ਮੰਤਰੀ ਵਜੋਂ ਬਰਕਰਾਰ ਰੱਖਣ ਦਾ ਫੈਸਲਾ ਕੀਤਾ ਹੈ। ਇਸੇ ਤਰ੍ਹਾਂ ਜੇਮਸ ਕਲੈਵਰਲੀ, ਜੋ ਸੂਨਕ ਦੇ ਵਫ਼ਾਦਾਰਾਂ ਦੀ ਸੂਚੀ ਵਿੱਚ ਸ਼ੁਮਾਰ ਨਹੀ ਹਨ, ਵੀ ਵਿਦੇਸ਼ ਮੰਤਰੀ ਬਣੇ ਰਹਿਣਗੇ। ਡੋਮੀਨਿਕ ਰੌਬ, ਜੋ ਬੋਰਿਸ ਜੌਹਨਸਨ ਸਰਕਾਰ ਵਿੱਚ ਉਪ ਪ੍ਰਧਾਨ ਮੰਤਰੀ ਤੇ ਨਿਆਂ ਮੰਤਰੀ ਸਨ, ਸੂਨਕ ਦੀ ਅਗਵਾਈ ਵਾਲੀ ਕੈਬਨਿਟ 'ਚ ਇਨ੍ਹਾਂ ਦੋਵਾਂ ਅਹੁਦਿਆਂ 'ਤੇ ਵਾਪਸੀ ਕਰ ਸਕਦੇ ਹਨ। ਸਟੀਵ ਬਰਕਲੇ ਨੂੰ ਸਿਹਤ ਮੰਤਰੀ ਬਣਾਇਆ ਗਿਆ। ਉਂਜ ਸੂਨਕ ਵੱਲੋਂ 10 ਡਾਊਨਿੰਗ ਸਟਰੀਟ ਦਾ ਚਾਰਜ ਲੈਣ ਮਗਰੋਂ ਲਿਜ਼ ਟਰੱਸ ਤੇ ਬੋਰਿਸ ਜੌਹਨਸਨ ਧੜਿਆਂ ਨਾਲ ਸਬੰਧਤ ਮੰਤਰੀਆਂ ਨੇ ਅਸਤੀਫ਼ੇ ਦੇ ਦਿੱਤੇ।

ਮਾਹਿਰਾਂ ਦਾ ਮੰਨਣਾ ਹੈ ਕਿ ਬਰਤਾਨਵੀ ਸਰਕਾਰ ਦੀ ਕਮਾਨ ਭਾਰਤੀ ਮੂਲ ਦੇ ਰਿਸ਼ੀ ਸੂਨਕ ਹੱਥ ਆਉਣ ਨਾਲ ਭਾਰਤ-ਯੂਕੇ ਮੁਫ਼ਤ ਵਪਾਰ ਸਮਝੌਤਾ, ਜਿਸ ਨੂੰ ਪਹਿਲਾਂ ਦੀਵਾਲੀ ਤੱਕ ਅਮਲ ਵਿੱਚ ਲਿਆਂਦਾ ਜਾਣਾ ਸੀ, ਨੂੰ ਰਫ਼ਤਾਰ ਮਿਲੇਗੀ। ਮਾਹਿਰਾਂ ਦਾ ਕਹਿਣਾ ਹੈ ਕਿ ਯੂ.ਕੇ. ਵਿੱਚ ਸਿਆਸੀ ਸਥਿਰਤਾ ਨਾਲ ਸਮਝੌਤੇ ਬਾਰੇ ਗੱਲਬਾਤ ਮੁੜ ਰਫ਼ਤਾਰ ਫੜੇਗੀ। ਕਾਬਿਲੇਗੌਰ ਹੈ ਕਿ ਦੋਵਾਂ ਮੁਲਕਾਂ ਨੇ ਮੁਫ਼ਤ ਵਪਾਰ ਸਮਝੌਤੇ (ਐੱਫਟੀਏ) ਬਾਰੇ ਗੱਲਬਾਤ ਇਸੇ ਸਾਲ ਜਨਵਰੀ ਵਿੱਚ ਸ਼ੁਰੂ ਕੀਤੀ ਸੀ ਤੇ ਉਦੋਂ ਇਸ ਕਰਾਰ ਨੂੰ ਸਿਰੇ ਚਾੜ੍ਹਨ ਲਈ ਦੀਵਾਲੀ ਤੱਕ ਦੀ ਮਿਆਦ ਨਿਰਧਾਰਿਤ ਕੀਤੀ ਗਈ ਸੀ। ਹਾਲਾਂਕਿ ਸਹਿਮਤੀ ਦੀ ਘਾਟ ਕਰਕੇ ਦੋਵੇਂ ਧਿਰਾਂ ਸਮਝੌਤੇ ਨੂੰ ਕਿਸੇ ਤਣ-ਪੱਤਣ ਨਹੀਂ ਲਾ ਸਕੀਆਂ। ਜੌਹਨਸਨ ਸਰਕਾਰ ਵਿਚ ਵਿੱਤ ਮੰਤਰੀ ਰਹੇ ਸੂਨਕ ਨੇ ਉਦੋਂ ਐੱਫਟੀਏ ਨੂੰ ਹਮਾਇਤ ਦਿੰਦਿਆਂ ਕਿਹਾ ਸੀ ਕਿ ਉਹ ਇਸ ਕਰਾਰ ਨੂੰ ਦੋਵਾਂ ਮੁਲਕਾਂ ਲਈ ਫਿਨਟੈੱਕ ਤੇ ਇੰਸ਼ੋਰੈਂਸ ਖੇਤਰ ਵਿੱਚ ਵੱਡੇ ਮੌਕਿਆਂ ਵਜੋਂ ਵੇਖਦੇ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਐੱਫਟੀਏ ਸਦਕਾ 2030 ਤੱਕ ਦੋਵਾਂ ਮੁਲਕਾਂ ਵਿੱਚ ਦੁਵੱਲਾ ਵਪਾਰ ਲਗਭਗ ਦੁੱਗਣਾ ਹੋਣ ਦੇ ਅਸਾਰ ਹਨ। ਸਾਲ 2021-22 ਵਿੱਚ ਭਾਰਤ ਤੇ ਯੂ.ਕੇ. ਦਰਮਿਆਨ ਕੁੱਲ 17.5 ਅਰਬ ਡਾਲਰ ਦਾ ਵਪਾਰ ਹੈ।

ਰਿਸ਼ੀ ਸੁਨਕ ਦੇ ਦਾਦਕੇ ਅਣਵੰਡੇ ਪੰਜਾਬ ਦੇ ਗੁਜਰਾਂਵਾਲਾ ਇਲਾਕੇ ਨਾਲ ਸਬੰਧਤ ਸਨ। ਉਹ 1935 ਵਿਚ ਹਿਜਰਤ ਕਰ ਕੇ ਕੀਨੀਆ ਦੀ ਰਾਜਧਾਨੀ ਨੈਰੋਬੀ ਚਲੇ ਗਏ ਸਨ ਤੇ ਬਾਅਦ ਵਿਚ ਇੰਗਲੈਂਡ ਚਲੇ ਗਏ ਸਨ, ਜਿੱਥੇ ਰਿਸ਼ੀ ਸੁਨਕ ਦਾ ਜਨਮ 12 ਮਈ, 1980 ਨੂੰ ਹੋਇਆ ਸੀ। ਸੁਭਾਵਿਕ ਤੌਰ 'ਤੇ ਉਨ੍ਹਾਂ ਦੇ ਇੰਗਲੈਂਡ ਦੇ ਪੀਐੱਮ ਬਣਨ ਦੀ ਖ਼ੁਸ਼ੀ ਪੰਜਾਬ ਸਮੇਤ ਸਮੁੱਚੀ ਦੁਨੀਆ ਵਿਚ ਵੱਸਦੇ ਭਾਰਤੀਆਂ ਨੂੰ ਹੈ। ਉਹ ਇੰਗਲੈਂਡ 'ਚ ਭਾਰਤੀ ਮੂਲ ਦੇ ਪਹਿਲੇ ਪ੍ਰਧਾਨ ਮੰਤਰੀ ਹਨ, ਜੋ ਆਪਣੇ ਆਪ ਵਿਚ ਇਕ ਇਤਿਹਾਸਕ ਘਟਨਾ ਹੈ। ਰਿਸ਼ੀ ਸੁਨਕ ਦੀ ਪਤਨੀ ਅਕਰਸ਼ਤਾ ਮੂਰਤੀ ਤਾਂ ਹਾਲੇ ਵੀ ਭਾਰਤੀ ਨਾਗਰਿਕ ਹਨ। ਉਹ ਦੁਨੀਆ ਦੀ ਪ੍ਰਸਿੱਧ ਕਾਰਪੋਰੇਟ ਕੰਪਨੀ ਇਨਫੋਸਿਸ ਦੇ ਮਾਲਕ ਨਾਰਾਇਣ ਮੂਰਤੀ ਦੀ ਧੀ ਹਨ। ਅਕਰਸ਼ਤਾ ਇਸ ਵੇਲੇ 120 ਕਰੋੜ ਡਾਲਰ ਦੀ ਸੰਪਤੀ ਦੀ ਮਾਲਕਣ ਹਨ। ਉਨ੍ਹਾਂ ਦਾ ਸ਼ੁਮਾਰ ਦੁਨੀਆ ਦੀਆਂ ਸਭ ਤੋਂ ਅਮੀਰ ਔਰਤਾਂ ਵਿਚ ਹੁੰਦਾ ਹੈ ਅਤੇ ਹੁਣ ਉਨ੍ਹਾਂ ਨੂੰ ਯੂ.ਕੇ. ਦੀ 'ਫਸਟ ਲੇਡੀ' ਦਾ ਖ਼ਿਤਾਬ ਵੀ ਮਿਲ ਗਿਆ ਹੈ। ਉੱਧਰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਰਿਸ਼ੀ ਸੁਨਕ ਨੂੰ 'ਇੰਗਲੈਂਡ 'ਚ ਵੱਸਦੇ ਭਾਰਤੀਆਂ ਦਾ ਸਜੀਵ ਪੁਲ' ਆਖ ਚੁੱਕੇ ਹਨ। ਰਿਸ਼ੀ ਸੁਨਕ ਦਾ ਮੂਲ ਗੁਜਰਾਂਵਾਲਾ ਹੋਣ ਕਾਰਨ ਇਸ ਵੇਲੇ ਪਾਕਿਸਤਾਨ 'ਚ ਵੀ ਖ਼ੁਸ਼ੀਆਂ ਵਾਲਾ ਮਾਹੌਲ ਹੈ ਤੇ ਖ਼ਾਸ ਕਰਕੇ ਸਮੁੱਚੇ ਏਸ਼ੀਆ ਨੂੰ ਹੀ ਉਨ੍ਹਾਂ 'ਤੇ ਮਾਣ ਹੈ। ਉੱਧਰ ਖ਼ੁਦ ਸੁਨਕ ਲਈ ਪ੍ਰਧਾਨ ਮੰਤਰੀ ਦਾ ਅਹੁਦਾ 'ਫੁੱਲਾਂ ਦਾ ਤਾਜ' ਨਹੀਂ ਸਗੋਂ 'ਕੰਡਿਆਂ ਦੀ ਸੇਜ' ਤੱਕ ਵੀ ਸਿੱਧ ਹੋ ਸਕਦਾ ਹੈ ਕਿਉਂਕਿ ਯੂ.ਕੇ. ਇਸ ਵੇਲੇ ਵੱਡੇ ਆਰਥਿਕ ਸੰਕਟ ਵਿਚੋਂ ਲੰਘ ਰਿਹਾ ਹੈ। ਪਿਛਲੇ ਦੋ ਮਹੀਨਿਆਂ ਤੋਂ ਵੀ ਘੱਟ ਸਮੇਂ ਅੰਦਰ ਹੀ ਇੰਗਲੈਂਡ ਨੂੰ ਤੀਜਾ ਪ੍ਰਧਾਨ ਮੰਤਰੀ ਨਿਯੁਕਤ ਕਰਨਾ ਪਿਆ ਹੈ। ਇਸ ਕਾਰਨ ਦੇਸ਼-ਵਿਦੇਸ਼ ਦੇ ਨਿਵੇਸ਼ਕ ਹੁਣ ਆਪਣਾ ਸਰਮਾਇਆ ਲਾਉਣ ਤੋਂ ਟਾਲਾ ਵੱਟਣ ਲੱਗ ਪਏ ਹਨ। ਹੋਰ ਭਾਈਵਾਲ ਦੇਸ਼ਾਂ ਵਿਚੋਂ ਵੀ ਇਸ ਮਾਮਲੇ 'ਚ ਕੋਈ ਨਿੱਤਰਨ ਲਈ ਤਿਆਰ ਨਹੀਂ ਹੈ। ਪਿਛਲੇ ਕੁਝ ਸਮੇਂ ਦੌਰਾਨ ਹੀ ਦੇਸ਼ ਦੀ ਸਰਕਾਰ ਨੂੰ ਆਪਣੇ ਖ਼ਰਚਿਆਂ ਵਿਚ 45 ਅਰਬ ਡਾਲਰ ਦੀ ਕਟੌਤੀ ਤੱਕ ਕਰਨੀ ਪਈ ਹੈ। ਕਰਜ਼ੇ 'ਤੇ ਵਿਆਜ ਦੇ ਖ਼ਰਚੇ ਵਧਦੇ ਜਾ ਰਹੇ ਹਨ, ਜਿਸ ਕਾਰਨ ਦੇਸ਼ ਦਾ ਅਰਥਚਾਰਾ ਇਕ ਅਜੀਬ ਕਿਸਮ ਦੀ ਘੁੰਮਣਘੇਰੀ ਵਿਚ ਫਸਿਆ ਹੋਇਆ ਹੈ ਤੇ ਉਸ ਦੀ ਹਾਲਤ ਦਿਨ-ਬ-ਦਿਨ ਨਿੱਘਰਦੀ ਜਾ ਰਹੀ ਹੈ। ਇੰਗਲੈਂਡ ਵਿਚ ਮਹਿੰਗਾਈ ਤੇ ਬੇਰੁਜ਼ਗਾਰੀ ਤੇਜ਼ੀ ਨਾਲ ਵਧ ਰਹੀ ਹੈ। ਸਿਆਸੀ ਅਸਥਿਰਤਾ ਦਾ ਕਾਰਨ ਆਰਥਿਕਤਾ ਵਿਚ ਆ ਰਹੇ ਭੂਚਾਲ ਹੀ ਹਨ। ਦੂਸਰੀ ਆਲਮੀ ਜੰਗ ਦੌਰਾਨ ਦੁਨੀਆ 'ਤੇ ਇੰਗਲੈਂਡ ਦੇ ਗ਼ਲਬੇ ਦਾ ਦੌਰ ਖ਼ਤਮ ਹੋ ਗਿਆ। ਅਮਰੀਕਾ ਨੇ ਰੂਸ-ਯੂਕਰੇਨ ਜੰਗ ਨੂੰ ਬਹੁਤ ਚਲਾਕੀ ਨਾਲ ਰੂਸ ਦੇ ਨਾਲ ਨਾਲ ਯੂਰਪੀ ਦੇਸ਼ਾਂ ਵਿਰੁੱਧ ਵੀ ਵਰਤਿਆ ਹੈ। ਇੰਗਲੈਂਡ ਵੱਡੇ ਸੰਕਟ ਵਿਚ ਹੈ।

(ਬਾਕੀ ਸਫ਼ਾ 30 'ਤੇ)

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

## ਹਾਸਿਆਂ ਦਾ ਬਾਦਸ਼ਾਹ

# ਸਵਰਗਵਾਸੀ ਇੰਜੀਨੀਅਰ ਜਸਪਾਲ ਸਿੰਘ ਭੱਟੀ





'ਹਾਸਿਆਂ ਦੇ ਬਾਦਸ਼ਾਹ' ਜਸਪਾਲ ਭੱਟੀ ਨੂੰ ਹਮੇਸ਼ਾ ਇੱਕ ਅਜਿਹੇ ਸਮਾਜਕ ਵਿਅੰਗਕਾਰ ਵਜੋਂ ਯਾਦ ਕੀਤਾ ਜਾਂਦਾ ਹੈ, ਜਿਨ੍ਹਾਂ ਆਪਣੇ ਟੈਲੀਵਿਜ਼ਨ ਸ਼ੋਅ, ਲੇਖਣੀ ਅਤੇ ਅਦਾਕਾਰੀ ਰਾਹੀਂ ਲੱਖਾਂ ਲੋਕਾਂ ਦੇ ਦੇ ਚਿਹਰਿਆਂ ਉੱਤੇ ਮੁਸਕਾਨ ਲਿਆਏ ਹਨ। 80 ਅਤੇ 90 ਦੇ ਦਹਾਕੇ 'ਵਿਚ ਦੂਰਦਰਸ਼ਨ 'ਤੇ ਦਿਖਾਏ ਗਏ ਸੀਰੀਅਲ 'ਫਲਾਪ ਸ਼ੋਅ' ਅਤੇ ਉਲਟਾ-ਪੁਲਟਾ ਤੋਂ ਭੱਟੀ ਨੇ ਸਭ ਦਾ ਧਿਆਨ ਆਪਣੇ ਵੱਲ ਖਿੱਚਿਆ ਸੀ। 3ਮਾਰਚ 1955 ਨੂੰ ਅੰਮ੍ਰਿਤਸਰ ਵਿਚ ਜੰਮੇ ਜਸਪਾਲ ਨੇ ਪੰਜਾਬ ਇੰਜੀਨੀਅਰਿੰਗ ਕਾਲਜ ਤੋਂ ਇਲੈਕਟ੍ਰੀਕਲ ਇੰਜੀਨੀਅਰਿੰਗ ਦੀ ਡਿਗਰੀ ਲਈ ਸੀ। ਆਪਣੇ ਕਾਲਜ ਦੇ ਦਿਨਾਂ ਵਿਚ ਉਹ ਆਪਣੇ ਨੁੱਕੜ ਨਾਟਕ 'ਨਾਨਸੈਂਸ ਕਲੱਬ' ਤੋਂ ਮਸ਼ਹੂਰ ਹੋ ਗਏ ਸਨ। ਉਨ੍ਹਾਂ ਨੇ ਆਪਣੇ ਜ਼ਿਆਦਾਤਰ ਨਾਟਕਾਂ ਵਿੱਚ ਭ੍ਰਿਸ਼ਟਾਚਾਰ ਅਤੇ ਨੇਤਾਵਾਂ ਦਾ ਬੜੇ ਹੀ ਮਨੋਰੰਜਕ ਢੰਗ ਨਾਲ ਮਜ਼ਾਕ ਉਡਾਇਆ ਸੀ। ਉਨ੍ਹਾਂ ਦੇ ਲੋਕਪ੍ਰਿਯ ਹੋਣ ਦਾ ਮੁੱਖ ਕਾਰਨ ਇਹ ਸੀ ਕਿ ਉਹ ਰੋਜ਼ਮਰਾ ਦੇ ਮੁੱਦਿਆਂ ਨੂੰ ਬੜੇ ਹੀ ਦਿਲਚਸਪ ਅੰਦਾਜ਼ ਪੇਸ਼ ਕੀਤਾ ਸੀ। ਟੀਵੀ 'ਤੇ ਆਉਣ ਤੋਂ ਪਹਿਲਾਂ ਉਹ ਟ੍ਰਿਬਿਊਨ ਲਈ ਕਾਰਟੂਨ ਬਣਾਇਆ ਕਰਦੇ ਸਨ। ਉਨ੍ਹਾਂ ਦੇ ਪ੍ਰਸਿੱਧ ਨਾਟਕ ਫਲੋਪ ਸ਼ੋਅ ਨੂੰ ਉਨ੍ਹਾਂ ਦੀ ਪਤਨੀ ਸਵੀਤਾ ਭੱਟੀ ਨੇ ਡਾਇਰੈਕਟ ਕੀਤਾ ਬਲਕਿ ਉਸ ਵਿੱਚ ਅਦਾਕਾਰੀ ਵੀ ਕੀਤੀ। 1999 ਵਿਚ ਉਨ੍ਹਾਂ ਨੇ ਪੰਜਾਬੀ ਫ਼ਿਲਮ 'ਮਾਹੌਲ ਠੀਕ ਹੈ' ਬਣਾ ਕੇ ਫਿਲਮ ਨਿਰਦੇਸ਼ਨ ਦੇ ਖੇਤਰ ਵਿੱਚ ਕਦਮ ਰੱਖਿਆ।ਕਈ ਹਲਕਿਆਂ ਵਿੱਚ ਇਸ ਫਿਲਮ 'ਤੇ ਪਾਬੰਦੀ ਲਾਉਣ ਦੀ ਮੰਗ ਵੀ ਉੱਠੀ, ਕਿਉਂਕਿ ਇਸ ਵਿੱਚ ਪੁਲਿਸ ਅਧਿਕਾਰੀਆਂ ਦੇ ਸ਼ਰਾਬੀ ਅਤੇ ਭ੍ਰਿਸ਼ਟ ਹੋਣ ਦਾ ਮਜ਼ਾਕ ਉਡਾਇਆ ਗਿਆ ਸੀ। ਬਾਅਦ ਵਿੱਚ ਉਨ੍ਹਾਂ ਨੇ ਕਈ ਬਾਲੀਵੁੱਡ ਫ਼ਿਲਮਾਂ ਵਿੱਚ ਵੀ ਕੰਮ ਕੀਤਾ। ਉਨ੍ਹਾਂ ਫ਼ਿਲਮ 'ਪਾਵਰ ਕੱਟ' 26 ਅਕਤੂਬਰ ਨੂੰ ਰਿਲੀਜ਼ ਹੋਣ ਵਾਲੀ ਸੀ। ਇਸੇ ਫਿਲਮ ਦੇ ਰਿਲੀਜ਼ ਹੋਣ ਤੋਂ ਪਹਿਲਾਂ ਹੀ 25 ਅਕਤੂਬਰ 2012 ਨੂੰ ਜਸਪਾਲ ਭੱਟੀ ਦੀ ਇੱਕ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ।

ਮੋਹਾਲੀ ਵਿਚ ਆਪਣੇ ਪਲਾਟ 'ਤੇ ਇੱਕ ਬੋਰਡ ਲਗਾ ਰੱਖਿਆ ਸੀ, ਜਿਸ 'ਤੇ ਲਿਖਿਆ ਸੀ 'ਜਸਪਾਲ ਭੱਟੀ ਦੀ ਆਧਾਰ ਸ਼ਿਲਾ ਫੈਕਟਰੀ'।ਇਸ ਫੈਕਟਰੀ ਦਾ ਦਾਅਵਾ ਸੀ ਕਿ ਉਹ ਸਾਰੇ ਮੌਕਿਆਂ ਲਈ ਆਧਾਰ ਸ਼ਿਲਾਵਾਂ ਸਪਲਾਈ ਕਰ ਸਕਦੀ ਹੈ। ਉਨ੍ਹਾਂ ਨੂੰ ਆਮ ਮੁੱਦਿਆਂ ਨੂੰ ਹਾਸ ਰਸ ਰਾਹੀਂ ਜਨਤਾ ਵਿੱਚ ਲੈ ਕੇ ਜਾਣ ਦੀ ਮੁਹਾਰਤ ਹਾਸਲ ਸੀ। ਜਸਪਾਲ ਭੱਟੀ ਵਿੱਚ ਆਪਣੇ ਆਪ 'ਤੇ ਚੁਟਕਲੇ ਕਰਕੇ ਹਸਾਉਣ ਦੀ ਕਲਾ ਵੀ ਸੀ। ਆਪਣੀ ਵੈੱਬਸਾਈਟ 'ਤੇ ਉਹ ਆਪਣੇ ਆਪ ਦੀ ਪਛਾਣ ਕੁਝ ਇਸ ਤਰ੍ਹਾਂ ਦਿੰਦੇ ਹਨ, 'ਮੈਂ ਸੰਡੇ ਟ੍ਰਿਬਿਊਨ ਵਿਚ ਰੇਗੂਲਰ ਕਾਲਮ ਲਿਖਦਾ ਹਾਂ, ਜਿਸ ਦੇ ਕਾਰਨ ਹੀ ਉਸ ਦੀ ਵਿਕਰੀ ਘੱਟਦੀ ਜਾ ਰਹੀ ਹੈ।' ਜਿਸ ਤੋਂ ਬਾਅਦ ਉਨ੍ਹਾਂ ਦੀ ਟਿੱਪਣੀ ਹੁੰਦੀ ਸੀ, 'ਇਸ ਤੋਂ ਇਹ ਬਿਲਕੁਲ ਨਾ ਸਮਝਣਾ ਕਿ ਮੈਂ ਬਹੁਤ ਪੜ੍ਹਿਆ ਲਿਖਿਆ ਹਾਂ। ਦਰਅਸਲ ਮੇਰੇ ਅਧਿਆਪਕ ਮੈਨੂੰ ਆਪਣਾ ਸ਼ਾਗਿਰਦ ਕਹਿਣ ਵਿਚ ਸ਼ਰਮ ਮਹਿਸੂਸ ਕਰਦੇ ਹਨ।'

ਉਨ੍ਹਾਂ ਨੇ ਆਪਣੀ ਪਤਨੀ ਨਾਲ ਮਿਲ ਕੇ ਇੱਕ ਅਦਾਕਾਰੀ ਸਿਖਲਾਈ ਸਕੂਲ ਖੋਲ੍ਹਿਆ ਸੀ ਅਤੇ ਇਸ ਦੇ ਕੰਮ ਦੇ ਮੁਤਾਬਕ ਇਸ ਦਾ ਨਾਂ ਰੱਖਿਆ ਸੀ, 'ਜੋਕ ਫੈਕਟਰੀ'। ਸਾਲ 2012 ਵਿੱਚ ਉਨ੍ਹਾਂ ਨੇ ਇੱਕ ਨਿੱਜੀ ਚੈਨਲ ਨੂੰ ਦਿੱਤੇ ਇੰਟਰਵਿਊ ਵਿੱਚ ਕਾਮੇਡੀ ਦੇ ਬਦਲ ਰਹੇ ਰੂਪ ਉੱਪਰ ਵੀ ਚਰਚਾ ਕੀਤੀ ਸੀ। ਉਨ੍ਹਾਂ ਨੇ ਆਖਿਆ ਸੀ ਕਿ ਸਮੇਂ ਦੇ ਨਾਲ ਕਾਮੇਡੀ ਦਾ ਪੱਧਰ ਦਿਨੋ-ਦਿਨ ਹੇਠਾਂ ਹੋ ਰਿਹਾ ਹੈ। ਮੈਨੂੰ ਲੱਗਦਾ ਹੈ ਕਿ ਹੁਣ ਕਾਮੇਡੀ ਵਿੱਚ ਕੁਝ ਹੱਦ ਤੱਕ ਅਸ਼ਲੀਲਤਾ ਵੀ ਸ਼ੁਰੂ ਹੋ ਗਈ ਹੈ ਜੋ ਮੇਰੇ ਮੁਤਾਬਕ ਤੁਸੀਂ ਪਰਿਵਾਰ ਵਿੱਚ ਬੈਠ ਕੇ ਦੇਖ ਸੁਣ ਨਹੀਂ ਸਕਦੇ।'

ਜਸਪਾਲ ਭੱਟੀ ਨੇ ਆਖਿਆ ਸੀ ਕਿ ਪੰਜਾਬ ਵਿੱਚ ਲੋਕਾਂ ਨੂੰ ਹਸਾਉਣ ਲਈ ਭੰਡ ਹੁੰਦੇ ਸਨ ਪਰ ਸਮੇਂ ਦੇ ਨਾਲ ਹਾਲਾਤਾਂ ਮੁਤਾਬਕ ਉਹ ਇਸ ਕਿੱਤੇ ਨੂੰ ਛੱਡ ਕੇ ਹੋਰ ਕਿੱਤੇ ਅਪਣਾ ਰਹੇ ਹਨ ਕਿਉਂਕਿ ਹੁਣ ਇਸ ਵਿੱਚ ਉਨ੍ਹਾਂ ਦੀਆਂ ਜ਼ਰੂਰਤਾਂ ਪੂਰੀਆਂ ਨਹੀਂ ਹੁੰਦੀਆਂ। ਉਨ੍ਹਾਂ ਨੇ ਇਹ ਜ਼ਿਕਰ ਕਰਦੇ ਹੋਏ ਆਖਿਆ ਸੀ ਕਿ ਅੰਮ੍ਰਿਤਸਰ ਦੇ ਇੱਕ ਪਿੰਡ ਵਿਚ ਕਈ ਹਾਸ ਕਲਾਕਾਰ ਸਨ ਪਰ ਆਰਥਿਕ ਹਾਲਾਤਾਂ ਕਾਰਨ ਹੁਣ ਉਨ੍ਹਾਂ ਦੀ ਗਿਣਤੀ ਘਟ ਰਹੀ ਹੈ।ਜਦੋਂ ਉਨ੍ਹਾਂ ਨੂੰ 2012 ਵਿੱਚ ਪੁੱਛਿਆ ਗਿਆ ਸੀ ਕਿ ਕਿਹੜੀ ਅਜਿਹੇ ਕਾਮੇਡੀਅਨ ਹਨ ਜੋ ਵਧੀਆ ਕੰਮ ਕਰ ਰਹੇ ਹਨ ਤਾਂ ਉਨ੍ਹਾਂ ਨੇ ਗੁਰਪ੍ਰੀਤ ਘੁੱਗੀ,ਜਸਵਿੰਦਰ ਭੱਲਾ ਅਤੇ ਭਗਵੰਤ ਮਾਨ ਦਾ ਨਾਮ ਲਿਆ ਸੀ। ਉਨ੍ਹਾਂ ਨੇ ਆਖਿਆ ਸੀ ਕਿ ਇਨ੍ਹਾਂ ਕਲਾਕਾਰਾਂ ਨੇ ਕਾਮੇਡੀ ਦੀ ਦੁਨੀਆਂ ਵਿੱਚ ਚੰਗਾ ਨਾਮ ਕਮਾਇਆ ਹੈ।

2017 ਵਿੱਚ ਕਾਮੇਡੀਅਨ ਅਮਿਤ ਟੰਡਨ ਨੇ ਫਲਾਪ ਸ਼ੋਅ ਦੀ ਟੀਮ ਨਾਲ ਗੱਲ ਕੀਤੀ ਜਿਸ ਵਿੱਚ ਉਨ੍ਹਾਂ ਨੇ ਜਸਪਾਲ ਭੱਟੀ ਨੂੰ ਯਾਦ ਕੀਤਾ ਸੀ। ਇਸ ਦਾ ਹਿੱਸਾ ਰਹੇ ਬੀਐੱਨ ਸ਼ਰਮਾ ਨੇ ਜਸਪਾਲ ਭੱਟੀ ਨੂੰ ਯਾਦ ਕਰਦੇ ਹੋਏ ਆਖਿਆ ਕਿ ਮੈਂ ਤਕਰੀਬਨ 90-95 ਫ਼ਿਲਮਾਂ ਕੀਤੀਆਂ ਹਨ ਪਰ ਮੈਨੂੰ ਜਸਪਾਲ ਭੱਟੀ ਵਰਗਾ ਕੋਈ ਲੇਖਕ ਨਹੀਂ ਮਿਲਿਆ। ਉਨ੍ਹਾਂ ਦੇ ਪੱਧਰ ਦਾ ਕੋਈ ਪੈਦਾ ਹੀ ਨਹੀਂ ਹੋਇਆ।ਉਨ੍ਹਾਂ ਨਾਲ ਜੋ ਵੀ ਕੋਈ ਜੁੜਿਆ ਹੋਇਆ ਸੀ, ਅੱਜ ਚੰਗੇ ਪੱਧਰ 'ਤੇ ਕੰਮ ਕਰ ਰਿਹਾ ਹੈ। ਲੋਕ ਮੈਨੂੰ ਬੀਐੱਨ ਸ਼ਰਮਾ ਦੇ ਨਾਮ ਤੋਂ ਨਹੀਂ ਬਲਕਿ ਫਲਾਪ ਸ਼ੋਅ ਦੇ ਬਿੱਲੂ ਬੱਕਰਾ ਕਰਕੇ ਪਛਾਣਦੇ ਹਨ। 'ਜਿਸ ਦਿਨ ਉਨ੍ਹਾਂ ਦੀ ਮੌਤ ਹੋਈ ਅਸੀਂ ਸਵੀਤਾ ਜੀ ਨੂੰ ਆ ਕੇ ਆਖਿਆ ਕਿ ਅਸੀਂ ਅਨਾਥ ਹੋ ਗਏ।'

ਨਾਨਸੈਂਸ ਕਲੱਬ ਦਾ ਹਿੱਸਾ ਰਹੇ ਵਿਨੋਦ ਸ਼ਰਮਾ ਨੇ ਜਸਪਾਲ ਭੱਟੀ ਨੂੰ ਯਾਦ ਕਰਦਿਆਂ ਆਖਿਆ ਕਿ ਉਹ ਸਮਾਜਿਕ ਕੁਰੀਤੀਆਂ ਨੂੰ ਬੜੀ ਖ਼ੂਬਸੂਰਤੀ ਨਾਲ ਉਜਾਗਰ ਕਰਦੇ ਸਨ ਫਿਰ ਚਾਹੇ ਉਹ ਭ੍ਰਿਸ਼ਟਾਚਾਰ ਹੋਵੇ ਜਾਂ ਦਹੇਜ ਪ੍ਰਥਾ। ਜਸਪਾਲ ਭੱਟੀ ਨੂੰ ਯਾਦ ਕਰਦੇ ਹੋਏ ਉਨ੍ਹਾਂ ਦੀ ਪਤਨੀ ਸਵਿਤਾ ਭੱਟੀ ਨੇ ਆਖਿਆ, 'ਸਾਨੂੰ ਕਿਸੇ ਕਲਾਕਾਰੀ ਦਾ ਤਜਰਬਾ ਨਹੀਂ ਸੀ। ਉਹ ਆਪਣੀ ਸੂਝ-ਬੂਝ ਨਾਲ ਕਲਾਕਾਰੀ ਦਾ ਮਸਲਾ ਹੱਲ ਕਰ ਦਿੰਦੇ ਸਨ।'

# ਹਰਮਨਪ੍ਰੀਤ ਸਿੰਘ ਲਗਾਤਾਰ ਦੂਜੀ ਵਾਰ ਬਣਿਆ ਸਰਬੋਤਮ ਹਾਕੀ ਖਿਡਾਰੀ

**ਪ੍ਰੋਫੈਸਰ ਜਤਿੰਦਰ ਸਿੰਘ**

ਹਾਕੀ ਪੰਜਾਬੀਆਂ ਦੀ ਜਿੰਦ-ਜਾਨ ਹੈ, ਜਦੋਂ ਇਸ ਨੂੰ ਕੋਈ ਇਨਾਮ ਮਿਲਦਾ ਹੈ ਜਾਂ ਅੰਤਰਰਾਸ਼ਟਰੀ ਸੋਨੇ ਦਾ ਤਮ.ਗਾ ਤਾਂ ਹਰ ਇਕ ਪੰਜਾਬੀ ਦੀ ਛਾਤੀ ਚੌੜੀ ਹੋ ਜਾਂਦੀ ਹੈ। ਇਸੇ ਤਰ੍ਹਾਂ ਜਦੋਂ ਕੋਈ ਹਾਰ ਹੁੰਦੀ ਹੈ ਤਾਂ ਜਲੰਧਰ ਦੀਆਂ ਔਰਤਾਂ ਰਾਤ ਦੀ ਰੋਟੀ ਨਹੀਂ ਪਕਾਉਂਦੀਆਂ। ਪਿਛਲੇ ਦਿਨੀਂ 7 ਅਕਤੂਬਰ ਨੂੰ ਇਹ ਖ਼ਬਰ ਆਈ ਕਿ ਹਰਮਨਪ੍ਰੀਤ ਸਿੰਘ ਨੂੰ ਦੂਸਰੀ ਵਾਰ ਸੰਸਾਰ ਦਾ ਹਾਕੀ ਦਾ ਸਰਬੋਤਮ ਖਿਡਾਰੀ ਚੁਣ ਲਿਆ ਗਿਆ ਹੈ। ਇਸ ਤਰ੍ਹਾਂ ਦਾ ਸਨਮਾਨ ਬੜੇ ਧਿਆਨ ਨਾਲ ਸੋਚ ਸਮਝ ਕੇ ਦਿੱਤਾ ਗਿਆ ਹੈ। ਇਹ ਕੇਵਲ ਭਾਰਤ ਦੀ ਨਹੀਂ, ਸਗੋਂ ਅੰਤਰਰਾਸ਼ਟਰੀ ਹਾਕੀ ਫੈਡਰੇਸ਼ਨ ਦਾ ਵੀ ਫ਼ੈਸਲਾ ਹੈ। ਇਹ ਚੋਣ ਪ੍ਰਕਿਰਿਆ ਦੀ ਪਾਲਣਾ ਕਰਕੇ ਹੋਈ ਜੋ ਆਧੁਨਿਕ ਮਾਧਿਅਮ ਨੂੰ ਅਪਣਾ ਕੇ ਕੀਤੀ ਗਈ। ਇਸ ਲਈ ਚੋਣਾਂ 23 ਅਗਸਤ ਤੋਂ ਸ਼ੁਰੂ ਹੋ ਕੇ 15 ਸਤੰਬਰ ਤੱਕ ਹੋਈਆਂ, ਜਿਸ ਵਿਚ ਸ਼ਾਮਿਲ ਹੋਏ ਸਾਡੇ ਦਿੱਗਜ ਖਿਡਾਰੀ ਜੋ ਆਪਣੇ ਸਮੇਂ ਦੇ ਕਪਤਾਨ ਵੀ ਰਹਿ ਚੁੱਕੇ ਸਨ। ਇਸ ਤੋਂ ਬਿਨਾ ਐਸੋਸੀਏਸ਼ਨ ਦੇ ਕੋਚਾਂ ਤੇ ਕੁਝ ਖੇਡ ਪ੍ਰੇਮੀ ਵੀ ਸ਼ਾਮਲ ਹੋਏ। ਦੋ ਸਾਲ ਤੋਂ ਲਗਾਤਾਰ ਵਿਸ਼ਵ ਦਾ ਸਰਬੋਤਮ ਚੁਣਿਆ ਜਾਣ ਵਾਲਾ ਸਾਡਾ ਹਰ ਮਨ ਵਿਚ ਪ੍ਰੀਤ ਜਗਾਉਣ ਵਾਲਾ ਹਰਮਨਪ੍ਰੀਤ ਦਾ ਜਨਮ ਗੁਰੂ ਦੀ ਨਗਰੀ ਅੰਮ੍ਰਿਤਸਰ ਵਿਚ 6 ਜਨਵਰੀ, 1996 ਨੂੰ ਹੋਇਆ, ਉਹ 5 ਫੁੱਟ 11 ਇੰਚ ਉੱਚੇ ਕੱਦ ਦਾ ਹੈ, ਜੋ ਹਾਕੀ ਦੇ ਡ੍ਰੈਗ ਫਲਕਿਰ ਲਈ ਇਕ ਵਰਦਾਨ ਹੈ। ਭਾਰਤ ਦੀ ਸ਼ਾਨ ਬਣੇ ਇਸ ਖਿਡਾਰੀ ਨੇ ਹਾਕੀ ਦੀ ਸਿਖਲਾਈ ਸੁਰਜੀਤ ਅਕਾਦਮੀ ਤੋਂ ਲਈ। 25 ਸਾਲਾਂ ਦਾ 70 ਕਿਲੋ ਦੇ ਤਕੜੇ ਜਿਸਮ ਵਾਲਾ ਹਰਮਨ ਜਾਂ ਤਾਂ ਹਾਕੀ ਦੇ ਮੈਦਾਨ ਵਿਚ ਹੁੰਦਾ ਹੈ ਜਾਂ ਪਿਤਾ ਨਾਲ ਖੇਤਾਂ ਵਿਚ ਟਰੈਕਟਰ ਚਲਾਉਂਦਾ। ਦਸ ਸਾਲ ਦੀ ਉਮਰ ਵਿਚ ਪਿਤਾ ਨੇ ਉਸ ਦੇ ਹੱਥ ਵਿਚ ਹਾਕੀ ਫੜਾ ਦਿੱਤੀ ਤੇ ਉਸ ਨੇ ਪਿਛਾਂਹ ਮੁੜ ਕੇ ਨਹੀਂ ਦੇਖਿਆ। ਉਸ ਨੇ 2015 ਦਾ ਵਿਸ਼ਵ ਕੱਪ ਸੋਨੇ ਦੇ ਤਮਗ਼ੇ ਨਾਲ, 2016 ਵਿਚ ਚੈਂਪੀਅਨ ਪ੍ਰਤੀਯੋਗਤਾ ਵਿਚ ਚਾਂਦੀ, ਢਾਕਾ 2017 ਵਿਚ ਫਿਰ ਸੋਨੇ ਦਾ ਤਮ.ਗਾ ਜਿੱਤ ਕੇ ਆਪਣੀ ਖੇਡ ਵਿਚ ਨਿਰੰਤਰਤਾ ਪ੍ਰਗਟਾਈ ਹੈ। ਇਸ ਤੋਂ ਬਾਅਦ ਉਲੰਪਿਕ ਤੇ ਰਾਸ਼ਟਰਮੰਡਲ ਖੇਡਾਂ ਵਿਚ ਉਸ ਦੀ ਹਾਕੀ ਦਾ ਮੁਕਾਬਲਾ ਕੋਈ ਨਹੀਂ ਸੀ, ਉਸ ਦੇ ਗੋਲ ਕਾਰਨ ਹੀ ਜਰਮਨੀ ਨੂੰ ਹਰਾ ਕੇ ਤਮ.ਗਾ ਜਿੱਤ ਸਕੇ ਹਾਂ।






## 1 ਨਵੰਬਰ, 1966 'ਤੇ ਵਿਸ਼ੇਸ਼

# ਪੰਜਾਬੀ ਸੂਬਾ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਹਿੰਦੂਸਤਾਨ ਦੀ ਰਾਜਨੀਤੀ ਵਿਚ 'ਪੰਜਾਬੀ ਸੂਬੇ' ਦੀ ਮੰਗ ਦਾ ਰਾਹ ਬੜਾ ਸੰਘਰਸ਼ਮਈ ਹੈ। 'ਸਾਕਾ ਗੁਰੂ ਕਾ ਬਾਗ' ਸਿੱਖਾਂ ਦਾ ਇਕ ਲੰਬਾ ਮੋਰਚਾ ਸੀ। ਉਸੇ ਤਰਜ਼ 'ਤੇ ਸਿੱਖਾਂ ਨੇ ਇਹ ਸੰਘਰਸ਼ ਕੀਤਾ ਹੈ। ਬਰਤਾਨਵੀ ਰਾਜ ਦੀ ਵੰਡ ਸਮੇਂ ਸਿੱਖਾਂ ਨੂੰ ਤੀਜੀ ਧਿਰ ਮੰਨ ਲਿਆ ਸੀ। ਸਿੱਖ ਆਗੂਆਂ ਨੇ ਹਿੰਦੂਸਤਾਨ ਨਾਲ ਜੁੜਨ ਦਾ ਆਪ ਫੈਸਲਾ ਲਿਆ। ਵੰਡ ਤੋਂ ਬਾਅਦ ਸਿੱਖਾਂ ਨੂੰ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਜਿਵੇਂ ਪੰਜਾਬੀ ਕਿਰਸਾਨੀ ਪੱਛਮੀ ਪਾਕਿਸਤਾਨ ਤੋਂ ਆ ਕੇ ਘੱਗਰ ਦਰਿਆ ਦੇ ਦੁਆਲੇ ਅਣ ਵਸੀ। ਪਟਿਆਲਾ ਪੂਰਬੀ ਪੰਜਾਬ ਸਟੇਟਸ ਯੂਨੀਅਨ (ਪੈਪਸੂ) ਵਿਚ ਪੰਜਾਬੀਆਂ ਦੀ ਵੱਡੀ ਵਸੋਂ ਸੀ। ਖੇਤੀ ਵਪਾਰ, ਮਕਾਨ, ਜਾਇਦਾਦ ਅਤੇ ਮੁੜ ਵਸੇਬੇ ਦੇ ਕੰਮਾਂ ਵਿਚ ਨਵੀਂ ਸਰਕਾਰ ਨੇ ਪ੍ਰਬੰਧਾਂ ਵਿਚ ਵਿਤਕਰਾ ਕੀਤਾ। ਸਿੱਖਾਂ ਨੂੰ ਹਿੰਦੂਸਤਾਨ ਨਾਲ ਜੁੜਨ ਤੇ ਪਛਤਾਵਾ ਹੋਣ ਲੱਗਾ। ਉਨ੍ਹਾਂ 'ਪੰਜਾਬੀ ਸੂਬੇ' ਦੀ ਮੰਗ ਉਠਾਈ। ਹਿੰਦੂਸਤਾਨ ਵਿਚ ਸ਼ਾਮਲ ਰਾਜਾਂ ਦੀ ਵੰਡ ਨਿਸ਼ਚਿਤ ਢੰਗ ਨਾਲ ਨਾ ਹੋਈ।

1948 ਵਿਚ ਸਰਕਾਰ ਨੇ ਭਾਸ਼ਾ ਦੇ ਅਧਾਰ 'ਤੇ ਸੂਬਿਆਂ ਦੀ ਵੰਡ ਲਈ ਅਯੋਗ ਬਣਾਇਆ, ਜਿਸ ਦਾ ਅਧਿਕਾਰ ਖੇਤਰ ਦੱਖਣੀ ਰਾਜਾਂ ਤੱਕ ਸੀ। ਉੱਤਰੀ ਭਾਰਤ, ਪੰਜਾਬ ਨੂੰ ਇਸ ਤੋਂ ਬਾਹਰ ਰੱਖਿਆ ਗਿਆ। ਕੇਰਲਾ, ਆਂਧਰਾ, ਤਾਮਿਲ, ਕਰਨਾਟਕਾ ਸੂਬੇ ਹੋਂਦ ਵਿਚ ਆਏ। ਸੰਨ 1953 ਵਿਚ ਰਾਜ ਪੁਨਰਗਠਨ ਆਯੋਗ ਬਣਿਆ। ਜਿਸ ਨੇ ਪਟਿਆਲਾ ਅਤੇ ਪੈਪਸੂ ਨਾਲ ਹਿਮਾਚਲ ਪੰਜਾਬ ਨਾਲ ਜੋੜਨ ਦੀ ਸਿਫਾਰਸ਼ ਕੀਤੀ। 16 ਅਕਤੂਬਰ, 1955 ਨੂੰ ਮਾਸਟਰ ਤਾਰਾ ਸਿੰਘ ਨੇ ਅੰਮ੍ਰਿਤਸਰ ਸਭਾ ਬੁਲਾਈ। 1300 ਨੁਮਾਇੰਦੇ ਹਾਜ਼ਰ ਹੋਏ, ਜਿਸ ਵਿਚ ਆਯੋਗ ਦੀ ਸਿਫਾਰਸ਼ ਨੂੰ ਰੱਦ ਕਰ ਦਿੱਤਾ ਗਿਆ। ਸਰਕਾਰ ਦੇ ਪੱਖਪਾਤੀ ਰਵਈਏ ਦੀ ਨਿਖੇਧੀ ਕੀਤੀ। ਸਿੱਟੇ ਵਜੋਂ ਮਾਸਟਰ ਤਾਰਾ ਸਿੰਘ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਭਾਈ ਜੋਧ ਸਿੰਘ ਚੀਫ਼ ਖ਼ਾਲਸਾ ਦੀਵਾਨ, ਗਿਆਨ ਸਿੰਘ ਰਾੜੇਵਾਲਾ, ਗਿਆਨੀ ਕਰਤਾਰ ਸਿੰਘ, ਹੁਕਮ ਸਿੰਘ ਨੇ 24 ਅਕਤੂਬਰ 1955 ਨੂੰ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨਾਲ ਗੱਲਬਾਤ ਕੀਤੀ। ਜਿਸ ਵਿਚ ਸਰਕਾਰੀ ਨੁਮਾਇੰਦੇ ਮੌਲਾਨਾ ਆਜ਼ਾਦ ਅਤੇ ਪੰਡਿਤ ਜੇ ਬੀ ਪੰਤ ਸਨ। ਦੂਸਰੀ ਗੱਲਬਾਤ 23 ਨਵੰਬਰ 1955 ਨੂੰ ਬੇਸਿੱਟਾ ਰਹੀ। ਫਰਵਰੀ 11-12, 1956 ਨੂੰ ਇੰਡੀਅਲ ਨੈਸ਼ਨਲ ਕਾਂਗਰਸ ਦਾ ਇਜਲਾਸ ਅੰਮ੍ਰਿਤਸਰ ਵਿਖੇ ਹੋਇਆ। ਬਰਾਬਰ ਤੇ ਸਿੱਖਾਂ ਨੇ ਵੀ 5 ਘੰਟੇ ਚੱਲਿਆ ਜਲੂਸ ਕੱਢਿਆ। ਸੰਮੇਲਨ ਹੋਇਆ ਜਿਸ ਵਿਚ ਪੂਰੇ ਪੰਜਾਬ ਤੋਂ ਸਿੱਖ ਪਹੁੰਚੇ, ਜਿਸ ਅੱਗੇ ਕਾਂਗਰਸ ਦਾ ਇਜਲਾਸ ਫਿੱਕਾ ਪੈ ਗਿਆ। ਸਿੱਖਾਂ ਨੇ ਭਾਰੀ ਏਕਤਾ ਦਾ ਸਬੂਤ ਦਿੱਤਾ। ਸਿੱਖੀ ਬਾਣੇ ਵਿਚ ਪੰਜਾਬੀ ਸੂਬਾ ਜਿੰਦਾਬਾਦ ਦੇ ਨਾਹਰੇ ਲੱਗੇ।

ਅਕਾਲੀ ਨੇਤਾਵਾਂ ਅਤੇ ਸਰਕਾਰ ਵਿਚ ਫਿਰ ਗੱਲਬਾਤ ਸ਼ੁਰੂ ਹੋਈ। ਸਰਕਾਰੀ ਨੁਮਾਇੰਦੇ ਪੰਡਿਤ ਪੰਤ ਨੇ ਕੋਈ ਹੁੰਗਾਰਾ ਨਾ ਭਰਿਆ। ਫਰਵਰੀ 26, 1956 ਨੂੰ ਖ਼ਬਰ ਆਈ ਕਿ ਗੱਲਬਾਤ ਟੁੱਟ ਗਈ ਹੈ। ਪੰਜਾਬੀ ਅਤੇ ਹਿੰਦੀ ਇਕਾਈਆਂ ਵਿਚ ਸੂਬੇ ਦੇ ਵੰਡੇ ਜਾਣ ਲਈ ਵਿਧਾਇਕਾਂ ਅਧੀਨ ਸਮਿਤੀਆਂ ਬਣਾਉਣ ਲਈ ਫੈਸਲਾ ਕੀਤਾ। ਭਾਸ਼ਾਈ ਆਧਾਰ ਤੇ ਪੰਜਾਬੀ ਗੁਰਮੁਖੀ 'ਪੰਜਾਬੀ ਸੂਬਾ' ਦੀ ਭਾਸ਼ਾ ਹੋਵੇ ਨਾਲ ਹੀ ਹਿੰਦੀ ਦੇਵਨਗਰੀ ਵੀ ਲਾਗੂ ਹੋਵੇ। ਪ੍ਰਬੰਧਕੀ ਭਾਸ਼ਾ ਪੰਜਾਬੀ ਹੋਵੇ। 'ਪੰਜਾਬੀ ਸੂਬਾ' ਵਿਚ ਸਿਰਫ਼ ਪੈਪਸੂ ਦੇ ਇਲਾਕੇ ਸ਼ਾਮਲ ਹੋਣ, ਹਿਮਾਚਲ ਅਤੇ ਯੂ.ਪੀ. ਦੇ ਇਲਾਕੇ ਸ਼ਾਮਲ ਨਹੀਂ। ਮਾਰਚ 11, 1956 ਨੂੰ ਅੰਮ੍ਰਿਤਸਰ ਵਿਖੇ ਇਸ ਤੇ ਵਿਚਾਰ ਕਰਨ ਲਈ




ਸਭਾ ਬੁਲਾਈ। ਗਿਆਨੀ ਕਰਤਾਰ ਸਿੰਘ, ਭਾਈ ਜੋਧ ਸਿੰਘ, ਸ੍ਰ. ਅਜੀਤ ਸਿੰਘ ਸਰਹੱਦੀ ਨੇ ਕਿਹਾ ਕਿ ਇਹ ਫੈਸਲਾ 'ਪੰਜਾਬੀ ਸੂਬਾ' ਦੇ ਹੱਕ ਵਿਚ ਨਹੀਂ ਹੈ, ਪਰ ਗੱਲਬਾਤ ਸ਼ੁਰੂ ਹੋਣ ਕਰਕੇ ਇਸ ਨੂੰ ਮੰਨ ਲਿਆ ਜਾਵੇ। ਕਈ ਅਕਾਲੀ ਕਾਂਗਰਸ ਵਿਚ ਸ਼ਾਮਲ ਹੋਣ ਲੱਗੇ। ਮਾਸਟਰ ਜੀ ਕਾਂਗਰਸ ਵਿਚ ਸ਼ਾਮਲ ਨਹੀਂ ਹੋਏ। ਕਾਂਗਰਸ ਨੇ ਅਕਾਲੀ ਦਲ ਦੇ 20 ਨੁਮਾਇੰਦੇ ਵਿਧਾਨ ਸਭਾ ਅਤੇ 3 ਸੰਸਦ ਲਈ ਨਾਮਜ਼ਦ ਕੀਤੇ। ਮਾਸਟਰ ਜੀ ਨੇ ਕਾਂਗਰਸ ਦੇ ਖਿਲਾਫ਼ ਨੁਮਾਇੰਦੇ ਖੜ੍ਹੇ ਕੀਤੇ, ਪਰ ਹਾਰ ਗਏ। ਮਾਸਟਰ ਜੀ ਨੇ ਕਾਰਵਾਈਆਂ ਮਜ਼ਬੂਤ ਕਰਨ ਵੱਲ ਧਿਆਨ ਦਿੱਤਾ। ਹਿੰਦੀ ਹਿਤੈਸ਼ੀਆਂ ਨੇ ਖੇਤਰੀ ਵੰਡ ਸਿਧਾਂਤ ਨੂੰ ਹਿੰਦੀ ਵਿਰੋਧੀ ਦੱਸਿਆ। ਹਿੰਦ ਰਖ਼ਸਾ ਸਮਿਤੀ ਨੇ ਅੰਦੋਲਨ ਸ਼ੁਰੂ ਕਰ ਦਿੱਤਾ।

ਅਪ੍ਰੈਲ 3, 1957 ਨੂੰ ਕਾਂਗਰਸ ਦੀ ਸਰਕਾਰ ਵਿਚ ਪ੍ਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਬਣੇ। ਗਿਆਨੀ ਕਰਤਾਰ ਸਿੰਘ ਤੇ ਗਿਆਨ ਸਿੰਘ ਰਾੜੇਵਾਲਾ ਮੰਤਰੀ ਮੰਡਲ ਵਿਚ ਸ਼ਾਮਲ ਸਨ। ਉਨ੍ਹਾਂ ਨੂੰ ਹਿੰਦੀ ਹਿਤੈਸ਼ੀਆਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਹਿੰਦੀ ਲਹਿਰ ਅਧੀਨ ਗੁਰਦੁਆਰਿਆਂ ਦੇ ਬੇਅਦਬੀ ਹੋਈ। ਭਾਸ਼ਾ ਇਲਾਕਾਈ ਵੰਡ ਫਿਰਕੂ ਬਣ ਗਈ। ਜੂਨ 14, 1958 ਨੂੰ ਮਾਸਟਰ ਜੀ ਨੇ ਖੇਤਰੀ ਵੰਡ ਸਿਧਾਂਤ ਦੀ ਨਿਖੇਧੀ ਕੀਤੀ। ਪੰਜਾਬੀ ਸੂਬੇ ਦੀ ਜ਼ੋਰਦਾਰ ਆਵਾਜ ਉਠਾਈ। ਸਰਕਾਰ ਵੀ ਸਿਧਾਂਤ ਲਾਗੂ ਕਰਨ ਵਿਚ ਸੰਜੀਦਾ ਨਹੀਂ ਸੀ। ਥੋਪੇ ਜਾ ਰਹੇ ਸਿਧਾਂਤ ਨੂੰ ਸਿੱਖਾਂ ਨੇ ਨਾਕਾਰ ਦਿੱਤਾ। ਕਿਉਂਕਿ ਇਹ ਲੋੜੀਂਦੇ ਪੰਜਾਬੀ ਸੂਬਾ ਦਾ ਹੱਲ ਨਹੀਂ ਸੀ। ਭਾਵੇਂ ਵਕਤੀ ਤੌਰ 'ਤੇ ਗੱਲਬਾਤ ਸ਼ੁਰੂ ਹੋਣ ਦਾ ਚੰਗਾ ਸਵੱਬ ਜਾਣ ਕੇ ਸਵੀਕਾਰਿਆ ਗਿਆ। ਨਵੰਬਰ 16, 1958 ਨੂੰ ਮਾਸਟਰ ਜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਤੋਂ ਹਾਰ ਗਏ।

ਮਾਸਟਰ ਜੀ ਨੇ 14 ਫਰਵਰੀ, 1959 ਨੂੰ ਪਟਿਆਲਾ ਵਿਖੇ ਸਭਾ ਬੁਲਾਈ ਜਿਸ ਵਿਚ 299 ਨੁਮਾਇੰਦੇ ਹਾਜ਼ਰ ਹੋਏ। ਜਿਸ ਵਿਚ ਧਿਆਨ ਦਿੱਤਾ ਗਿਆ ਕਿ ਸੰਨ 1956 ਵਿਚ ਪੰਜਾਬੀ ਖੇਤਰੀ ਸਮਿਤੀ ਵਲੋਂ ਇਕ ਅਜਿਹੀ ਯੂਨੀਵਰਸਿਟੀ ਕਾਇਮ ਕਰਨ ਦਾ ਮਤਾ ਪਾਸ ਹੋਇਆ, ਜਿਸ ਵਿਚ ਪੰਜਾਬੀ ਪਾਠਕ੍ਰਮ ਹੋਵੇ ਅਤੇ ਨਾਲ-ਨਾਲ ਪੰਜਾਬੀ, ਸਾਹਿਤ, ਇਤਿਹਾਸ, ਵਿਰਸਾ ਅਤੇ ਸੱਭਿਆਚਾਰ ਦੀ ਉਨਤੀ ਹੋਵੇ। ਗਿਆਨੀ ਕਰਤਾਰ ਸਿੰਘ ਦੇ ਸਾਥੀ ਰਾਮ ਦਿਆਲ ਸਿੰਘ ਨੇ ਕੈਰੋਂ ਕੋਲੋਂ ਸਹਿਮਤੀ ਲਈ। ਪੰਜਾਬੀ ਯੂਨੀਵਰਸਿਟੀ ਆਯੋਗ ਸਥਾਪਤ ਹੋਇਆ। ਮਹਾਰਾਜਾ ਯਾਦਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਭਾਈ ਜੋਧ ਸਿੰਘ, ਹੁਕਮ ਸਿੰਘ, ਉੱਜਲ ਸਿੰਘ, ਮਲਿਕ ਹਰਦਿੱਤ ਸਿੰਘ, ਡਾ. ਏ.ਸੀ .ਜੋਸ਼ੀ, ਡਾ. ਅਨੂਪ ਸਿੰਘ, ਡਾ. ਪੀ. ਐਸ. ਗਿੱਲ, ਹਰਦਵਾਰੀ ਲਾਲ ਅਤੇ ਪ੍ਰੋ. ਹਰਬੰਸ ਸਿੰਘ ਮੈਂਬਰ ਸਨ। ਆਯੋਗ ਨੇ ਆਪਣੀ ਸਿਫਾਰਸ਼ 1961 ਵਿਚ ਸਰਕਾਰ ਨੂੰ ਸੌਂਪੀ। ਸੰਨ 1962 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਪੁਰਾਣੇ ਮਹੱਲ ਵਿਚ ਸ਼ੁਰੂ ਹੋਈ।

ਮਾਸਟਰ ਜੀ ਨੇ 15 ਮਾਰਚ, 1959 ਨੂੰ ਦਿੱਲੀ ਵਿਖੇ ਇਕ ਜਲੂਸ ਕੱਢੇ ਜਾਣ ਦਾ ਐਲਾਨ ਕੀਤਾ। ਸਰਕਾਰ ਨੇ ਤੁਰੰਤ ਮਾਸਟਰ ਜੀ ਨੂੰ ਗ੍ਰਿਫ਼ਤਾਰ ਕਰ ਲਿਆ। ਫਿਰ ਵੀ ਦਿੱਲੀ ਵਿਚ ਦੇਸ਼ ਭਰ ਤੋਂ ਸਿੱਖ ਸ਼ਾਮਲ ਹੋਏ। ਜਲੂਸ ਰਕਾਬ ਗੰਜ ਗੁਰਦੁਆਰਾ ਦਿੱਲੀ ਵਿਖੇ ਸਮਾਪਤ ਹੋਇਆ। ਮਾਸਟਰ ਜੀ ਨੂੰ ਰਿਹਾਅ ਕਰ ਦਿੱਤਾ ਗਿਆ। ਜਨਵਰੀ 19, 1960 ਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਮਾਸਟਰ ਜੀ ਦੀ ਜਿੱਤ ਹੋਈ। ਜਨਵਰੀ 24, 1960 ਨੂੰ ਅਕਾਲੀ 'ਪੰਜਾਬੀ ਸੂਬਾ' ਪ੍ਰਾਪਤੀ ਲਈ ਅਕਾਲ ਤਖਤ ਸਾਹਿਬ ਤੇ ਇਕੱਠੇ ਹੋਏ। ਸਾਬਕਾ ਅਕਾਲੀ ਮੈਂਬਰਾਂ ਨੂੰ ਪੰਜਾਬ ਵਿਧਾਨ ਸਭਾ ਤੋਂ ਅਸਤੀਫ਼ਾ ਦੇਣ ਦੀ ਅਪੀਲ ਕੀਤੀ। ਕੁਲ 24 ਮੈਂਬਰਾਂ ਵਿਚੋਂ 5 ਮੈਂਬਰਾਂ ਨੇ ਅਸਤੀਫ਼ਾ ਦਿੱਤਾ।

ਮਈ 22, 1960 ਨੂੰ ਅੰਮ੍ਰਿਤਸਰ ਵਿਖੇ ਪੰਜਾਬੀ ਸੂਬਾ ਸੰਮੇਲਨ ਹੋਇਆ। ਜਿਸ ਵਿਚ ਸਵਤੰਤਰ ਅਤੇ ਸਮਾਜਵਾਦੀ ਪਾਰਟੀਆਂ ਦੇ ਮੈਂਬਰ ਵੀ ਸ਼ਾਮਲ ਹੋਏ। ਪ੍ਰਧਾਨਗੀ ਪੰਡਿਤ ਸੁੰਦਰ ਲਾਲ ਨੇ ਕੀਤੀ। ਡਾ. ਸੈਫ਼ੁਦੀਨ ਨੇ ਕਾਰਵਾਈ ਨਿਭਾਈ। ਗੁਰਨਾਮ ਸਿੰਘ ਵਲੋਂ ਮਤਾ ਪੇਸ਼ ਕੀਤਾ ਗਿਆ ਕਿ ਸਰਕਾਰ ਹੁਣ ਅਕਾਲੀਆਂ ਦੀ ਮੰਗ ਵਾਸਤੇ ਕੋਈ ਆਯੋਗ ਨਾ ਬਿਠਾਵੇ। ਬਿਨਾਂ ਕਿਸੇ ਦੇਰੀ ਤੋਂ ਪੰਜਾਬੀ ਸੂਬਾ ਗਠਿਤ ਕੀਤਾ ਜਾਵੇ, ਜਦਕਿ ਬਾਕੀ ਰਾਜਾਂ ਦਾ ਗਠਨ ਹੋ ਚੁੱਕਾ ਹੈ। ਮਾਸਟਰ ਜੀ ਨੇ 29 ਮਈ, 1960 ਨੂੰ ਜਲੂਸ ਕੱਢੇ ਜਾਣ ਦਾ ਪ੍ਰੋਗਰਾਮ ਦੱਸਿਆ ਕਿ ਨੁਮਾਇੰਦੇ ਪਿੰਡਾਂ ਵਿਚ ਇਕੱਠੇ ਹੋ ਕੇ ਤੁਰਨ, ਰਸਤੇ ਵਿਚ ਗੁਰਦੁਆਰਿਆਂ ਵਿਚ ਪੰਜਾਬੀ ਸੂਬਾ ਦੀ ਮੰਗ ਦਾ ਪ੍ਰਚਾਰ ਕਰਦੇ ਦਿੱਲੀ ਪਹੁੰਚਣ, ਜਿਸ ਦੀ ਤਾਰੀਖ ਜੂਨ 12, 1960 ਹੈ। ਪਰ 24-25 ਮਈ, 1960 ਦੀ ਵਿਚਕਾਰਲੀ ਰਾਤ ਨੂੰ ਮਾਸਟਰ ਜੀ ਨੂੰ ਉਨ੍ਹਾਂ ਦੇ ਘਰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਪੰਜਾਬ ਭਰ ਵਿਚੋਂ ਵੱਡੇ ਪੱਧਰ 'ਤੇ ਗ੍ਰਿਫ਼ਤਾਰੀਆਂ ਹੋਈਆਂ। ਅਕਾਲੀ ਆਪਣੀਆਂ ਮੰਗਾਂ ਲਈ ਸੰਜੀਦਾ ਸਨ। ਹਰਿਮੰਦਰ ਸਾਹਿਬ ਦੇ ਮੰਜੀ ਸਾਹਿਬ ਦੀਵਾਨ ਸਜਦੇ, ਵਾਰਾਂ ਗਾਈਆਂ ਜਾਂਦੀਆਂ। ਪ੍ਰਚਾਰ ਲਈ ਭਾਸ਼ਣ ਦਿੱਤੇ ਜਾਂਦੇ। ਅਕਾਲੀਆਂ ਵਿਚ ਜੋਸ਼ ਸੀ। ਮੰਜੀ ਸਾਹਿਬ ਕੇਂਦਰ ਅਤੇ ਦਿੱਲੀ ਤੱਕ ਗ੍ਰਿਫ਼ਤਾਰੀਆਂ ਹੋਈਆਂ।

ਮਾਸਟਰ ਜੀ ਦੀ ਗ੍ਰਿਫ਼ਤਾਰੀ ਤੋਂ ਬਾਅਦ ਮੋਰਚੇ ਦੀ ਜਿੰਮੇਵਾਰੀ ਸੰਤ ਫਤਹਿ ਸਿੰਘ ਨੇ ਨਿਭਾਉਣੀ ਸ਼ੁਰੂ ਕਰ ਦਿੱਤੀ ਜੋ ਕਿ ਇਕ ਚੰਗੇ ਸਿਆਸਤਦਾਨ ਸਾਬਿਤ ਹੋਏ। ਉਨ੍ਹਾਂ ਨੇ ਸਿਰਫ਼ ਭਾਸ਼ਾਈ ਵੰਡ ਤੇ ਹੀ ਜ਼ੋਰ ਦਿੱਤਾ, ਸਗੋਂ ਧਰਮ ਨਿਰਪੱਖ ਅਤੇ ਲੋਕਤੰਤਰੀ ਵਿਚਾਰ ਵੀ ਰੱਖੇ। ਜਿਸ ਨਾਲ ਉਨ੍ਹਾਂ ਨੂੰ ਆਮ ਲੋਕਾਂ ਦਾ ਸਹਿਯੋਗ ਮਿਲਿਆ। ਉਨ੍ਹਾਂ ਸਪੱਸ਼ਟ ਕੀਤਾ ਕਿ ਅਸੀਂ ਘੱਟਗਿਣਤੀ, ਵਸੇਬਾ ਜਾਂ ਭਾਸ਼ਾ ਦੀ ਪ੍ਰਤੀਨਿਧਤਾ ਦੀਆਂ ਗਿਣਤੀਆਂ ਮਿਣਤੀਆਂ ਵਿਚ ਵਿਸ਼ਵਾਸ਼ ਨਹੀਂ ਰੱਖਦੇ। ਪੰਜਾਬੀ ਸੂਬਾ ਇਕ ਅਜਿਹੇ ਖੇਤਰ ਦੀ ਲੋੜ ਹੈ ਜਿੱਥੇ ਪੰਜਾਬੀ ਬੋਲੀ ਹੋਵੇ। ਉਹ ਆਪਣੀ ਦਲੀਲ ਤੋਂ ਕਦੇ ਡੋਲਦੇ ਨਹੀਂ ਸਨ। ਅਜਿਹੀ ਅਟੱਲ ਮੰਗ ਵੇਖ ਕੇ ਸਰਕਾਰ ਨੇ ਸਖਤ ਕਦਮ ਚੁੱਕੇ। ਪੰਜਾਬੀ ਸੂਬਾ ਦੀ ਮੰਗ ਲਈ ਸਿੱਖਾਂ ਨੇ ਜੀਅ ਜਾਨ ਨਾਲ ਹਿੱਸਾ ਲਿਆ।

ਸੰਤ ਜੀ ਨੇ ਅਕਤੂਬਰ 29,1960 ਨੂੰ ਪ੍ਰਧਾਨ ਮੰਤਰੀ ਨਹਿਰੂ ਨੂੰ ਚਿੱਠੀ ਲਿਖੀ ਕਿ ਪੰਜਾਬੀ ਸੂਬਾ ਦੀ ਜਾਇਜ਼, ਸੰਵਿਧਾਨਕ ਅਤੇ ਲੋਕਤੰਤਰੀ ਮੰਗ ਨਾ ਮੰਨੀ ਗਈ ਤਾਂ ਉਹ 18 ਦਸੰਬਰ, 1960 ਨੂੰ ਮਰਨ ਵਰਤ ਤੇ ਬੈਠਣਗੇ। ਪ੍ਰਧਾਨ ਮੰਤਰੀ ਨਹਿਰੂ ਨੇ ਕੋਈ ਸਹਿਯੋਗ ਨਾ ਦਿੱਤਾ। ਮਿੱਥੇ ਸਮੇਂ ਅਨੁਸਾਰ ਸੰਤ ਜੀ ਦਸੰਬਰ 18,1960 ਨੂੰ ਮਰਨ ਵਰਤ ਤੇ ਬੈਠ ਗਏ। ਸਿੱਖਾਂ ਨੂੰ ਸ਼ਾਂਤਮਈ ਮੋਰਚਾ ਸੰਭਾਲਣ ਲਈ ਕਿਹਾ। ਸੰਤ ਜੀ ਦਾ ਆਪਣੀ ਜਾਨ ਤੇ ਖੇਡਣਾ, ਸਰਕਾਰ ਲਈ ਚਿੰਤਾ ਦਾ ਵਿਸ਼ਾ ਹੋ ਗਿਆ। ਪ੍ਰਧਾਨ ਮੰਤਰੀ ਨਹਿਰੂ ਨੇ ਦਸੰਬਰ 20,1960 ਨੂੰ ਚੰਡੀਗੜ੍ਹ ਵਿਖੇ ਕਿਹਾ ਕਿ ਪੰਜਾਬੀ ਪੰਜਾਬ ਦੀ ਸਿਰਮੌਰ ਭਾਸ਼ਾ ਹੈ। ਇਸ ਦੀ ਤਰੱਕੀ ਹੋਣੀ ਲਾਜ਼ਮੀ ਹੈ। ਦਸੰਬਰ 23, 1960 ਨੂੰ ਵੀ ਰਾਜਪੁਰੇ ਤੋਂ ਪੰਜਾਬੀ ਦੀ ਉਨਤੀ ਨੂੰ ਦੁਹਰਾਇਆ। ਜਨਵਰੀ 4, 1961 ਨੂੰ ਮਾਸਟਰ ਜੀ ਨੂੰ ਰਿਹਾਅ ਕਰ ਦਿੱਤਾ ਗਿਆ।

ਜਨਵਰੀ 7,1961 ਨੂੰ ਮਾਸਟਰ ਜੀ ਨੇ ਪ੍ਰਧਾਨ ਮਤਰੀ ਨਹਿਰੂ ਨਾਲ ਮੁਲਾਕਾਤ ਕੀਤੀ। ਪ੍ਰਧਾਨ ਮੰਤਰੀ ਨੇ ਵਿਸ਼ਵਾਸ਼ ਦੁਆਇਆ ਕਿ ਪੰਜਾਬੀ ਇਕ ਭਾਸ਼ਾਈ ਸੂਬਾ ਬਣੇਗਾ ਪਰ ਪੰਜਾਬ ਨੂੰ ਇਕੋ ਖਿੱਤੇ ਵਜੋਂ ਮਾਨਤਾ ਦੇਣੀ ਮੁਸ਼ਕਲ ਹੈ। ਫਿਰ ਵੀ ਸਰਕਾਰ ਸੰਤ ਜੀ ਦੀ ਸਿਹਤ ਪ੍ਰਤੀ ਚਿੰਤਾਤੁਰ ਹੈ। ਇਸ ਲਈ ਸੰਤ ਜੀ ਵਰਤ ਛੱਡ ਦੇਣ। ਮਾਸਟਰ ਜੀ ਨੇ ਸੰਤ ਜੀ ਨੂੰ ਕਿਹਾ ਕਿ ਛੇਤੀ ਹੀ ਹੱਲ ਨਿਕਲੇਗਾ। ਸੰਤ ਜੀ ਨੇ 8 ਜਨਵਰੀ, 1961 ਨੂੰ ਵਰਤ ਛੱਡ ਦਿੱਤਾ। 1960-61 ਦੇ ਮੋਰਚੇ ਦੌਰਾਨ ਸਰਕਾਰ ਅਨੁਸਾਰ 30,000 ਗ੍ਰਿਫ਼ਤਾਰੀਆਂ ਹੋਈਆਂ। ਪਰ ਅਕਾਲੀਆਂ ਅਨੁਸਾਰ ਗਿਣਤੀ 57000 ਤੋਂ ਉਪਰ ਦੱਸੀ ਗਈ। ਸੰਤ ਜੀ ਅਤੇ ਪ੍ਰਧਾਨ ਮੰਤਰੀ ਨਹਿਰੂ ਵਿਚਕਾਰ ਤਿੰਨ ਮੁਲਾਕਾਤਾਂ ਹੋਈਆਂ ਜਿਵੇਂ 8 ਫਰਵਰੀ, 1961, ਮਾਰਚ 1, 1961 ਅਤੇ ਮਈ 12, 1961, ਤਿੰਨੇ ਅਸਫਲ ਰਹੀਆਂ। ਸਰਕਾਰ ਪੰਜਾਬ ਦੇ ਵੱਖ ਵੱਖ ਇਲਾਕਿਆਂ ਨੂੰ ਰਾਜ ਬਣਾਉਣ ਲਈ ਤਿਆਰ ਨਹੀਂ ਸੀ।

(ਬਾਕੀ ਸਫ਼ਾ 31 'ਤੇ)

## ਕਲਮਾਂ ਦੇ ਜਜ਼ਬਾਤ

# ਡਰਿਆ ਹੋਇਆ ਪੰਜਾਬ

ਗੁਰਦੇਵ ਸਿੰਘ ਸੱਧੇਵਾਲੀਆ

ਅਜੋਕੇ ਪੰਜਾਬ ਬਹੁਤ ਡਰਿਆ ਹੈ, ਕਿਸੇ ਹੋਰ ਤੋਂ ਨਹੀਂ ਸਗੋਂ ਖੁਦ ਤੋਂ ਯਾਣੀ ਖੁਦ ਦੀ ਉਲਾਦ ਤੋਂ। ਅਪਣੇ ਆਪ ਤੋਂ ਅਪਣੇ ਆਪੇ ਤੋਂ, ਅੰਦਰੋਂ ਡਰਿਆ ਹੋਇਆ, ਧੁਰ ਅੰਦਰੋ ਜਿਸ ਕਰਕੇ ਉਹ ਆਪਣੇ ਆਪ ਨੂੰ ਇਕੱਲਾ ਵੀ ਮਹਿਸੂਸ ਕਰ ਰਿਹਾ ਹੈ।

ਨਿਆਣਿਆਂ ਦੀਆਂ ਬਾਹਰ ਵੰਨੀ ਘਤੀਆਂ ਵਹੀਰਾਂ ਵਿਚੋਂ ਤੁਸੀਂ ਪੰਜਾਬ ਦਾ ਡਰ ਦੇਖ ਸਕਦੇ ਹੋਂ। ਮੈਂ ਦੇਖ ਰਹਿਆਂ ਬਹੁਤ ਨੇੜਿਓਂ ਦੇਖ ਰਿਹਾਂ।

ਬੰਦਾ ਪ੍ਰਵਾਸ ਕਰਦਾ ਕੋਈ ਕਾਰਣ ਤਾਂ ਹੁੰਦਾ ਪਰ ਜਦ ਪ੍ਰਵਾਸ ਬਿਨਾ ਕਾਰਨ ਤੋਂ ਕੀਤਾ ਜਾਏ ਤਾਂ ਓਹ ਕਾਰਨ ਤੁਹਾਨੂੰ ਜਾਨਣਾ ਪਏਗਾ ਜਿਹੜਾ ਬਿਨਾ ਕਾਰਨੋ ਹੋ ਰਿਹਾ ਹੈ।

ਕੁਝ ਇਕ ਸੰਦ ਮੈਨੂੰ ਬਾਹਰ ਫਾਰਮ ਲਈ ਚਾਹੀਦੇ ਸਨ। ਜੰਡਿਆਲੇ ਨੇੜੇ ਫਾਰਮਾਂ ਦੀ ਮਸ਼ੀਨਰੀ ਬਣਦੀ ਓਥੇ ਪਤਾ ਕਰਨ ਗਏ। ਵੱਡੀ ਸਲਤਨਤ ਬੰਦੇ ਦੀ। ਦਾਦਿਆਂ ਬਾਬਿਆਂ ਵੇਲੇ ਦਾ ਪੀਹੜੀ ਦਰ ਪੀਹੜੀ ਕਾਰੋਬਾਰ। ਕਾਮਿਆਂ ਦੀ ਮੂਹਰੇ ਭਰਮਾਰ। ਜਦ ਦਸਿਆ ਕਿ ਸਮਾਨ ਬਾਹਰ ਮੈਂ ਕਨੇਡਾ ਖੜਨਾ ਹੈ ਤਾਂ ਬੰਦਾ ਬੋਲ ਪਿਆ ਕਿ ਮੇਰੇ ਦੋਨੋਂ ਮੁੰਡੇ ਵੀ ਕਨੇਡਾ ਨੇ ਤਾਂ ਮੈਂ ਹੈਰਾਨ ਹੋ ਕੇ ਪੁੱਛਿਆ ਇਨਾ ਵੱਡਾ ਵਪਾਰ ਛਡਕੇ ? ਤਾਂ ਬੇਬਸ ਹੋਇਆ ਬੰਦਾ ਕਹਿੰਦਾ ਨਿਆਣੇ ਆਖੇ ਨਹੀ ਲਗਦੇ ਕਿ ਬਾਹਰ ਹੀ ਜਾਣਾ ਹੈ ਅਤੇ ਖੁਦ ਇਕੱਲਾ।

ਇਸ ਇਕਲਾਪੇ ਤੋਂ ਡਰਿਆ ਬੈਠਾ ਪਰਿਵਾਰ ਵੀ ਢੱਲਦੀ ਉਮਰੇ ਨਿਆਣਿਆਂ ਦੇ ਪਿਛੇ ਦੌੜਨ ਲਈ ਹੱਥ ਪੈਰ ਮਾਰਦਾ ਸਾਫ ਦਿਸ ਰਿਹਾ ਕਿ ਇਕੱਲੇ ਇਥੇ ਕੀ ਕਰਾਂਗੇ।

ਰਿਸ਼ਤੇਦਾਰੀ ਵਿਚੋਂ ਮੈਂ ਪਤਾ ਨਹੀ ਕਿੰਨੇ ਬੰਦਿਆਂ ਨੂੰ ਨੇੜਿਓਂ ਦੇਖਿਆ ਜਿਹੜੇ ਮਹੀਨੇ ਦੇ 3-4-5 ਲੱਖ ਤੱਕ ਪੈਸਾ ਬਣਾਉਂਦੇ ਪਰ ਸਭ ਕੁਝ ਛੱਡ ਕੇ ਬਿਸਤਰੇ ਬੰਨੀ ਬੈਠੇ ਦਿਸ ਰਹੇ। ਸਭ ਉਪਰ ਸੇਲਾਂ ਦੇ ਫੱਟੇ ਵਾਲੀ ਗੱਲ ਹੈ। ਕਾਰਨ ਕਿ ਨਿਆਣੇ ਨਹੀ ਰਹਿਣਾ ਚਾਹੁੰਦੇ ਤਾਂ ਅਸੀਂ ਇੱਥੇ ਕੀ ਕਰਨਾ।

ਬਹੁਤੇ ਘਰਾਂ ਦੇ ਰੰਗ ਉਡੇ, ਪਲੱਸਤਰ ਲੱਥ ਚੁੱਕੇ, ਕੰਧਾਂ ਉਧੜ ਰਹੀਆਂ ਪਰ ਹੱਥ ਪਤਾ ਕਿਓਂ ਨਹੀ ਫੇਰ ਰਹੇ ?

ਚਲੇ ਹੀ ਜਾਣਾ ਹੁਣ ਪੈਸਾ ਕਾਹਤੋਂ ਲਾਈਏ।

ਹੁਣ ਇਥੇ ਨਵੀਆਂ ਕੋਠੀਆਂ ਜਾਂ ਘਰ ਬਣਨ ਦੇ ਰਿਵਾਜ ਘਟ ਰਹੇ ਨੇ ਕਿਓਕਿ ਨਿਆਣੇ ਜਾ ਰਹੇ ਨੇ ਸਾਡੇ ਲਈ ਤਾਂ ਦੋ ਕਮਰੇ ਹੀ ਕਾਫੀ ਨੇ ਰਹਿਣਾ ਕਿੰਨ ਕੋਠੀਆਂ ਵਿਚ।

ਮੇਰੇ ਰਿਸ਼ਤੇਦਾਰ ਨੇ ਚੰਗੀ ਤਗੜੀ ਕੋਠੀ ਪਾਈ ਸੀ। ਖੁਦ ਬਾਹਰ ਚਲੇ ਗਏ। ਮਗਰ ਭਈਆ ਟੱਬਰ ਰਖਿਆ ਵਿਆ ਸੀ। ਇਕ ਦਿਨ ਅਸੀਂ ਗੇੜਾ ਮਾਰਨ ਗਏ ਤਾਂ ਭਈਆਣੀ ਪਤਾ ਕੀ ਕਹਿੰਦੀ ?

ਸ਼ੁਕਰ ਏ ਜੀ ,ਸਾਡੇ ਘਰ, ਕੋਈ ਇਨੇ ਚਿਰ ਬਾਅਦ ਬਾਹਰੋਂ ਆਇਆ।

ਮੈਂ ਜਮੀਨ ਲਭ ਰਿਹਾ ਸੀ ਦੇਖਣ ਗਏ ਤਾਂ ਵੇਚਣ ਵਾਲਾ ਦੋ ਕੀਲੇ ਪਹਿਲਾਂ ਵੇਚ ਚੁਕਾ ਹੋਇਆ ਸੀ ਦੋ ਹੋਰ ਵੇਚ ਰਿਹਾ ਸੀ ਕਾਰਨ ਪਤਾ ਕੀ?

ਪਹਿਲੇ ਦੋ ਕੀਲੇ ਨਹੁੰ ਪੁਤ ਉਪਰ ਲਾ ਚੁਕਾ ਸੀ ਹੁਣ ਓਹ ਬਰੈਂਪਟਨ ਨੇ ਦੂਜੇ ਦੋ ਦੂਜੇ ਮੁੰਡੇ ਉਪਰ ਲਾਓਂਣੇ ਨੇ।

ਮਾਪਾ ਡਰਿਆ ਹੋਇਆ ਜਦ ਪੁਛੋ ਕਿ ਭਰਾ ਇਨਾ ਵੀ ਬੰਦੇ ਦਾ 'ਬੋਨਲੈਸ' ਹੋਣਾ ਕੀ ਹੋਇਆ ਤਾਂ ਜਵਾਬ ਪਤਾ ਕੀ ?

ਜੀ ਕਲਾ ਕਲਾ ਨਿਆਣਾ ਕੁਝ ਕਰ ਬੈਠਾ ਤਾਂ!

ਬਾਹਰਲਾ ਕੋਈ ਮੋਟਰਸਾਈਲ ਸੀ ਕਰੀਬਨ ਇਥੇ 22 ਲੱਖ ਦਾ ਆਉਂਦਾ। ਥੋੜਾ ਪੁਰਾਣਾ ਮੁੰਡੇ ਨੇ ਜਿਦ ਕਰਕੇ ਲਿਆ ਤੇਰਾਂ ਲੱਖ ਦਾ। ਮੋਟਰਸਾਈਕਲ ਆਊ ਤਾਂ ਰੋਟੀ ਖਾਊਂ ਨਹੀਂ ਤਾਂ ਭੁਖ ਹੜਤਾਲ। ਕੱਲਾ ਕੱਲਾ ਮੁੰਡਾ ਸੀ, ਮੋਟਸਾਈਲ ਆ ਗਿਆ ਹਾਲੇ ਪੰਜ ਦਿਨ ਹੋਏ 160 ਦੀ ਸਪੀਡ ਤੇ ਓਹ ਵੀ ਸ਼ਹਿਰ ਵਿਚ। ਨਾ ਮੁੰਡਾ ਲੱਭਾ ਨਾ ਮੋਟਸਾਈਲ। ਤੁਸੀਂ ਹੈਰਾਨ ਹੋਵੋਂਗੇ ਕਿ ਜਿਸ ਮਰਸਿਡੀ ਕਾਰ ਵਿਚ ਵਜਿਆ ਉਹ ਅੱਗਿਓਂ 19 ਸਾਲ ਦੇ ਮੁੰਡੇ ਨੂੰ ਪਿਓ ਨੇ ਮਿੱਤਰ ਦੀ ਮੰਗਵੀ ਲੈ ਕੇ ਦਿੱਤੀ ਹੋਈ ਸੀ।

ਬੜਾ ਚਿਰ ਪਹਿਲਾਂ ਵੀ ਮੈਂ ਲਿਖਿਆ ਸੀ ਕਿ ਪੰਜਾਬ ਨੂੰ ਬਹੁਤਾ ਤਾਂ 'ਹਮ ਦੋ ਹਮਾਰੇ ਦੋ' ਹੀ ਲੈ ਬੈਠੇ। ਹੁਣ ਹਰੇਕ ਦਾ ਨਿਆਣਾ ਮਾਂ ਪਿਓ ਨੂੰ ਬਲੈਕਮੇਲ ਕਰ ਰਿਹਾ ਅਤੇ ਉਹ ਡਰੇ ਹੋਏ ਨੇ ਨਿਆਣਿਆਂ ਤੋਂ।

ਪੰਜਾਬ ਆਏ ਭਈਏ ਦੇ ਪੰਜ ਤੋਂ ਸਤ ਨਿਆਣੇ ਨੇ ਜਿਵੇਂ ਪਹਿਲਾਂ ਸਾਡੇ ਬਜੁਰਗਾਂ ਦੇ ਹੁੰਦੇ ਸਨ। ਇੰਨੀ ਭੀੜ ਵਿਚ ਕਿਹੜਾ ਨਿਆਣਾ ਜੁਅੱਰਤ ਕਰੂ, ਕਿ ਕਰੋ ਮੰਗ ਪੂਰੀ ਨਹੀ ਲਗਾਂ ਸਲਫਾਸ ਖਾਣ।

ਪੰਜਾਬ ਸੇਲ ਹੈ ਜਿਸ ਖਰੀਦਣਾ ਖਰੀਦ ਸਕਦਾ। ਘਰ, ਕਾਰੋਬਾਰ, ਜਮੀਨ, ਕੋਠੀਆਂ ਸਭ ਵਿਕਾਊ ਨੇ ਦਸੋ ਕੀ ਦੇਣਾ ਕਿਉਂਕਿ ਅਸੀਂ ਜਾ ਰਹੇ ਹਾਂ।

ਘਰਾਂ ਵਿਚ, ਸੱਥਾਂ ਵਿਚ, ਮਹਿਫਲਾਂ ਵਿਚ, ਸਕੂਲਾਂ ਕਾਲਜਾਂ ਵਿਚ ਗੱਲ ਹੀ ਇਕ ਹੁੰਦੀ ਅਤੇ ਉਹ ਗੱਲ਼ ਕਿ ਬਾਹਰ ਕਿਵੇਂ ਨਿਕਲਣਾ।

ਬਾਹਰ ਤਾਂ ਨਿਕਲਣਾ ਕਿਉਂਕਿ ਪੰਜਾਬ ਦਾ ਮਾਂ ਪਿਓ ਡਰ ਚੁਕਾ ਹੈ ਅਤੇ ਉਹ ਵੀ ਖੁਦ ਦੀ ਹੀ ਓਲਾਦ ਤੋਂ ਅਤੇ ਇਸ ਡਰ ਵਿਚਲੀ ਬੇਬਸੀ ਤੁਸੀਂ ਪੰਜਾਬ ਦੇ ਮੂੰਹ ਤੋਂ ਸਾਫ ਪੜ੍ਹ ਸਕਦੇ ਹੋ।

TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

ਪੰਜਾਬੀ ਕਹਾਣੀ ਕਿਸ਼ਤ-1

# ਪ੍ਰਾਹੁਣਾ



ਪ੍ਰਿੰਸੀਪਲ ਸੁਜਾਨ ਸਿੰਘ

ਸੂਰਜ ਡੁੱਬ ਚੁੱਕਾ ਸੀ, ਲਹਿੰਦੇ ਤੋਂ ਲਾਲੀ ਹੌਲੀ ਹੌਲੀ ਅਲੋਪ ਹੋ ਰਹੀ ਸੀ। ਰਾਤ ਰਾਣੀ ਦੇ ਰਾਜ-ਦੂਤ ਚਾਨਣ ਵਿੱਚ ਹਨੇਰਾ ਰਲਾਉਣ ਦੇ ਆਹਰ ਵਿੱਚ ਸਨ। ਮੀਰਾਂ ਕੋਟੀਆਂ ਦੀ ਨੁਕਰੋਂ ਮੁੜ ਕੇ ਇਕ ਚੀਕਦਾ ਗੱਡਾ ਪਿੰਡ ਦੇ ਚੌਂਕ ਵੱਲ ਨੂੰ ਰੁਖ ਕਰੀ ਜਾ ਰਿਹਾ ਸੀ। ਮਗਰੇ ਮਗਰ ਤਖ਼ਤ ਸਿੰਘ ਗਾਡੀ ਚੂੜ੍ਹੇ ਨੂੰ ਗਾਲ਼ਾਂ ਕਢਦਾ ਆ ਰਿਹਾ ਸੀ ਤੇ ਉਹ ਆਪਣਾ ਗੁੱਸਾ ਬਲਦਾਂ 'ਤੇ ਕੱਢੀ ਜਾ ਰਿਹਾ ਸੀ।

ਐਨ ਇਸੇ ਵੇਲੇ ਇਕ ਨੌਜੁਆਨ ਖੱਦਰ ਦੇ ਸਾਫ਼ ਕੱਪੜੇ ਪਾਈ ਉਸੇ ਪਾਸਿਓਂ ਵੀਹੀ ਵਿਚ ਦਾਖ਼ਲ ਹੋਇਆ ਤੇ ਕਾਹਲੀ ਕਾਹਲੀ ਤੁਰਦਾ ਗਾਲ਼ਾਂ ਕੱਢ ਰਹੇ ਜੱਟ ਨਾਲ ਜਾ ਰਲਿਆ।

ਮੁਸਕਰਾ ਕੇ ਉਸ ਜੱਟ ਵੱਲ ਤਕਦਿਆਂ ਕਿਹਾ, 'ਸਰਦਾਰ! ਕਿਉਂ ਐਵੇਂ ਜ਼ਬਾਨ ਗੰਦੀ ਕਰਨਾ ਵੇਂ?

'ਭਾਊ! ਤੈਨੂੰ ਕੀ ਪਤਾ ਇਨ੍ਹਾਂ ਕਮੀਣਾਂ ਦਾ? ਸਾਰਾ ਦਿਨ ਕੱਖ ਭੰਨ ਕੇ ਦੂਹਰਾ ਨਹੀਂ ਕਰਦੇ ਤੇ ਦਾਣੇ ਮੰਗਦੇ ਨੇ ਚਾਲੀ ਚਾਲੀ ਮਣ। ਸਾਰੇ ਦਿਨ ਵਿੱਚ ਇਕ ਬਾਲਣ ਦਾ ਗੱਡਾ ਨਹੀਂ ਬਣਿਆ ਇਹਦੇ ਕੋਲੋਂ।'

ਨੌਜੁਆਨ ਹੁਣ ਗੱਡੇ ਦੇ ਬਰਾਬਰ ਪਹੁੰਚ ਚੁੱਕਾ ਸੀ। ਖੱਦਰ ਦੇ ਥੈਲੇ ਨੂੰ ਦੂਸਰੇ ਹੱਥ ਵਿਚ ਬਦਲਦਿਆਂ ਉਸ ਕਿਹਾ, 'ਬਈ ਸਰਦਾਰ, ਇਨ੍ਹਾਂ ਬੇਜ਼ਬਾਨਾਂ ਨੂੰ ਐਵੇਂ ਕਿਉਂ ਕੁੱਟੀ ਜਾਨਾਂ ਐਂ?'

ਕੰਮੀ ਚੂਹੜੇ ਨੇ ਕੋਈ ਉੱਤਰ ਨਾ ਦਿੱਤਾ, ਪਰ ਡੰਗਰਾਂ ਨੂੰ ਕੁੱਟਣੋਂ ਹਟ ਗਿਆ। ਤਖ਼ਤ ਸਿੰਘ ਹਾਲੀ ਵੀ ਚੂੜ੍ਹੇ ਨੂੰ ਗਾਲ਼ਾਂ ਕੱਢੀ ਜਾ ਰਿਹਾ ਸੀ। ਚੂੜ੍ਹੇ ਨੂੰ 'ਸਰਦਾਰ' ਆਖਿਆ ਜਾਂਦਾ ਸੁਣਕੇ ਉਸ ਮੂੰਹ ਵਟਿਆ। ਹਾਲੀ ਕੁਝ ਆਖਣਾ ਹੀ ਚਾਹੁੰਦਾ ਸੀ ਕਿ ਨੌਜੁਆਨ ਖੱਬੇ ਹੱਥ ਗੁਰਦਵਾਰੇ ਵੱਲ ਨੂੰ ਮੁੜ ਗਿਆ। ਕੁਝ ਦੂਰ ਜਾ ਕੇ ਨੌਜੁਆਨ ਨੇ ਚੌੜੇ ਪੰਜੇ ਦੀ ਟੁੱਟੀ ਹੋਈ ਜੁੱਤੀ ਨੂੰ ਪੱਬ ਵਿਚ ਅੜਾ ਕੇ ਝਾੜਿਆ। ਦੋ ਤਿੰਨ ਬਰੀਕ ਰੋੜੇ, ਜੋ ਘਸੇ ਹੋਏ ਤਲੇ ਵਿੱਚੋਂ ਅੰਦਰ ਲੰਘ ਗਏ ਸਨ, ਉਥੋਂ ਦੀ ਹੀ ਕਿਰ ਗਏ। ਕਾਹਲੀ ਕਾਹਲੀ ਤੁਰਦਾ ਉਹ ਗੁਰਦਵਾਰੇ ਦੇ ਬਾਹਰਲੇ ਬੂਹੇ ਅੱਗੇ ਪਹੁੰਚਿਆ, ਜਿੱਥੇ ਜ਼ੈਲਦਾਰ ਸਾਹਿਬ ਤੇ ਭਾਈ ਸਾਹਿਬ ਕੁਝ ਗੱਲਾਂ ਕਰ ਰਹੇ ਸਨ। ਆਖ਼ਰੀ ਗੱਲ ਜੋ ਨੌਜੁਆਨ ਨੇ ਸੁਣੀ, ਉਹ ਸੀ : 'ਜ਼ੈਲਦਾਰ ਸਾਹਿਬ, ਦਿੱਤਾ ਤਰਖਾਣ ਸ਼ੱਕੀ ਆਦਮੀ ਹੈ।ਉਹਦੇ ਘਰ ਨਿਤ ਨਵੇਂ ਆਦਮੀ ਆਉਂਦੇ ਨੇ।'

ਨੌਜੁਆਨ ਦੀ ਫ਼ਤਿਹ ਸੁਣਕੇ ਦੋਵੇਂ ਤ੍ਰਭਕ ਕੇ ਚੁਪ ਕਰ ਰਹੇ। ਨੌਜੁਆਨ ਨੇ ਲਿਬਾਸ ਤੋਂ ਪਛਾਣਦਿਆਂ ਭਾਈ ਨੂੰ ਪੁੱਛਿਆ 'ਭਾਈ ਜੀ, ਕੰਮੀਆਂ ਦੀ ਪੱਤੀ ਕਿਹੜੀ ਜੇ?'

ਭਾਈ ਜੀ ਦੇ ਜੁਆਬ ਦੇਣ ਤੋਂ ਪਹਿਲਾਂ ਹੀ ਜ਼ੈਲਦਾਰ ਸਾਹਿਬ ਨੇ ਸਵਾਲ ਕੀਤਾ, 'ਕੀਹਦੇ ਜਾਣਾ ਐ ਓਇ ਤੂੰ?' ਆਉਣ ਵਾਲੇ ਦੇ ਮੂੰਹੋਂ ਨਿਕਲ ਗਿਆ, 'ਭਾਈ ਜੀ! ਮੈਂ ਕੰਮੀਆਂ ਦੀ ਪੱਤੀ ਜਾਣਾ ਹੈ ਕਿਸੇ ਦੇ।'

ਗੁੱਸੇ ਵਿੱਚ ਲਾਲ ਪੀਲਾ ਹੋਇਆ ਜ਼ੈਲਦਾਰ ਹਾਲੀ ਕੁਝ ਕੜਕਣਾ ਹੀ ਚਾਹੁੰਦਾ ਸੀ, ਕਿ ਭਾਈ ਹੋਰੀਂ ਗੱਜ ਉਠੇ, 'ਭਾਈ ਜੀ ਕੀ ਹੁੰਦਾ ਓਇ? ਸਰਦਾਰ ਸਾਹਿਬ ਕਹੁ ਜ਼ੈਲਦਾਰ ਸਾਹਿਬ ਨੂੰ।'

'ਭਾਈ ਜੀ, ਮੁਆਫ਼ ਕਰਨਾ, ਪਰ 'ਭਾਈ ਜੀ' ਕੋਈ ਭੈੜਾ ਬਚਨ ਤੇ ਨਹੀਂ। ਸੁਣਿਆ ਗੁਰੂ ਗਰੰਥ ਸਾਹਿਬ ਵਿਚ ਆਉਂਦਾ, 'ਏਕ ਪਿਤਾ ਏਕਸ ਕੇ ਹਮ ਬਾਰਿਕ'। ਫੇਰ ਭਾਈ ਭਾਈ ਹੀ ਤਾਂ ਹੋਏ ਅਸੀਂ ਸਾਰੇ।'

ਜ਼ੈਲਦਾਰ ਸਾਹਿਬ ਬੋਲੇ, 'ਤੂੰ ਹੈਗਾ ਕੌਣ ਐਂ ਓਇ?'

'ਸਰਦਾਰ ਸਾਹਿਬ! ਮੈਂ ਵੀ ਤੁਹਾਡੇ ਜਿਹਾ ਇਕ ਰੱਬ ਦਾ ਬੰਦਾ ਹਾਂ।' ਨੌਜੁਆਨ ਨੇ ਅਧੀਨਗੀ ਨਾਲ ਕਿਹਾ।

ਜ਼ੈਲਦਾਰ ਸਾਹਿਬ ਕਹਿਣ ਲੱਗੇ, 'ਓਇ ਬੇਵਕੂਫ਼ਾ, ਮੇਰਾ ਮਤਲਬ ਹੈ, ਤੇਰਾ ਨਾਂ, ਜਾਤ, ਕੰਮ, ਪਤਾ, ਟਿਕਾਣਾ ਕੀ ਹੈ?'

'ਮੇਰਾ ਨਾ ਕੁਰਬਾਨ ਸਿੰਘ, ਜਾਤ ਸਿੱਖ, ਕੰਮ ਪਿੰਡ ਪਿੰਡ ਫਿਰਨਾ ਤੇ ਹੁਣ ਦਾ ਪਤਾ ਚੱਕ 123 ਸਰਗੋਧਾ ਹੈ।'

'ਬੜਾ ਨੁਕਰੋਂ ਕੂਨਾ ਓਇ ਤੂੰ?' ਭਾਈ ਨੇ ਜ਼ੈਲਦਾਰ ਦਾ ਪੱਖ ਕਰਦਿਆਂ ਕਿਹਾ, 'ਸਿੱਖ ਵੀ ਕੋਈ ਜ਼ਾਤ ਹੈ? ਜਾਤ ਦਸ ਦੇ ਖਾਂ, ਅਸੀਂ ਹਾਂ ਖੱਤਰੀ ਬਾਵੇ ਤੇ ਇਹ ਹਨ ਜੱਟ ਸਰਦਾਰ।'

'ਭਾਈ ਜੀ, ਮੈਂ ਤੇ ਸਿੱਧੀ ਗੱਲ ਸਿੱਧੀ ਤਰ੍ਹਾਂ ਕਰਦਾਂ ਜਿਥੋਂ ਤੱਕ ਮੈਂ ਜਾਣਦਾਂ ਸਿੱਖ ਧਰਮ ਵੀ ਹੈ ਤੇ ਸਮਾਜ ਵੀ, ਤੇ ਇਸ ਭਾਈਚਾਰੇ ਵਿੱਚ ਕੋਈ ਜਾਤ-ਗੋਤ ਦਾ ਵਿਚਾਰ ਨਹੀਂ।'

ਭਾਈ ਜੀ ਨੇ ਜ਼ੈਲਦਾਰ ਸਾਹਿਬ ਵਲ ਤੱਕਦਿਆਂ ਤੇ ਖੱਦਰ-ਪੋਸ਼ ਵਲ ਇਸ਼ਾਰਾ ਕਰਦਿਆਂ ਕਿਹਾ, 'ਸਾਨੂੰ ਪੜ੍ਹਾਉਣ ਆਇਆ, ਗੁਰੂ ਦਸਮ ਪਾਤਸ਼ਾਹ ਨੇ ਨਹੀਂ ਆਖਿਆ ਬਚਿਤ੍ਰ ਨਾਟਕ ਵਿਚ 'ਛਤ੍ਰੀ ਕਾ ਪੂਤ ਹੌਂ', ਫੇਰ ਉਨ੍ਹਾਂ ਜਾਤ ਪਾਤ ਮੰਨੀ ਕਿ ਨਾ?'

ਇੰਨੇ ਨੂੰ ਭਾਈਆਣੀ ਲਾਲਟੈਣ ਲੈ ਕੇ ਬਾਹਰ ਨਿਕਲੀ। ਜ਼ੈਲਦਾਰ ਸਾਹਿਬ ਨੇ ਭਾਈ ਸਾਹਿਬ ਨੂੰ ਅੱਖ ਮਾਰੀ ਤੇ ਕਹਿਣ ਲੱਗੇ, 'ਜਾਣ ਦਿਓ ਭਾਈ ਜੀ, ਇਸ ਮੂਰਖ ਨੂੰ ਕੋਈ ਸਮਝ ਆਉਣੀ ਹੈ। ਹੋਇਗਾ ਕੋਈ ਚੂੜ੍ਹਾ ਚਪੜਾ।'

ਭਾਈ ਸਾਹਿਬ ਵਾਜ ਤੇ ਲੱਗੇ ਬਟੇਰੇ ਵਾਂਗ ਬੋਲ ਉਠੇ, 'ਗੁਰਦੁਆਰੇ ਵਿੱਚ ਤਾਂ ਤੁਹਾਡੇ ਲਈ ਕੋਈ ਥਾਂ ਨਹੀਂ। ਪਿੰਡ ਦੀ ਖੱਬੀ ਬਾਹੀ ਕੰਮੀਆਂ ਦੀ ਪੱਤੀ ਹੈ, ਤੇ ਉਦੋਂ ਪਰ੍ਹੇ ਬਾਹਰ-ਵਾਰ ਚੂੜ੍ਹਿਆਂ ਦੀ ਠੱਠੀ। ਉਥੇ ਤੈਨੂੰ ਤੇਰੇ ਜ਼ਾਤ-ਭਰਾ ਮਿਲ ਪੈਣਗੇ।'

'ਸਤਿ ਸ੍ਰੀ ਅਕਾਲ' ਕਹਿ ਕੇ ਜਦ ਉਹ ਕੰਮੀਆਂ ਦੀ ਪੱਤੀ ਵਲ ਤੁਰਿਆ ਤਾਂ ਭਾਈ ਸਾਹਿਬ ਕਹਿ ਰਹੇ ਸਨ, 'ਨਾਸਤਕ ਹਨ, ਨਾਸਤਕ, ਜਾਤ ਪਾਤ ਨਹੀਂ ਮੰਨਦੇ, ਧਰਮ ਭ੍ਰਿਸ਼ਟ ਕਰਦੇ ਫਿਰਦੇ ਹਨ।'

ਜ਼ੈਲਦਾਰ ਸਾਹਿਬ ਕੁਝ ਹੋਰ ਸੋਚ ਰਿਹਾ ਸੀ। ਸਾਹਮਣੇ ਘਰੋਂ ਕਰਮੂ ਨੂੰ ਵਾਜ ਮਾਰੀ ਤੇ ਕੰਨ ਵਿੱਚ ਕਹਿਕੇ ਉਸ ਨੂੰ ਨੌਜੁਆਨ ਦੇ ਮਗਰ ਪਰਛਾਵੇਂ ਵਾਂਗ ਲਾ ਦਿੱਤਾ।

ਕੰਮੀਆਂ ਦੀ ਪੱਤੀ ਦੇ ਮੋੜ 'ਤੇ ਮੁੰਡੇ ਖੇਡ ਰਹੇ ਸਨ। ਨੌਜੁਆਨ ਨੇ ਪੁਛਿਆ, 'ਕੋਈ ਕੇਹਰ ਸਿੰਘ ਹੈ ਇਸ ਪੱਤੀ ਵਿੱਚ?'

ਮੁੰਡੇ ਖੇਡ ਛੱਡ ਕੇ ਕੱਠੇ ਹੋ ਗਏ। ਸੋਚ ਸੋਚ ਕੇ ਤੇ ਇਕ ਦੂਸਰੇ ਨੂੰ ਪੁੱਛ ਪੁੱਛਾ ਕੇ ਕਹਿਣ ਲੱਗੇ, 'ਕੇਹਰ ਸਿੰਘ ਤੇ ਇਥੇ ਕੋਈ ਨਹੀਂ, ਹਾਂ ਕੇਹਰ ਸਿੰਘ ਹੈ ਜੱਟ, ਦੂਸਰੀ ਪੱਤੀ।'

'ਲਾਲ ਸਿੰਘ?' ਉਸ ਫਿਰ ਪੁੱਛਿਆ।

'ਉਹ ਤੇ ਸਾਰੇ ਪਿੰਡ ਵਿਚ ਕੋਈ ਨਹੀਂ।' ਇਕ ਸਿਆਣੇ ਮੁੰਡੇ ਨੇ ਕਿਹਾ।

'ਕੋਈ ਨਾਮ੍ਹਾ, ਸੰਤੂ, ਹਸੂ, ਚਾਘਾ, ਦੌਲਾ ਕੋਈ ਨਹੀਂ?'

'ਸੰਤੂ ਤੇ ਹੈਗਾ ਇਕ' ਇਕ ਮੁੰਡੇ ਨੇ ਆਖਿਆ।

ਕਰਮੂੰ, ਜਿਹੜਾ ਹੁਣ ਉਥੇ ਪਹੁੰਚ ਚੁੱਕਾ ਸੀ, ਬੋਲ ਉਠਿਆ, 'ਸੰਤੂ ਕਿਹੜਾ ਓਏ ਰਹਿਮਿਆ?'

'ਭਾਊ ਉਹ ਸੰਤਾ ਸਿਹੁੰ ਪੈਂਚ।'

'ਹਾਹੋ, ਠੀਕ ਆ, ਸੰਤਾ ਮਹਿਰ।'

'ਤੇ ਤੂੰ ਮਖ ਉਨ੍ਹਾਂ ਦੇ ਘਰ ਜਾਣਾ ਵਾਂ। ਆ ਮੈਂ ਛੱਡ ਆਵਾਂ ਤੈਨੂੰ ਭਾਊ', ਕਰਮੂੰ ਨੇ ਆਖਿਆ ਤੇ ਉਸ ਨੂੰ ਮਗਰ ਲੈ ਤੁਰਿਆ। ਇਕ ਨਿੱਕਾ ਜਿਹਾ ਲਿਪਿਆ ਪੋਚਿਆ ਘਰ ਸੀ, ਜਿਸ ਦੇ ਬੂਹੇ ਅੱਗੇ ਲਿਜਾ ਕੇ ਕਰਮੂੰ ਨੇ ਕਿਹਾ, 'ਆਹ ਈ ਸੰਤੇ ਦਾ ਘਰ ਵਾਜ ਮਾਰ ਲੈ ਮਖ।'

ਹਾਲੀ ਖੱਦਰ-ਪੋਸ਼ ਨੇ 'ਸਰਦਾਰ ਸੰਤਾ ਸਿੰਘ, ਸਰਦਾਰ ਸੰਤਾ ਸਿੰਘ' ਕਰ ਕੇ ਵਾਜਾਂ ਮਾਰਨੀਆਂ ਸ਼ੁਰੂ ਹੀ ਕੀਤੀਆਂ ਸਨ ਕਿ ਕਰਮੂੰ, ਨਾਲ ਦੇ ਘਰ ਜਾ ਵੜਿਆ।

ਝੀਤਾਂ ਵਿੱਚੋਂ ਡਿਉਢੀ ਵਿਚ ਕੰਬਦਾ ਚਾਨਣ ਆਉਂਦਾ ਦਿਸਿਆ ਤੇ ਨਾਲ ਹੀ ਕਿਸੇ ਬਰੀਕ ਜਨਾਨਾ ਅਵਾਜ਼ ਵਿਚ ਆਖਿਆ, 'ਜੀ ਇਹ ਸਰਦਾਰ ਸੰਤਾ ਸਿੰਘ ਦਾ ਘਰ ਨਹੀਂ, ਉਨ੍ਹਾਂ ਦਾ ਘਰ 'ਦੂਸਰੀ......'

ਪਿੰਡ ਪਿੰਡ ਫਿਰਨ ਵਾਲੇ ਨੌਜੁਆਨ ਨੇ ਹੈਰਾਨ ਹੋ ਕੇ ਪੁਛਿਆ, 'ਤਾਂ ਕੀ ਇਹ ਸਰਦਾਰ ਸੰਤਾ ਸਿੰਘ ਪੈਂਚ ਦਾ ਘਰ ਨਹੀਂ?' 'ਪੈਂਚ ਦਾ ਘਰ ਤਾਂ ਇਹੋ ਹੈ ਜੀ ਦੂਜਾ ਨੰਬਰਦਾਰ ਹੈ।'

'ਮੈਂ ਤਾਂ ਸੰਤਾ ਸਿੰਘ ਮਹਿਰੇ ਦੇ ਜਾਣਾ ਹੈ।' ਬੇ-ਘਰ ਨੌਜੁਆਨ ਨੇ ਗਲ਼ ਨੂੰ ਸਾਫ਼ ਕਰਨ ਦੇ ਖ਼ਿਆਲ ਨਾਲ ਕਿਹਾ। ਬੂਹਾ ਖੁਲ੍ਹ ਗਿਆ। ਦੀਵੇ ਦੀ ਲਾਟ ਨੂੰ ਹਵਾ ਦੀ ਮਾਰ ਤੋਂ ਬਚਾਉਣ ਲਈ, ਜੋ ਲੰਮਾ ਹੱਥ ਓਟ ਦਾ ਕੰਮ ਦੇ ਰਿਹਾ ਸੀ, ਉਹ ਚਾਨਣ ਨੂੰ ਪਰਤਾ ਕੇ ਉਸ ਮੁਟਿਆਰ ਦੇ ਸੋਹਣੇ ਚਿਹਰੇ 'ਤੇ ਵੀ ਪਾ ਰਿਹਾ ਸੀ, ਮਨਚਲੇ ਨੌਜੁਆਨ ਦੇ ਦਿਲ ਵਿਚ ਖ਼ਿਆਲ ਗੁਜ਼ਰਿਆ : ਇਸ ਨੂੰ ਕਹਿੰਦੇ ਹਨ, ਸੂਰਜ ਨੂੰ ਦੀਵਾ ਦਿਖਾਉਣਾ।



ਕੁਝ ਅਰਧ-ਘਬਰਾਹਟ ਜਹੀ ਹਾਲਤ ਵਿਚ ਉਸ ਕਿਹਾ, 'ਮੈਂ ਉਨ੍ਹਾਂ ਦਾ ਪ੍ਰਾਹੁਣਾ ਹਾਂ।' ਕੁੜੀ ਝੱਟ ਖੁੱਲੇ ਤਾਕ ਦੇ ਓਹਲੇ ਹੋ ਗਈ ਤੇ ਦੀਵਾ ਉਸਦੇ ਹੱਥੋਂ ਡਿੱਗ ਪਿਆ। ਕੁਝ ਚਿਰ ਮਗਰੋਂ ਹਨੇਰੇ ਵਿਚੋਂ ਕੰਬਦੀ ਦਬੀ ਹੋਈ ਅਵਾਜ਼ ਆਈ 'ਬਾਪੂ ਜੀ ਘਰ ਨਹੀਂ ਹਨ।'

'ਮੈਂ ਆ ਗਿਆ ਪੁੱਤਰ' ਖ਼ਾਨਾ-ਬਦੋਸ਼ ਨੌਜੁਆਨ ਨੇ ਕੋਲ ਪਹੁੰਚ ਰਹੇ ਕਦਮਾਂ ਦੀ ਆਵਾਜ਼ ਨਾਲ ਸੁਣਿਆ। ਪਲ ਕੁ ਮਗਰੋਂ ਉਸੇ ਕ੍ਰਿਪਾਨਧਾਰੀ ਨੇ ਕੋਲ ਪਹੁੰਚ ਕੇ ਪੁਛਿਆ, 'ਕਿਸ ਨੂੰ ਮਿਲਣਾ ਜੇ, ਸਰਦਾਰ ਜੀ?'

'ਤੁਹਾਨੂੰ! ਮੈਂ ਅੱਜ ਦੀ ਰਾਤ ਤੁਹਾਡੇ ਕੱਟਣੀ ਚਾਹੁੰਦਾ ਹਾਂ।'

'ਧੰਨ ਭਾਗ! ਜੋ ਸੇਵਕ ਕਿਸੇ ਕੰਮ ਆ ਸਕੇ।' ਤੇ ਫੇਰ ਅੰਦਰ ਹੋ ਕੇ ਉਸ ਕਿਹਾ, 'ਏ ਮੁੰਨੋਂ, ਕੋਈ ਗੁਰਮੁਖ ਰਾਤੀਂ ਸਾਡੇ ਘਰ ਪ੍ਰਸ਼ਾਦ ਛਕੇਗਾ ਤੇ ਰਾਤ ਰਹੇਗਾ ਹੈਂ, ਅੱਜ ਦੀਵਾ ਹੀ ਨਹੀਂ ਬਾਲਿਆ?'

'ਬਾਪੂ ਜੀ, ਹੁਣੇ ਹੀ ਬੁਝਿਆ ਹੈ, ਬਾਲਣ ਲੱਗੀ ਆਂ।' ਝਟ ਮਗਰੋਂ ਚੁਲ੍ਹੇ ਦੀ ਲਾਟ ਨਾਲ ਪੱਛੀ ਨੇ ਜਗ ਕੇ ਰਸੋਈ ਵਿਚ ਚਾਨਣ ਕਰ ਦਿੱਤਾ ਤੇ ਦੀਵਾ ਜਗਾ ਕੇ ਕੁੜੀ ਨੇ ਕੰਧ ਵਿੱਚ ਗਡੇ ਦੀਵਟ ਤੇ ਰੱਖ ਦਿੱਤਾ।

ਜਦ ਦੋਵੇਂ ਜਣੇ ਡਿਉਢੀ ਪਾਰ ਕਰਕੇ ਛੱਤੀ ਹੋਈ ਰਸੋਈ ਪਾਸ ਪਹੁੰਚੇ ਤਾਂ ਸੰਤਾ ਸਿੰਘ ਨੇ ਨੌਜੁਆਨ ਦੇ ਮੂੰਹ ਵੱਲ ਚੰਗੀ ਤਰ੍ਹਾਂ ਦੇਖ ਕੇ ਕੁੜੀ ਨੂੰ ਕਿਹਾ, 'ਜਗੀਰੋ ਬਾਰਾਂ ਵਿਚ 'ਪ੍ਰਾਹੁਣਾ' ਜਵਾਈ ਨੂੰ ਆਖਣ ਲੱਗ ਪਏ ਨੇ। ਦੇਸ਼ ਵੱਲ ਪ੍ਰਾਹੁਣਾ ਕਿਸੇ ਸਾਕ ਸੰਬੰਧੀ ਜਾਂ ਰਾਤ ਕਟਣ ਵਾਲੇ ਨੂੰ ਆਖਦੇ ਨੇ।ਹੋਰ ਕੋਈ ਗੱਲ ਨਹੀਂ। ਤੇ ਕੀ ਚਾੜ੍ਹਿਆ ਈ ਮੁੰਨੋ?'

'ਦਾਲ' ਉਸ ਆਖਿਆ ਤੇ ਖ਼ਬਰੇ ਕੀ ਸੋਚ ਕੇ, ਪਹਿਲਾਂ ਨਾਂ ਨਾ ਲਿਆ। ਪਿਓ ਸਮਝ ਗਿਆ ਤੇ ਪਰਨਾ ਮੋਢੇ ਤੋਂ ਲਾਹ ਕੇ ਆਖਣ ਲਗਾ, 'ਆਹ ਦੋ ਆਲੂ ਤੇ ਪਰਨਾ, ਅੰਦਰੋਂ ਇਕ ਅੱਧੀ ਵੱਡੀ ਕੱਢ ਕੇ ਪ੍ਰਾਹੁਣੇ ਲਈ ਭੁੰਨ ਲੈ। ਆਓ ਸਰਦਾਰ ਜੀ! ਅਸੀਂ ਵੀ ਏਥੇ ਹੀ ਬੈਠ ਜਾਈਏ। ਅੱਗ ਸੇਕਣ ਦੀ ਇਹੋ ਈ ਰੁੱਤ ਹੁੰਦੀ ਆ ਕੇ, ਮੁੰਨੋ ਦੇਹ ਪੀੜ੍ਹੀ ਪ੍ਰਾਹੁਣੇ ਨੂੰ।'

ਕੁੜੀ ਨੇ ਚੁਪ ਚਾਪ ਸਿਰ ਨੀਵਾਂ ਕੀਤੀ ਪੀੜ੍ਹੀ ਥਲਿਓਂ ਕੱਢ ਕੇ ਅੱਗੇ ਰੱਖ ਦਿੱਤੀ। ਨੌਜੁਆਨ ਨੇ ਪੀੜ੍ਹੀ ਚੁਕ ਕੇ ਘਰ ਦੇ ਮਾਲਿਕ ਅੱਗੇ ਰੱਖ ਕੇ ਬੈਠਣ ਲਈ ਆਖਿਆ। ਪਰ ਉਹ ਲਾਗੇ ਪਏ ਮੂਹੜੇ 'ਤੇ ਬੈਠ ਚੁੱਕਾ ਸੀ।ਲਾਚਾਰ ਉਸਨੂੰ ਪੀੜ੍ਹੀ ਤੇ ਬੈਠਣਾ ਪਿਆ ਤੇ ਕੁੜੀ ਅੰਦਰੋਂ ਹੋਰ ਪੱਛੀਆਂ ਦਾ ਮੂਹੜਾ ਲੈ ਕੇ ਬੈਠ ਗਈ।

ਨੌਜੁਆਨ ਨੇ ਬਾਪੂ ਨੂੰ ਕਹਿ ਕੇ ਧੀ ਨੂੰ ਸੁਣਾਇਆ, 'ਤੁਸੀਂ ਆਲੂਆਂ ਦੀ ਖੇਚਲ ਨਾ ਕਰੋ ਮੇਰੇ ਲਈ ਤੁਹਾਡੀ ਛੋਲਿਆਂ ਦੀ ਦਾਲ ਹੀ ਸ਼ਾਹੀ ਖਾਣਿਆਂ ਦੇ ਬਰਾਬਰ ਹੈ। ਲਗਾਤਾਰ ਕੰਮੀਆਂ ਦਾ ਪ੍ਰਾਹੁਣਾ ਬਣ ਬਣ ਕੇ ਮੈਂ ਦਾਲਾਂ, ਅਚਾਰ, ਗੰਢਿਆਂ ਨਾਲ ਰੋਟੀ ਖਾਣ ਦਾ ਆਦੀ ਹੋ ਗਿਆ ਹਾਂ।'

ਕੁੜੀ ਨੇ ਆਪਣੀ ਇਸ ਚੁਪ ਨੂੰ ਤੋੜਦਿਆਂ ਕਿਹਾ, 'ਲਓ ਖਾਂ, ਖੇਚਲ ਕਾਹਦੀ ਐ?'

'ਮੇਰਾ ਮੂੰਹ ਵੀ ਅੱਜ ਸੁਆਦ ਮੰਗਦਾ ਸੀ। ਦੋ ਆਲੂ ਦਿਵਾਨ ਕਰਾੜ ਦਿਉਂ ਫੜੀ ਆਇਆਂ। ਵੜੀਆਂ ਘਰ ਦੀਆਂ ਨੇ, ਕੋਈ ਤੁਹਾਡੇ ਨਾਲ ਉਚੇਚ ਤੇ ਨਹੀਂ ਕੀਤੀ।' ਪੈਂਚ ਨੇ ਆਖਿਆ।

'ਤੁਹਾਡੀ ਮਰਜ਼ੀ,' ਨੌਜੁਆਨ ਨੇ ਕਿਹਾ ਤੇ ਲੱਕੜ ਹਿਲਾ ਕੇ ਅਗਾਂਹ ਕਰ ਦਿੱਤੀ।

ਕੁੜੀ ਬੋਲੀ, 'ਬਾਪੂ ਜੀ, ਅੱਜ ਧਾਰ ਤੁਸੀਂ ਕੱਢ ਲਓ। ਦਾਲ ਤੇ ਹੋ ਗਈ ਐ, ਮੈਂ ਆਲੂ ਬਣਾ ਲਵਾਂ।' ਮਹੀਂ ਖੁਰਲੀ ਤੇ ਕਾਹਲੀ ਪਈ ਹੋਈ ਸੀ ਤੇ ਕੱਟਾ ਉਸ ਤੋਂ ਵੀ ਵੱਧ ਕਾਹਲਾ। ਨਿੱਕੀ ਵਲਟੋਹੀ ਲੈ ਕੇ ਜਦੋਂ ਪੈਂਚ ਮਹੀ ਚੋਣ ਉਠਿਆ ਤਾਂ ਕੱਟਾ ਫੜਨ ਲਈ ਨੌਜੁਆਨ ਵੀ ਨਾਲ ਤੁਰਿਆ, ਪਰ 'ਤੁਸੀਂ ਬੈਠੋ ਅਰਾਮ ਕਰੋ, ਕਾਕਾ ਥੱਕਿਆ ਹੋਵੇਂਗਾ।' ਆਖ ਕੇ ਜਗੀਰੋ ਦੇ ਬਾਪੂ ਨੇ ਉਸ ਨੂੰ ਉਥੇ ਬੈਠਣ ਲਈ ਮਜ਼ਬੂਰ ਕੀਤਾ।ਕੁੜੀ ਉਠ ਕੇ ਅੰਦਰੋਂ ਵਲੈਤੀ ਨਮੂਨੇ ਦਾ ਚਾਕੂ ਤੇ ਚਾਰ ਵੜੀਆਂ ਫੜ ਲਿਆਈ। ਆਲੂ ਖੋਲ੍ਹ ਕੇ ਉਸ ਛਿਲਣੇ ਸ਼ੁਰੂ ਕੀਤੇ।ਮੁੰਡੇ ਨੇ ਕਿਹਾ, 'ਮੈਂ ਆਲੂ ਛਿਲ ਲੈਂਦਾ ਹਾਂ ਜੀ, ਤੁਸੀਂ ਹੋਰ ਕੰਮ ਕਰ ਲਵੋ।'

ਕੁੜੀ ਨੇ ਨੀਵੀਂ ਨਜ਼ਰ ਨਾਲ ਬਿਨਾਂ ਕੁਝ ਕਿਹਾਂ ਆਲੂਆਂ ਵਾਲਾ ਭਾਂਡਾ ਤੇ ਚਾਕੂ ਨੌਜੁਆਨ ਨੂੰ ਫੜਾ ਦਿੱਤੇ। ਤੇ ਆਪ ਹਾਰਿਆਂ ਤੋਂ ਕੂੰਡੀ ਡੰਡਾ ਲਾਹ ਕੇ ਮਿਰਚਾਂ ਪੀਸਣ ਲਗ ਪਈ। ਮਿਰਚਾਂ ਇਕ ਜਾਨ ਕਰਕੇ, ਦਾਤੀ ਨਾਲ ਗੰਢੇ ਚੀਰ ਕੇ, ਉਹ ਕੂੰਡੇ ਵਿਚ ਸੁੱਟਣ ਲੱਗੀ ਸੀ, ਜਦ ਨੌਜੁਆਨ ਨੇ ਕਿਹਾ, 'ਕੁੱਟ ਕੇ ਮਸਾਲਾ ਪਾਇਆਂ ਬਹੁਤੀ ਮਿਹਨਤ ਹੋਵੇਗੀ। ਗੰਢੇ ਲਾਲ ਕਰ ਕੇ ਮਸਾਲਾ ਕਿਉਂ ਨਹੀਂ ਬਣਾ ਲੈਂਦੇ।' ਕੁੜੀ ਨੇ ਕੂੰਡੇ ਵਿਚ ਗੰਢੇ ਸੁਟਣੇ ਬੰਦ ਕਰ ਦਿਤੇ। ਕਾੜ੍ਹਨੀ ਵਿੱਚ ਕੜਛੀ ਮਾਰ ਕੇ ਉਸ ਦਾਲ ਲਾਹ ਲਈ। ਇਨੇ ਨੂੰ ਮਹੀਂ ਚੋ ਕੇ ਪੈਂਚ ਆ ਗਿਆ। ਕੁਝ ਦੁਧ ਉਸ ਕਾੜ੍ਹਨੇ ਵਿਚ ਪਾ ਦਿਤਾ ਤੇ ਬਾਕੀ ਉਸ ਵਲਟੋਹੀ ਵਿੱਚ ਹੀ ਢੱਕ ਕੇ ਹਾਰਿਆਂ 'ਤੇ ਰੱਖ ਦਿਤਾ। ਕੁੜੀ ਨੇ ਤਾਂਬੀਆ ਚੁਲ੍ਹੇ ਤੇ ਰੱਖ ਕੇ ਖੁਲ੍ਹਾ ਢੱਕਣ ਛੱਡ ਦਿੱਤਾ। ਛਾਹ ਸੜਨ ਤੋਂ ਪਿਛੋਂ ਉਸ ਵੜੀਆਂ ਉਸ ਵਿਚੋਂ ਲਾਲ ਕਰ ਕੇ ਕੱਢ ਲਈਆਂ। ਕੁਤਰੇ ਹੋਏ ਗੰਢੇ ਸੁੱਟ ਕੇ ਉਸ ਕੇਸਰੀ ਕਰ ਲਏ ਤੇ ਪਾਣੀ ਤੇ ਸੁੱਕਾ ਮਸਾਲਾ ਪਾਕੇ ਮਸਾਲਾ ਤਿਆਰ ਕਰਨ ਮਗਰੋਂ ਆਲੂ ਵਿਚ ਭੁੰਨ ਕੇ ਪਾਣੀ ਪਾ ਦਿੱਤਾ।

ਪੈਂਚ ਨੇ ਜੋ ਮੂੜੇ 'ਤੇ ਚੁਪ ਕਰ ਕੇ ਬੈਠਾ ਸੀ,.. ਗੱਲ ਸ਼ੁਰੂ ਕੀਤੀ, 'ਮੁੰਨੋ ਸਾਡੀ ਘਰ ਦੇ ਕੰਮਾਂ ਵਿਚ ਸੁਘੜ ਹੈ। ਰੋਟੀ ਤੇ ਬੜੀ ਸੋਹਣੀ ਪਕਾਉਂਦੀ ਹੈ। ਪਹਿਲਾ ਗੁਰਦੁਆਰੀਆ ਵਿਚਾਰਾ ਬੜਾ ਚੰਗਾ ਸੀ। ਉਸ ਕੋਲੋਂ ਇਸ ਗੁਰਮੁਖੀ ਦੀਆਂ ਪੰਜ ਚਾਰ ਕਿਤਾਬਾਂ ਪੜ੍ਹੀਆਂ ਸਨ ਤੇ ਪਾਠ ਵੀ ਕਰ ਲੈਂਦੀ ਹੈ। ਸੋਢੀਆਂ ਦੀ ਨੂੰਹ ਲਾਇਲਪੁਰ ਵੱਡੀ ਮਾਸਟਰਿਆਣੀ ਐ ਨਾ। ਉਹ ਦੋ ਕੁ ਵਰੇ ਹੋਏ ਤਾਂ ਛੇ ਕੁ ਮਹੀਨੇ ਚੱਕ ਰਹੀ ਸੀ। ਉਸ ਨੇ ਇਸ ਨੂੰ ਕਈ ਕਿਤਾਬਾਂ ਪੜ੍ਹਾ ਛੱਡੀਆਂ। ਅੰਗਰੇਜ਼ੀ ਦਾ ਕੈਦਾ ਵੀ ਲਾਇਆ ਸੀ, ਪਰ ਫੇਰ ਉਹ ਚਲੀ ਗਈ। ਮੇਰੇ ਕੋਲ ਵੀ ਐਸ ਵੇਲੇ ਇਸ ਦੇ ਬਿਨਾ ਕੋਈ ਨਹੀਂ, ਕੁੜੀ ਵਰ-ਪ੍ਰਵਾਣ ਐ।'

ਕੁੜੀ ਆਪਣੀ ਤਾਰੀਫ ਸੁਣ ਕੇ ਆਪਣੀ ਖ਼ੁਸ਼ੀ ਤੇ ਪੜਦਾ ਪਾਈ ਜਾ ਰਹੀ ਸੀ। ਇਥੇ ਪਹੁੰਚ ਕੇ ਉਸਦੀਆਂ ਗੋਰੀਆਂ ਅਨਛੋਹ ਗੱਲ੍ਹਾਂ ਤੇ ਇਕ ਐਸੀ ਗੂੜ੍ਹੀ ਲਾਲੀ ਫਿਰ ਗਈ, ਜਿਸਨੂੰ ਨੌਜੁਆਨ ਨੇ ਦੀਵੇ ਦੇ ਮਧਮ ਚਾਨਣ ਵਿਚ ਵੀ ਦੇਖ ਲਿਆ।

ਸੰਤਾ ਸਿੰਘ ਨੇ ਗੱਲ ਜਾਰੀ ਰਖੀ : 'ਆਪਣੀ ਬਰਾਦਰੀ ਵਿੱਚ ਸਾਨੂੰ ਕੋਈ ਇਸਦੇ ਲਾਇਕ ਵਰ ਲਭਦਾ ਨਹੀਂ। ਬੜੀ ਕੁੜਿੱਕੀ ਵਿਚ ਫਾਥੇ ਆਂ, ਹੋਰ ਉਡੀਕ ਵੀ ਨਹੀਂ ਹੁੰਦਾ; ਜੁਆਨ ਜਹਾਨ ਹੀ ਹੋਈ। ਮਾਂ ਤੇ ਵਿਚਾਰੀ ਦੀ ਪੰਜਾਂ ਵਰ੍ਹਿਆਂ ਦੀ ਛੱਡ ਕੇ ਮਰ ਗਈ ਸੀ।'

'ਤੇ ਤੁਸੀਂ ਕਿਸੇ ਹੋਰ ਬਰਾਦਰੀ ਵਿੱਚ ਵਿਆਹ ਕਰ ਦਿਓ' ਨੌਜੁਆਨ ਨੇ ਆਖਿਆ।

'ਨਹੀਂ ਨਾ ਬਣਦਾ। ਮੁੰਨੋ ਦਾ ਵੱਡਾ ਭਰਾ ਕਾਲੀ ਮਿੱਟੀ ਫਿਟਰ ਹੈ, ਲਿਖਿਆ ਸੀ। ਹੁਣ ਮਿਸਤਰੀ ਬਨਣ ਵਾਲਾ ਹੈ। ਉਸ ਨੂੰ ਵੀ ਵਿਆਹੁਣਾ ਹੋਇਆ। ਜੇ ਕੁੜੀ ਹੋਰ ਬਰਾਦਰੀ ਵਿਚ ਵਿਆਹ ਦੇਈਏ ਤੇ ਆਪਣੀ ਬਰਾਦਰੀ ਅੰਨ-ਪਾਣੀ ਛੇਕ ਦਿੰਦੀ ਹੈ। ਤੇ ਦੂਸਰੀਆਂ ਬਰਾਦਰੀਆਂ ਵਾਲੇ ਧੀਆਂ ਲੈ ਲੈਂਦੇ ਹਨ, ਪਰ ਦਿੰਦੇ ਨਹੀਂ। ਮੈਂ ਕਹਿਨਾਂ ਗੁਰੂ ਨਾਨਕ ਨੇ ਤੇ ਚਾਰੇ ਵਰਣ ਇਕੋ ਕੀਤੇ ਤੇ ਦਸਵੇਂ ਪਾਤਸ਼ਾਹ ਨੇ ਸਾਰਿਆਂ ਨੂੰ ਸਾਂਝਾ ਬਾਟਾ ਅੰਮ੍ਰਿਤ ਦਾ ਪਿਆਇਆ। 'ਅਸੀਂ ਅੱਜ ਕਲ੍ਹ ਦੇ ਸਿੱਖ ਉਨ੍ਹਾਂ ਦੇ ਉਪਦੇਸ਼ ਬਾਣੀ ਤੋਂ ਮੁਨਕਰ ਕਿਉਂ ਹੁੰਦੇ ਜਾਨੇ ਆਂ?'

ਨੌਜੁਆਨ ਕੁਝ ਪ੍ਰੇਰਿਤ ਜਿਹਾ ਹੋ ਕੇ ਬੋਲਿਆ, 'ਸਿੱਖੀ ਵਿਚ ਪੂਰਾ ਕੌਣ ਹੈ? ਅਸਲੀ ਸਿੱਖੀ ਕਿਰਤ ਕਰਨਾ ਦਸਦੀ ਹੈ। ਸਿੱਖ ਕਿਰਤੀ ਨੂੰ ਕਮੀਣ ਕਹਿੰਦੇ ਹਨ, ਉਨ੍ਹਾਂ ਦੀ ਨਿਰਾਦਰੀ ਕਰਦੇ ਹਨ। ਜ਼ਿਮੀਂਦਾਰਾਂ ਦੀਆਂ ਜੇ ਬੁਤੀਆਂ ਨਾ ਸਾਰਨ, ਤਾਂ ਉਨ੍ਹਾਂ ਲਈ ਜੰਗਲ ਪਾਣੀ ਜਾਣਾ ਮੁਸ਼ਕਲ ਕਰ ਦਿੰਦੇ ਹਨ। ਇਹ ਵਾਹਿਗੁਰੂ ਦੇ ਬੰਦੇ ਵਾਹਿਗੁਰੂ ਦੇ ਬੱਚਿਆਂ ਦਾ ਜਿਊਣਾ ਹਰਾਮ ਕਰ ਦਿੰਦੇ ਹਨ। ਉਨ੍ਹਾਂ ਦੀਆਂ ਬੇਪਤੀਆਂ ਕਰ ਕੇ ਧਰਮ ਦੇ ਆਗੂ ਬਣੇ ਰਹਿੰਦੇ ਹਨ। ਹਿੰਦ ਦੀ ਅਜ਼ਾਦੀ ਲਈ ਕਿਰਤੀਆਂ ਦਾ ਅੰਦੋਲਨ ਕਿਸਾਨਾਂ ਦੇ ਅੰਦੋਲਨ ਤੋਂ ਬਹੁਤਾ ਜ਼ਰੂਰੀ ਹੈ। ਜੱਟ ਜ਼ਿਮੀਂਦਾਰ, ਮਲਕੀਅਤ ਵਾਲਾ ਕਿਸਾਨ ਸਭ ਸਰਮਾਏਦਾਰ ਹਨ। ਜਦ ਇਹ ਆਪਣੀ ਅੱਡੀ ਥੱਲੇ ਅੱਧੇ ਹਿੰਦੋਸਤਾਨ ਨੂੰ ਦਬਾਈ ਰਖਣਾ ਚਾਹੁੰਦੇ ਹਨ ਤਾਂ ਇਨ੍ਹਾਂ ਨੂੰ ਅਜ਼ਾਦੀ ਕਿਵੇਂ ਮਿਲ ਸਕਦੀ ਹੈ?'

'ਕੀ ਤੂੰ ਸੋਸ਼ਲਿਸਟ ਹੈਂ?' ਪੈਂਚ ਨੇ ਗੁੱਸੇ ਨਾਲ ਪੁਛਿਆ।

'ਨਹੀਂ, ਮੈਂ ਸਿੱਖ ਹਾਂ। ਗੁਰੂ ਨਾਨਕ ਦੇਵ ਜਗਤ ਗੁਰੂ ਨੇ ਭਾਈਚਾਰਕਵਾਦ ਨੂੰ ਜਨਮ ਦਿੱਤਾ ਸੀ। ਦੁਨੀਆਂ ਦੇ ਲੋਕ ਇਕ ਵੱਡੇ ਭਾਈਚਾਰੇ ਦੇ ਮੈਂਬਰ ਥਾਪੇ।

(ਚਲਦਾ)

# ਕਾਵਿ ਸੰਸਾਰ



## ਨਜ਼ਮ
ਰਮਨਦੀਪ ਵਿਰਕ



ਬੀਮਾਰ ਹੁੰਦਿਆਂ
ਉਪਰਾਮ ਹੁੰਦਿਆਂ
ਜ਼ਿਹਨ 'ਚ ਸਵਾਲ ਆਉਣ ਲਗਦਾ
ਕਿਸ ਨਾਲ ਗੱਲ ਕੀਤੀ ਜਾਏ
ਕਿਸ ਕੋਲੋਂ ਸ਼ਫਾ ਮਿਲੇ,
ਇਸ ਦੌਰ ਦਾ ਹਰ ਸ਼ਖ਼ਸ
ਬੀਮਾਰ ਲਗਦਾ
ਬੇਚੈਨ ਦਿਸਦਾ
ਉਂਝ ਮੈਂ
ਕੋਈ ਗੱਲ ਨਹੀਂ ਕਰਨੀ
ਬਸ ਚੁੱਪ ਬੈਠਣਾ ਹੈ
ਉਂਝ ਉਸਨੇ ਵੀ
ਕੋਈ ਗੱਲ ਨਹੀਂ ਕਰਨੀ
ਚੁੱਪ ਦਾ ਹੁੰਗਾਰਾ ਭਰਨਾ ਹੈ.....।

## ਲਾਇਬ੍ਰੇਰੀ ਦੀ ਮੌਤ
ਰਜਨੀਸ਼ ਜੱਸ

ਅਕਸਰ ਇੱਕ ਲੇਖਕ,
ਇੱਕ ਕਵੀ ਦੀ
ਮੌਤ ਤੋਂ ਬਾਅਦ
ਮਰ ਜਾਂਦੀ ਹੈ ਉਹਦੀ ਨਿੱਜੀ
ਲਾਇਬ੍ਰੇਰੀ ਵੀ
ਜੋ ਕਿ ਉਸਦੇ ਬੱਚੇ
ਸਮਝ ਨਹੀਂ ਪਾਉਂਦੇ
ਕਿਤਾਬਾਂ ਵਿਚਲੀ ਜ਼ਿੰਦਗੀ ਨੂੰ
ਉਹ ਤਾਂ ਜ਼ਿੰਦਗੀ ਦੀ ਦੌੜ ਵਿਚ
ਅੱਗੇ ਨਿਕਲਣਾ ਚਾਹੁੰਦੇ ਨੇ
ਤੇ ਕਿਤਾਬਾਂ ਲਈ ਬੈਠਣਾ ਪੈਂਦਾ ਹੈ
ਫੁਰਸਤ ਕੱਢਣੀ ਪੈਂਦੀ ਹੈ
ਤੇ ਇਹ ਫੁਰਸਤ
ਉਨ੍ਹਾਂ ਕੋਲ ਨਹੀਂ ਹੁੰਦੀ
ਉਹ ਲਾਇਬ੍ਰੇਰੀ ਬਣ ਜਾਂਦੀ ਹੈ,
ਰੱਦੀ ਤੇ ਕਬਾੜ ਦੀ ਦੁਕਾਨ ਤੇ
ਰੁਲ ਜਾਂਦੀ ਹੈ
ਜਿਵੇਂ ਇੱਕ ਰਾਜੇ ਦੇ ਹਾਰ ਜਾਣ ਤੇ
ਉਹਦੇ ਵਜ਼ੀਰਾਂ ਦਾ ਹਾਲ ਹੁੰਦਾ ਹੈ
ਉਂਜ ਹੀ ਹਾਲ ਹੁੰਦਾ ਹੈ
ਇਨ੍ਹਾਂ ਕਿਤਾਬਾਂ ਦਾ ਵੀ
ਅਜਿਹਾ ਕਿਉਂ ਹੁੰਦਾ ਹੈ
ਪਤਾ ਨਹੀਂ
ਪਰ ਧੰਨ ਭਾਗੀ ਨੇ ਉਹ ਲੇਖਕ
ਜਿਨ੍ਹਾਂ ਦੇ ਬੱਚੇ
ਕਈ ਵਾਰ ਸੰਭਾਲ ਲੈਂਦੇ ਨੇ
ਆਪਣੇ ਬਾਪ ਦੀਆਂ ਕਿਤਾਬਾਂ
ਤੇ ਉਨ੍ਹਾਂ ਨੂੰ ਪੜ੍ਹਦੇ ਨੇ
ਤੇ ਬਚ ਜਾਂਦੀ ਹੈ ਲਾਇਬ੍ਰੇਰੀ
ਆਪਣੀ ਅਣਚਾਹੀ ਮੌਤ ਤੋਂ
ਜਦੋਂ ਜਵਾਨੀ ਵਾਲਾ
ਜ਼ੋਰ ਸੀ ਵੇ ਜਾਲਮਾਂ
ਮੈਂ ਪੁੱਜ ਕੇ ਨਰਮ,
ਤੂੰ ਕਠੋਰ ਸੀ ਵੇ ਜਾਲਮਾਂ
ਤੇਰਾ ਤਾਂ ਵਤੀਰਾ ਉਦੋਂ
ਹੋਰ ਸੀ ਵੇ ਜਾਲਮਾਂ
ਚੜ੍ਹੀ ਆਕੜਾਂ ਦੀ ਰਹਿੰਦੀ
ਲੋਰ ਸੀ ਵੇ ਜਾਲਮਾਂ
ਪੁੱਠਾ ਸਮੇਂ ਨੇ ਘੁਮਾਤਾ ਹੁਣ
ਭੌਣ ਵੇ ਜਾਲਮਾਂ
ਬੁਢਾਪੇ ਨੇ ਝੁਕਾਤੀ ਤੇਰੀ
ਧੌਣ ਵੇ ਜਾਲਮਾਂ
ਹਾੜ ਹੋ ਗਏ ਹਰੇ , ਸੁੱਕੇ
ਸਾਉਣ ਵੇ ਜਾਲਮਾਂ
ਮੇਰੇ ਤੋਂ ਬਗੈਰ ਤੈਨੂੰ ਪੁੱਛੇ
ਕੌਣ ਵੇ ਜਾਲਮਾਂ .........?

## ਅਗਿਆਨੀ
ਮੋਹਨ ਗਿੱਲ

ਅਪਣੇ ਨਵੇਂ ਮਕਾਨ ਵਿੱਚ
ਉਸਨੇ ਇਕ ਕਮਰਾ
ਆਲੀਸ਼ਾਨ ਅਲਮਾਰੀਆਂ
ਦੇ ਨਾਲ ਸਜਾਇਆ ਹੈ।
ਅਲਮਾਰੀਆਂ ਨੂੰ ਉਸਨੇ
ਹਰ ਇਕ ਭਾਸ਼ਾ ਦੀਆਂ
ਕਿਤਾਬਾਂ ਨਾਲ ਭਰਿਆ ਹੈ।
ਹਰ ਰੋਜ਼ ਸਵੇਰੇ ਸ਼ਾਮ
ਉਹ ਉਸ ਕਮਰੇ ਵਿੱਚ ਜਾਂਦਾ ਹੈ
ਧੂਫ ਬੱਤੀ ਕਰਦਾ ਹੈ
ਫਿਰ ਜਿੰਦਰਾ ਲਗਾ ਕੇ
ਬਾਹਰ ਦਰਵਾਜ਼ੇ ਤੇ ਲੱਗੀ ਪਲੇਟ
'ਲਾਇਬਰੇਰੀ' ਸਾਫ਼ ਕਰਦਾ ਹੈ।
ਘਰ ਆਏ ਮਹਿਮਾਨਾਂ ਨੂੰ
ਬੜੇ ਮਾਣ ਨਾਲ ਕਮਰਾ ਦਿਖਾਉਂਦਾ ਹੈ।
ਮਹਿਮਾਨਾਂ ਦੇ ਜਾਣ ਸਾਰ
ਭੇੜ ਕੇ ਦਰਵਾਜ਼ਾ
ਫਿਰ ਜਿੰਦਰਾ ਲਾਉਂਦਾ ਹੈ।
ਇਸ ਕਮਰੇ ਦੀਆਂ
ਅਲਮਾਰੀਆਂ ਵਿੱਚ
ਕੁਝ ਕਿਤਾਬਾਂ ਊਂਘ ਰਹੀਆਂ ਨੇ
ਕੁਝ ਕਿਤਾਬਾਂ ਸੌਂ ਰਹੀਆਂ ਨੇ
ਜਿਵੇਂ ਸ਼ੀਸ਼ੀ 'ਚ ਬੰਦ
ਅਤਰ ਫੁਲੇਲ।

## ਕਿੱਸਾ
ਨਾਉਂ ਦਮੋਦਰ ਜ਼ਾਤ ਗੁਲਾਟੀ

ਆਇਆ ਸਿੱਕ ਸਿਆਲੀਂ।
ਆਪਣੇ ਮਨ ਵਿਚ ਮਸਲਤ ਕੀਤੀ,
ਬੈਠ ਉਥਾਈਂ ਜਾਲੀਂ।
ਵੜਿਆ ਵੰਜ ਚੂਚਕ ਦੇ ਸ਼ਹਿਰੇ,
ਜਿਥੇ ਸਿਆਲ ਅਬਦਾਲੀ।
ਆਖ ਦਮੋਦਰ ਖ਼ੁਸ਼ ਹੋਈਸੁ,
ਵੇਖ ਉਨ੍ਹਾਂ ਦੀ ਚਾਲੀ।
2. ਓਥੇ ਕੀਤਾ ਰਹਿਣ ਦਮੋਦਰ,
ਉਹ ਬਸਤੀ ਖ਼ੁਸ਼ ਆਈ।
ਚੂਚਕ ਨੂੰ ਜੋ ਵੰਜ ਮਿਲਿਆ ਸੇ,
ਨਾਲੇ ਕੁੰਦੀ ਤਾਈਂ।
ਚੂਚਕ ਬਹੁੰ ਦਿਲਾਸਾ ਕੀਤਾ,
ਤਾਂ ਦਿਲਗੀਰੀ ਲਾਹੀ।
ਆਖ ਦਮੋਦਰ ਹੋਇਆ ਦਿਲਾਸਾ,
ਹੱਟੀ ਉਥੇ ਬਣਾਈ।
3. ਵਿਚ ਸਿਆਲੀਂ ਰਹੇ ਦਮੋਦਰ,
ਖ਼ੁਸ਼ੀ ਰਹੇ ਸਿਰ ਤਾਈਂ।
ਅੱਖੀਂ ਦੇਖ ਤਮਾਸ਼ਾ ਸਾਰਾ,
ਲੱਖ ਮੱਝੀਂ, ਲੱਖ ਗਾਈਂ।
ਬਾਦਸ਼ਾਹੀ ਜੋ ਅਕਬਰ ਸੰਦੀ,
ਹੀਲ ਨਾ ਹੁੱਜਤ ਕਾਈ।
ਪੁੱਤਰ ਚਾਰ ਚੂਚਕ ਘਰ ਹੋਏ,
ਦਮੋਦਰ ਆਖ ਸੁਣਾਈ।
4. ਬਹੁਤ ਖ਼ੁਸ਼ੀ ਘਰ ਚੂਚਕ
ਸੰਦੀ ਬਹੁੰ ਸੋ ਮਿਲੇ ਵਧਾਈ।
ਦਏ ਖ਼ੈਰਾਤ ਖ਼ੁਸ਼ੀ ਹੋ ਚੂਚਕ,
ਬਹੁਤੀ ਖ਼ਲਕਤ ਆਈ।
ਬਹੁ ਸਿਕਦਾਰੀ ਚੂਚਕ ਸੰਦੀ,
ਭਲੀ ਗੁਜ਼ਰਾਨ ਲੰਘਾਈ।
ਆਖ ਦਮੋਦਰ ਵਾਰ ਬੁੱਢੇ ਦੀ,
ਮਹਿਰੀ ਕੁੰਦੀ ਵਿਆਈ।

## ਖ਼ੁਆਬ

ਅੱਜ ਰਾਤੀਂ ਸੀ ਸੁਪਨਾ ਆਇਆ,
ਮਾਂ ਸੁਦੀਕਸ਼ਾ ਸੀ ਆਣ ਜਗਾਇਆ,
ਘਰ ਵਿੱਚ ਖੁਸ਼ੀ ਦਾ ਅੰਤ ਨਹੀ ਸੀ,
ਸਤਿਗੁਰ ਵਰਗਾ ਕੰਤ ਨਹੀਂ ਸੀ,
ਹੱਸ-ਹੱਸ ਸਤਿਗੁਰ ਗੱਲਾਂ ਕਰਦਾ,
ਸੰਤਾਂ ਦੇ ਨਾਲ ਵਿਹੜਾ ਭਰਤਾ,
ਸਤਿਗੁਰ ਆ ਕੇ ਜੱਗ ਰਚਾਇਆ,
ਸੰਤਾਂ ਰੱਜ- ਰੱਜ ਭੰਗੜਾ ਪਾਇਆ,
ਨਮਸ਼ਕਾਰ ਚਰਨਾਂ ਵਿੱਚ ਹੋਈ,
ਖੁਸ਼ੀ ਦਾ ਅੰਤ ਰਿਹਾ ਨਾ ਕੋਈ,
ਜੀਥੇ ਤੱਕ ਮੈਂ ਵੇਖ ਰਿਹਾ ਸੀ,
ਤੂੰ ਹੀ ਲੇਖ ਉਲੇਖ ਰਿਹਾ ਸੀ,
ਹਰ ਕੋਈ ਸ਼ੁਕਰਾਨਾ ਕਰਦਾ,
ਖਾਲੀ ਝੋਲੀ ਆਪਣੀ ਭਰਦਾ,
ਨਿਰਾਕਾਰ ਸਾਕਾਰ ਆਪ ਹੈ,
ਏਸੇ ਦਾ ਬਸ ਕਰਨਾ ਜਾਪ ਹੈ,
ਜੀਵਨ ਪੈਲ ਵਾਲਾ ਸੱਚ ਬੋਲੇ,
ਨਿਰੰਕਾਰ ਨਾ ਹੁੰਦਾ ਓਹਲੇ।



## ਕਵਿਤਾ
ਦਮੋਦਰ ਦਾਸ ਅਰੋੜਾ( ਲੇਖਕ)

ਹੀਰ ਛੋਹਰ ਜੰਮੀ ਹੈ ਲੋਕਾ,
ਸੂਰਤ ਨਿੰਦ ਨਾ ਕਾਈ।
ਪੱਟ ਵਲ੍ਹੇਟੀ, ਮੱਖਣ ਪਾਲੀ,
ਕੁੱਛੜ ਕੀਤੀ ਦਾਈ।
ਜੋ ਵੇਖੇ ਸੋ ਖ਼ੁਸ਼ ਥੀਵੇ,
ਚਿਹਰੇ ਬਹੁੰ ਸੁੰਦਰਾਈ।
ਆਖ ਦਮੋਦਰ ਘਰ ਚੂਚਕ ਦੇ,
ਹੀਰ ਕੁੜੀ ਵੱਤ ਜਾਈ।
6. ਵੱਡੀ ਹੋਈ ਹੀਰ ਸਲੇਟੀ, ਜ਼ਿਮੀਂ ਪੈਰ ਨਾ ਲਾਏ।
ਜੇ ਕੋਈ ਵੇਖੇ ਹੀਰੇ ਤਾਈਂ, ਪੈਰ ਨਾ ਮੂਲੇ ਚਾਏ।
ਲੁੰਗੀ ਮੰਝ ਬੰਨ੍ਹੇ ਪੰਜ ਤਾਣੀ, ਅਤੇ ਪੱਟ ਹੰਢਾਏ।
ਵੇਖ ਦਮੋਦਰ ਹੀਰ ਦੀ ਚਾਲੀ, ਕਿੱਸਾ ਆਣ ਬਣਾਏ।
7. ਅੱਖੀਂ ਡਿੱਠਾ ਕਿੱਸਾ ਕੀਤਾ,
ਮੈਂ ਤਾਂ ਗੁਣ ਨਾ ਕੋਈ।
ਸ਼ੌਕ ਸ਼ੌਕ ਉੱਠੀ ਹੈ ਮੈਂਡੀ,
ਤਾਂ ਦਿਲ ਉਮਕ ਹੋਈ।
ਅਸਾਂ ਮੂੰਹੋਂ ਅਲਾਇਆ ਉਹੋ,
ਜੋ ਕੁੱਝ ਨਜ਼ਰ ਪਿਓ ਈ।
ਆਖ ਦਮੋਦਰ ਅੱਗੇ ਕਿੱਸਾ,
ਜੋ ਸੁਣੇ ਸਭ ਕੋਈ।

## ਕਨਸੋਆਂ
ਪ੍ਰੀਤਮ ਸਿੰਘ ਸਫੀਰ

ਰੂਪ-ਨਗਰ ਦੀ ਰਾਣੀ ਦੀਆਂ,
ਆ ਰਹੀਆਂ ਕਨਸੋਆਂ;
ਪਤਾ ਨਾ ਲਗਦਾ ਸੁਣ ਸੁਣ ਕੇ ਮੈਂ,
ਹਸਿਆ ਕਰਾਂ ਕਿ ਰੋਆਂ।
ਜਿਸ ਪਿਆਰੀ ਨੇ ਪਿਆਰ ਜਗਾ ਕੇ,
ਲੁਟ ਲਈ ਮੇਰੀ ਹਸਤੀ,
ਜਿਸ ਨੇ ਮਿੱਠੇ ਬੋਲ ਸੁਣਾ ਕੇ,
ਰੂਹ ਨੂੰ ਦਿੱਤੀ ਮਸਤੀ,
ਸੁਣ ਸੁਣ ਓਹਦੀਆਂ ਬੇਪ੍ਰਵਾਹੀਆਂ,
ਪਾਗਲ ਕਿਉਂ ਨਾ ਹੋਆਂ
ਰੂਪ-ਨਗਰ ਦੀ....।
ਜਨਮ ਮਰਨ ਦੇ ਗੇੜਾਂ ਅੰਦਰ,
ਲੱਖ ਹੁਸ਼ਨਾਕਾਂ ਵਰੀਆਂ,
ਪਰ ਇੱਕੋ ਇੱਕ ਇਸ ਤੀਵੀਂ ਤੋਂ,
ਰੂਹ ਦੀਆਂ ਤਪਤਾਂ ਠਰੀਆਂ।
ਕੋਈ ਅੰਦਰਲੀ ਤ੍ਰਿਸ਼ਨਾ ਅਪਣੀ,
'ਪੁਤਲੀ' ਬਣ ਗਈ ਜਾਪੀ,
ਖ਼ਿਆਲਾਂ ਦੀਆਂ ਸੋਹਲ ਪੱਤੀਆਂ,
ਹੋਈਆਂ, ਹਰੀਆਂ ਭਰੀਆਂ।
ਹੁਣ 'ਰੋਜ਼' ਦੀ ਪਤ-ਝੜ ਤੋਂ ਮੈਂ,
ਕਿੱਥੇ ਛੱਪ ਖਲੋਆਂ ?
ਰੂਪ-ਨਗਰ ਦੀ......
ਜਿਸ ਦੇ ਜਾਦੂਗਰ ਹੱਥ ਚੁੰਮ ਕੇ,
ਜੀਵਨ ਸੀ ਤ੍ਰਿਪਤਾਇਆ,
ਉੱਡਦੀ ਬਦਲੀ ਦੀ ਛਾਂ ਵਾਕਰ,
ਟਿਕੇ ਨਾ ਉਸ ਦਾ ਸਾਇਆ।
ਨਜ਼ਰਾਂ ਅੰਦਰ ਉਛਲ ਪੈਣ,
ਕੋਈ ਭਵ-ਸਾਗਰ ਤੂਫ਼ਾਨੀ,
ਲਹਿਰਾਂ ਸ਼ੁਕ ਰੰਗੀਨ ਸਪਣੀਆਂ,
ਡਸਦੀਆਂ ਜਾਣ ਜਵਾਨੀ।
ਮਤਵਾਲੇ ਨੈਣਾਂ ਦੇ ਪਿੱਛੇ,
ਖ਼ੂਨ ਜਿਗਰ ਦਾ ਚੋਆਂ।
ਰੂਪ-ਨਗਰ ਦੀ ਰਾਣੀ ਦੀਆਂ,
ਆ ਰਹੀਆਂ ਕਨਸੋਆਂ,
ਪਤਾ ਨਾ ਲਗਦਾ ਸੁਣ ਸੁਣ ਕੇ ਮੈਂ,
ਹਸਿਆ ਕਰਾਂ ਕਿ ਰੋਆਂ।

ਨਾਵਲ

ਪਹਿਲੀ ਕਿਸ਼ਤ

# ਇਹ ਖ਼ੁਦਕੁਸ਼ੀ ਨਹੀਂ ਜਨਾਬ ! ਕਤਲ ਹੈ



ਹਰਦੇਵ ਗਰੇਵਾਲ

ਤੇਜਵੀਰ ਦੀ ਨੌਕਰੀ ਦਾ ਅੱਜ ਪਹਿਲਾ ਦਿਨ ਸੀ।ਦਫ਼ਤਰ ਦੇ ਟਾਈਮ ਤੋਂ ਦਸ ਮਿੰਟ ਪਹਿਲਾਂ ਪਹੁੰਚਣ ਦੀ ਨੀਅਤ ਨਾਲ਼, ਤੇਜਵੀਰ ਨੇ ਫਟਾਫਟ ਨਾਸ਼ਤਾ ਕਰ ਚਾਹ ਦੀਆਂ ਦੋ ਘੁੱਟਾਂ ਭਰੀਆਂ ਤੇ ਆਪਣੇ ਫਲੈਟ ਨੂੰ ਜਿੰਦਾ ਮਾਰ, ਚਾਬੀ ਨਾਲ਼ ਦੇ ਫਲੈਟ ਦੇ ਮਾਲਿਕ ਬਜ਼ੁਰਗਵਾਰ ਚੌਹਾਨ ਸਾਹਬ ਦੇ ਹਵਾਲੇ ਕੀਤੀ ਅਤੇ ਆਪਣੇ ਦਫ਼ਤਰ ਵੱਲ ਰਵਾਨਾ ਹੋ ਗਿਆ।

ਆਪਣੀ ਮੋਟਰ ਸਾਈਕਲ ਤੇ ਸਵਾਰ ਹੋ ਤੇਜਵੀਰ ਨੇ ਰਾਜਗੁਰੂ ਨਗਰ ਸਥਿਤ ਆਪਣੇ ਫਲੈਟ ਤੋਂ ਬਾਹਰ ਨਿੱਕਲ ਕੇ, ਸ਼ਹਿਰ ਵੱਲ ਨੂੰ ਮੋੜ ਕੱਟਿਆ ਹੀ ਸੀ ਕਿ ਅੱਗੇ ਵੈਸਟਐਂਡ ਮਾਲਦੇ ਸਾਹਮਣੇ ਸੜਕ ਤੇ ਉਸਨੂੰ ਕਾਫ਼ੀ ਇਕੱਠ ਜਿਹਾ ਨਜ਼ਰ ਆਇਆ। ਕਰੀਬ ਪਹੁੰਚ ਕੇ ਤੇਜਵੀਰ ਨੇ ਦੇਖਿਆ ਕਿ ਇੱਕ ਅੱਧਖੜ੍ਹ ਉਮਰ ਦਾ ਪਰਵਾਸੀ ਮਜ਼ਦੂਰ ਸੜਕ ਦੇ ਵਿਚਕਾਰ ਡਿੱਗਿਆ ਪਿਆ ਸੀ ਅਤੇ ਉਸਦੀ ਸੱਜੀ ਲੱਤ ਬੁਰੀ ਤਰ੍ਹਾਂ ਨਾਲ਼ ਜ਼ਖ਼ਮੀ ਸੀ। ਲੱਗ ਰਿਹਾ ਸੀ ਕਿ ਵਿਚਾਰਾ ਕਿਸੇ ਐਕਸੀਡੈਂਟ ਦਾ ਸ਼ਿਕਾਰ ਹੋ ਗਿਆ ਸੀ।

ਉੱਠਣ ਤੋਂ ਅਸਮਰੱਥ ਉਹ ਵਿਚਾਰਾ ਸੜਕ ਤੇ ਪਿਆ ਦਰਦ ਨਾਲ ਕਰਾਹ ਰਿਹਾ ਸੀ।

ਉਸਦੇ ਆਲੇ-ਦੁਆਲੇ ਤਮਾਸ਼ਬੀਨ ਰਾਹਗੀਰਾਂ ਦਾ ਜਮਘਟ ਲੱਗਿਆ ਹੋਇਆ ਸੀ। ਇਨ੍ਹਾਂ ਥ੍ਰੀ-ਵ੍ਹੀਲਰ ਵਾਲਿਆਂ ਨੇ ਤਾਂ ਅੱਤ ਚੱਕੀ ਪਈ ਆ।

ਅੱਖਾਂ ਬੰਦ ਕਰਕੇ ਚਲਾਉਂਦੇ ਨੇ ਸਹੁਰੀ ਦੇ!

ਬਾਈ ਜੀ!ਆਹ ਭਈਏ ਵੀ ਗੁਆਚੀ ਗਾਂ ਆਂਗੂ ਸੜਕ ਦੇ ਵਿਚਾਲ਼ੇ ਖੜ੍ਹ ਕੇ ਇਉਂ ਅੱਖਾਂ ਮੀਚ ਲੈਂਦੇ ਆ ਜਿਵੇਂ ਬਿੱਲੀ ਨੂੰ ਦੇਖ ਕੇ ਕਬੂਤਰ ਅੱਖਾਂ ਮੀਚ ਲੈਂਦਾ।

ਪਰ ਉਹਨੇ ਸਾਲ਼ੇ ਥ੍ਰੀ-ਵ੍ਹੀਲਰ ਆਲ਼ੇ ਨੇ ਵੀ ਫੇਟ ਮਾਰਕੇ ਪਿਛੇ ਮੁੜ ਕੇ ਨੀਂ ਦੇਖਿਆ, ਬਈ ਬੰਦਾ ਮਰ ਗਿਆ ਕਿ ਜਿਉਂਦਾ!

ਬਾਈ ਜੀ! ਸਾਡੀ ਸਰਕਾਰ ਈ ਕੁੱਤੀ ਆ। ਸਾਲ਼ਾ ਕੋਈ ਸਿਸਟਮ ਈ ਨੀਂ ਇੰਡੀਆ 'ਚ! ਟ੍ਰੈਫਿਕ ਰੂਲਜ਼ ਦਾ ਤਾਂ ਨਾਮੋ- ਨਿਸ਼ਾਨ ਈ ਨੀਂ ਲੱਭਦਾ ਬਾਈ ਜੀ!

ਠੀਕ ਕਿਹਾ ਭਾਈ ਸਾਹਬ! ਬਾਹਰਲੇ ਮੁਲਕਾਂ 'ਚ ਵੇਖ ਲਉ ਤੇ ਸਾਡੇ ਮੁਲਕ ਦਾ ਹਾਲ ਵੇਖ ਲਉ!

ਜਿੰਨੇ ਮੂੰਹ ਓਨੀਆਂ ਗੱਲਾਂ ਤੇ ਬੱਸ ਸਿਰਫ਼ ਗੱਲਾਂ।

ਤੇਜਵੀਰ ਮੋਟਰ ਸਾਈਕਲ ਸੜਕ ਦੇ ਕਿਨਾਰੇ ਖੜ੍ਹੀ ਕਰ ਕੇ, ਤਮਾਸ਼ਬੀਨ ਭੀੜ ਨੂੰ ਚੀਰਦਾ ਹੋਇਆ ਡਿੱਗੇ ਪਏ ਮਜ਼ਦੂਰ ਵੱਲ ਹੋ ਤੁਰਿਆ।

ਮਜ਼ਦੂਰ ਵਿਚਾਰਾ ਦਰਦ ਨਾਲ਼ ਤਰਲੋ-ਮੱਛੀ ਹੋਇਆ ਪਿਆ ਸੀ।

ਉਸਨੇ ਝੱਟ ਮਜ਼ਦੂਰ ਨੂੰ ਸਹਾਰਾ ਦੇ ਕੇ ਉਠਾਇਆ ਤੇ ਔਖੇ-ਸੌਖੇ ਮੋਟਰ ਸਾਈਕਲ ਦੀ ਪਿਛਲੀ ਸੀਟ ਤੇ ਬਿਠਾ ਕੇ, ਅੱਗੇ ਪੈਂਦੇ ਗੁਰਦੇਵ ਹਸਪਤਾਲ ਵੱਲ ਨੂੰ ਰਵਾਨਾ ਹੋ ਪਿਆ।

ਹਸਪਤਾਲ ਵਿੱਚ ਮਜ਼ਦੂਰ ਨੂੰ ਡਾਕਟਰ ਦੇ ਹਵਾਲੇ ਕਰ ਜਦ ਤੇਜਵੀਰ ਨੇ ਘੜੀ ਤੇ ਨਿਗ੍ਹਾ ਮਾਰੀ ਤਾਂ ਨੌ ਵੱਜਣ ਨੂੰ ਤਾਂ ਏਥੇ ਹੀ ਤਿਆਰ ਪਏ ਸਨ।

ਪਰ ਬਲਿਹਾਰੇ ਜਾਈਏ ਲੁਧਿਆਣੇ ਸ਼ਹਿਰ ਦੇ ਟ੍ਰੈਫਿਕ ਦੇ, ਵਾਹੋ-ਦਾਹੀ ਸੜਕ ਤੇ ਆਪਣਾ ਮੋਟਰ ਸਾਈਕਲ ਦੌੜਾਉਂਦਿਆਂ ਵੀ, ਦਫ਼ਤਰ ਪਹੁੰਚਦਿਆਂ- ਪਹੁੰਚਦਿਆਂ, ਉਹ ਪੰਜ ਮਿੰਟ ਲੇਟ ਹੋ ਹੀ ਗਿਆ।

ਫ਼ਿਰੋਜ਼ਗਾਂਧੀ ਮਾਰਕੀਟ ਪਹੁੰਚ ਕੇ, ਆਪਣੇ ਦਫ਼ਤਰ ਦੀ ਬਿਲਡਿੰਗ ਦੀ ਪਾਰਕਿੰਗ ਵਿੱਚ ਬੜੀ ਮੁਸ਼ਕਿਲ ਨਾਲ ਆਪਣੀ ਮੋਟਰ ਸਾਈਕਲ ਪਾਰਕ ਕਰ, ਉਹ ਵਾਹੋ-ਦਾਹੀ ਪੌੜੀਆਂ ਵੱਲ ਲਪਕਿਆ।

ਰੋਜ਼ਾਨਾ ਖ਼ਬਰਨਾਮਾ ਪੰਜਾਬੀ ਅਤੇ ਹਿੰਦੀ ਦੋਹਾਂ ਭਾਸ਼ਾਵਾਂ ਵਿੱਚ ਛਪਣ ਵਾਲਾ ਇੱਕ ਦੈਨਿਕ ਅਖ਼ਬਾਰ ਸੀ, ਜਿਸ ਵਿੱਚ ਇੱਕ ਪੱਤਰਕਾਰ ਦੇ ਤੌਰ ਤੇ ਤੇਜਵੀਰ ਦੀ ਤਾਜ਼ੀ-ਤਾਜ਼ੀ ਨੌਕਰੀ ਲੱਗੀ ਸੀ। ਦਫ਼ਤਰ ਬਿਲਡਿੰਗ ਦੀ ਤੀਸਰੀ ਮੰਜ਼ਿਲ ਉੱਤੇ ਸਥਿਤ ਸੀ। ਤੇਜ਼-ਤੇਜ਼ ਪੌੜੀਆਂ ਚੜ੍ਹਕੇ, ਲੱਗਭਗ ਹਫਦਿਆਂ ਹੋਇਆਂ, ਉਹ ਰਿਸੈਪਸ਼ਨ ਉੱਤੇ ਜਾ ਪਹੁੰਚਿਆ।

ਅੱਗਿਓਂ ਰਿਸੈਪਸ਼ਨ ਤੇ ਬੈਠੀ ਵੀਹ-ਬਾਈ ਸਾਲ ਦੀ ਖ਼ੂਬਸੂਰਤ ਕੁੜੀ ਸਾਰਿਕਾ ਸ਼ਰਮਾ, ਜਿਸ ਨਾਲ ਕੱਲ੍ਹ ਇੰਟਰਵਿਊ ਵੇਲੇ ਉਸਦੀ ਮੁਖ਼ਤਸਰ ਜਿਹੀ ਜਾਣ-ਪਛਾਣ ਹੋਈ ਸੀ, ਆਪਣੇ ਚਿਹਰੇ ਤੇ ਜਾਣੀ-ਪਛਾਣੀ ਬ੍ਰੈਂਡਡ ਪ੍ਰੋਫ਼ੈਸ਼ਨਲ ਮੁਸਕਾਨ ਚਿਪਕਾਈ ਖੜ੍ਹੀ ਸੀ, ਜੋ ਆਮ ਤੌਰ ਤੇ ਇਹਨਾਂ ਰਿਸੈਪਸ਼ਨਿਸ਼ਟ ਕੁੜੀਆਂ ਦਾ ਟ੍ਰੇਡ ਮਾਰਕ ਹੁੰਦੀ ਹੈ। ਕੁੜੀਆਂ ਦੀ ਖ਼ੂਬਸੂਰਤੀ ਤੋਂ ਬਾਅਦ ਦੂਸਰੇ ਨੰਬਰ ਤੇ ਲੱਗਦਾ ਹੈ ਕਿ ਇਹ ਮੁਸਕਾਨ ਹੀ ਉਨ੍ਹਾਂ ਦੀ ਉਹ ਜ਼ਰੂਰੀ ਕਵਾਲੀਫਿਕੇਸ਼ਨ ਹੁੰਦੀ ਹੋਏਗੀ, ਜਿਸ ਦੀ ਬਿਨ੍ਹਾ ਤੇ ਉਨ੍ਹਾਂ ਨੂੰ ਇਹ ਰਿਸੈਪਸ਼ਨਿਸ਼ਟ ਦੀ ਨੌਕਰੀ ਮਿਲਦੀ ਹੈ।

ਤੇਜਵੀਰ ਦੇ ਚਿਹਰੇ ਤੇ ਨਜ਼ਰ ਪੈਂਦਿਆਂ ਹੀ ਸਾਰਿਕਾ ਦੇ ਮੁੱਖੜੇ ਤੋਂ ਉਸਦੀ ਉਹ ਜਾਣੀ-ਪਛਾਣੀ ਮੁਸਕਾਨ ਇੱਕ ਦਮ ਪੂੰਝੀ ਗਈ।

ਹੇ ਯੂ ਤੇਜਵੀਰ ਨੋ ? ਐਂਡ ਯੂ ਆਰ ਲੇਟ ਆੱਨ ਦ ਵੈਰੀ ਫਸਟ ਡੇ ਆੱਵ ਯੁਅਰ ਜੌਬ ਮੈਨ ? ਉਸਨੇ ਸ਼ਿਕਾਇਤ ਤੇ ਹੈਰਾਨੀ ਦੀ ਮਿਲੀ-ਜੁਲੀ ਸੁਰ ਚ ਤੇਜਵੀਰ ਨੂੰ ਕਿਹਾ।

ਨੋ ਅ-ਆਈ ਮੀਨ ਯੈੱਸ ਆਈ ਐਮ ਤੇਜਵੀਰ। ਆਈ ਐਮ ਸਾੱਰੀ ਆਈ ਐਮ ਲੇਟ, ਬੱਸ ਪੰਜ ਮਿੰਟ ਹੀ ਲੇਟ ਹੋਇਆਂ, ਯੂ ਨੋ ਦ ਬਲੱਡੀ ਟ੍ਰੈਫਿਕ ਆਫ ਦਿਸ ਸਿਟੀ। ਬਾਈ ਦ ਵੇ, ਗੁੱਡ ਮਾਰਨਿੰਗ! ਬੁੱਲ੍ਹਾਂ ਤੇ ਖਿਸਿਆਨੀ ਜਿਹੀ ਮੁਸਕੁਰਾਹਟ ਲਿਆ ਕੇ ਤੇਜਵੀਰ ਨੇ ਕਿਹਾ, ਐਂਡ ਯੂ ਆਰ ਲੁਕਿੰਗ ਐਜ਼ ਬਿਊਟੀਫੁਲ ਐਜ਼ ਯੈੱਸਟਰਡੇ!

ਆਪਣੀ ਤਾਰੀਫ਼ ਸੁਣ ਕੇ ਸਾਰਿਕਾ ਦੇ ਚਿਹਰੇ ਤੇ ਨਰਮੀ ਦੇ ਭਾਵ ਆ ਗਏ, ਪਰ ਉਸਦੀ ਸੁਰ ਚ ਚਿੰਤਾ ਹਾਲੇ ਵੀ ਝਲਕ ਰਹੀ ਸੀ।

ਤੇਜਵੀਰ! ਮੈਨ ਭੋਗਲ ਸਾਹਬ ਆਏ ਹੋਏ ਨੇ ਤੇ ਤੁਹਾਡੇ ਲਈ ਇਹੀ ਆਰਡਰਜ਼ ਨੇ ਕਿ ਤੁਸੀਂ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਹੀ ਰਿਪੋਰਟ ਕਰਨੀ ਹੈ, ਐਂਡ ਆਈ ਐਮ ਆਫ਼ਰੇਡ ਹੀ ਇਜ਼ ਵੈਰੀ ਪੰਕਚੁਅਲ ਐਂਡ ਸਟਰਿਕਟ ਮੈਨ ਇਨ ਡੀਡ! ਸੋ ਗਾੱਡ ਬਲੈੱਸ ਯੂ! ਪਲੀਜ਼ ਜਲਦੀ ਜਾਓ!

ਥੈਂਕਸ ਫ਼ਾੱਰ ਯੁਅਰ ਕਨਸਰਨ ਸਾਰਿਕਾ ! ਕਹਿੰਦਿਆਂ ਤੇਜਵੀਰ ਭੋਗਲ ਸਾਹਬ ਦੇ ਕੈਬਿਨ ਵੱਲ ਲਪਕਿਆ।

ਭੋਗਲ ਸਾਹਬ, ਯਾਨੀ ਕਿ ਜਨਾਬ ਤਾਰਾ ਚੰਦ ਭੋਗਲ, ਸ਼ਹਿਰ ਦੇ ਮੰਨੇ-ਪ੍ਰਮੰਨੇ ਉਦਯੋਗਪਤੀ ਅਤੇ ਖ਼ਾਨਦਾਨੀ ਰਈਸ, ਇਸ ਅਖ਼ਬਾਰ ਦੇ ਬਾਨੀ, ਕਰਤਾ-ਧਰਤਾ ਅਤੇ ਨਾਲ਼ ਹੀ ਚੀਫ਼ ਐਡੀਟਰ ਵੀ ਹਨ। ਉਮਰ ਦੇ ਸੱਠਵਿਆਂ ਨੂੰ ਢੁਕੇ ਹੋਏ ਭੋਗਲ ਸਾਹਬ ਨੇ ਸਮਾਜ ਦੇ ਪ੍ਰਤੀ ਆਪਣੀ ਜ਼ਿੰਮੇਵਾਰੀ ਭਰੀ ਭਾਵਨਾ ਦੇ ਤਹਿਤ, ਇਸ ਅਖ਼ਬਾਰ ਦੀ ਸ਼ੁਰੂਆਤ ਅੱਜ ਤੋਂ ਕਰੀਬ ਪੱਚੀ ਵਰ੍ਹੇ ਪਹਿਲਾਂ ਉਸ ਵਕਤ ਕੀਤੀ ਸੀ, ਜਦੋਂ ਪੰਜਾਬ ਦਾ ਸੰਤਾਪ ਆਪਣੀ ਚਰਮ ਸੀਮਾ ਤੇ ਸੀ। ਓਸ ਵਕਤ ਜਦੋਂ ਪ੍ਰਿੰਟ ਮੀਡੀਆ ਧੜੇਬੰਦੀ ਦੀ ਭਾਵਨਾ ਤਹਿਤ ਰਿਪੋਰਟਿੰਗ ਕਰ ਰਿਹਾ ਸੀ, ਭੋਗਲ ਸਾਹਬ ਨੇ ਆਪਣੇ ਅਖ਼ਬਾਰ ਰਾਹੀਂ ਹਮੇਸ਼ਾ ਮਾਨਵਤਾ ਦਾ ਪੱਖ ਪੂਰਿਆ ਅਤੇ ਸਾਰੀ ਸਮੱਸਿਆ ਅਤੇ ਸੂਰਤੇ-ਹਾਲ ਦੀ ਸਹੀ ਤਸਵੀਰ ਲੋਕਾਂ ਸਾਹਮਣੇ ਲਿਆਉਣ ਲਈ ਜੀਅ-ਤੋੜ ਕੋਸ਼ਿਸ਼ ਕੀਤੀ। ਉਨ੍ਹਾਂ ਖਾੜਕੂਆਂ ਦੁਆਰਾ ਮਾਰੇ ਗਏ ਬੇਗ਼ੁਨਾਹ ਮਾਸੂਮ ਲੋਕਾਂ ਦੇ ਕਤਲੇਆਮ ਦੀ ਵੀ ਰੱਜ ਕੇ ਨਿਖੇਧੀ ਕੀਤੀ ਅਤੇ ਪੁਲਿਸ, ਭ੍ਰਿਸ਼ਟ ਅਫ਼ਸਰਸ਼ਾਹੀ ਅਤੇ ਸੌੜੇ ਹਿੱਤਾਂ ਵਾਲੇ ਰਾਜਨੀਤਿਕ ਲੋਕਾਂ ਦੇ ਪਾਜ ਵੀ ਉਘੇੜੇ। ਸੱਚ ਦੀ ਇਸ ਲੜਾਈ ਵਿੱਚ ਉਹਨਾਂ ਨੂੰ ਚਾਰੇ ਪਾਸਿਆਂ ਤੋਂ ਨਿਰੰਤਰ ਵਿਰੋਧ ਦਾ ਸਾਹਮਣਾ ਕਰਨਾ ਪਿਆ, ਪਰ ਭੋਗਲ ਸਾਹਬ ਦੇ ਖ਼ਾਨਦਾਨ ਦੇ ਅਸਰ ਰਸੂਖ਼ ਅਤੇ ਉਨ੍ਹਾਂ ਦੀ ਦਲੇਰੀ ਭਰਪੂਰ ਸ਼ਖ਼ਸੀਅਤ ਸਦਕਾ, ਉਨ੍ਹਾਂ ਕਦੇ ਵੀ ਆਪਣੇ ਕਦਮਾਂ ਨੂੰ ਸੱਚਾਈ ਦੇ ਰਾਹ ਤੋਂ ਥਿੜਕਣ ਨਾ ਦਿੱਤਾ।

ਪਰ ਅਜੋਕੇ ਦੌਰ ਵਿੱਚ ਪੱਤਰਕਾਰਾਂ ਦੇ ਗ਼ੈਰ-ਜ਼ਿੰਮੇਵਾਰਾਨਾ ਰਵੱਈਏ ਤੋਂ ਉਹ ਬੜੇ ਹਤਾਸ਼ ਸਨ। ਅੱਜ ਦੀ ਪੀਲੀ ਪੱਤਰਕਾਰੀ ਅਤੇ ਪੱਤਰਕਾਰਾਂ ਦੀ ਉਦਾਸੀਨਤਾ ਤੋਂ ਉਹ ਖ਼ਾਸੇ ਨਿਰਾਸ਼ ਹੋ ਚੁੱਕੇ ਸਨ। ਉਨ੍ਹਾਂ ਲਈ ਖ਼ਬਰ ਦਾ ਅਰਥ ਸੁਣੀ-ਸੁਣਾਈ ਇੱਕ ਪਾਸੜ ਗੱਲ, ਅਫ਼ਵਾਹ ਜਾਂ ਸੈਂਸੇਸ਼ਨਲ ਸੁਰਖ਼ੀ ਭਰ ਨਹੀਂ ਸੀ।



ਉਨ੍ਹਾਂ ਲਈ ਖ਼ਬਰ ਦਾ ਅਰਥ ਸੀ ਘਟਨਾ ਦੀ ਸਹੀ ਤੇ ਸੱਚੀ ਤਸਵੀਰ ਅਤੇ ਉਸਤੋਂ ਵੀ ਅੱਗੇ ਜਾ ਕੇ ਘਟਨਾ ਦੇ ਵਾਪਰਨ ਪਿੱਛੇ ਲੁਕਿਆ ਨੰਗਾ ਚਿੱਟਾ ਸੱਚ ਅਤੇ ਇਸ ਸੱਚ ਨੂੰ ਲੋਕਾਂ ਸਾਹਮਣੇ ਉਜਾਗਰ ਕਰਨ ਵਾਲਾ ਹੀ ਉਨ੍ਹਾਂ ਦੀ ਨਜ਼ਰ ਵਿੱਚ ਸਹੀ ਅਰਥਾਂ ਵਿੱਚ ਪੱਤਰਕਾਰ ਹੈ। ਪਰ ਅੱਜ ਕੱਲ੍ਹ ਦੇ ਪੱਤਰਕਾਰ ਤਾਂ ਫ਼ੋਨ ਤੇ ਮਿਲੀ ਕਿਸੇ ਘਟਨਾ ਦੀ ਅੱਧ-ਪਚੱਧੀ ਤੇ ਇੱਕ ਪਾਸੜ ਜਿਹੀ ਜਾਣਕਾਰੀ ਦੇ ਆਧਾਰ ਤੇ ਹੀ ਰਿਪੋਰਟਿੰਗ ਕਰ ਦਿੰਦੇ ਹਨ। ਜਾਂ ਫਿਰ ਅਖ਼ਬਾਰਾਂ ਦੀਆਂ ਖ਼ਬਰਾਂ ਮਹਿਜ਼ ਰਾਜਨੀਤਿਕ ਤਾਕਤਾਂ ਦੀ ਇਸ਼ਤਿਹਾਰਬਾਜ਼ੀ ਬਣ ਕੇ ਰਹਿ ਗਈਆਂ ਹਨ। ਸਫ਼ਿਆਂ ਤੇ ਕਾਲਮਾਂ ਦੇ ਮੁੱਲ ਪੈਣ ਲੱਗ ਪਏ ਹਨ।

ਭੋਗਲ ਸਾਹਬ ਇਸ ਤਰ੍ਹਾਂ ਦੀ ਇੱਕ ਪਾਸੜ ਰਿਪੋਰਟਿੰਗ ਅਤੇ ਖ਼ਬਰਾਂ ਦੇ ਵਪਾਰੀਕਰਨ ਤੋਂ ਆਪਣੇ ਅਖ਼ਬਾਰ ਨੂੰ ਕਾਫ਼ੀ ਹੱਦ ਤੱਕ ਬਚਾ ਕੇ ਰੱਖਦੇ ਆਏ ਸਨ, ਪਰ ਆਪਣੇ ਸਟਾਫ਼ ਦੀ ਕਾਰਗੁਜ਼ਾਰੀ ਤੋਂ ਉਹ ਪੂਰਨ ਤੌਰ 'ਤੇ ਸੰਤੁਸ਼ਟ ਨਹੀਂ ਸਨ।

ਅਜੋਕੀ ਨੌਜਵਾਨ ਨਸਲ ਤੋਂ ਤਾਂ ਉਹ ਖ਼ਾਸ ਤੌਰ ਤੇ ਚਿੜਦੇ ਸਨ। ਵਕਤ ਦੀ ਬੇਕਦਰੀ ਅਤੇ ਲਾਪਰਵਾਹੀ ਤਾਂ ਜਿਵੇਂ ਏਸ ਜਨਰੇਸ਼ਨ ਦਾ ਪਸੰਦੀਦਾ ਸ਼ੁਗਲ ਸੀ, ਤੇ ਉੱਤੋਂ ਦੀ ਕੋਹੜ ਤੇ ਖਾਜ ਵਾਂਗੂੰ ਬਗੈਰ ਕਿਸੇ ਟੀਚੇ ਤੇ ਸਿਧਾਂਤਾਂ ਦੇ ਬੇਲਗਾਮ ਜ਼ਿੰਦਗੀ। ਉਹਨਾਂ ਨੂੰ ਇਉਂ ਪ੍ਰਤੀਤ ਹੁੰਦਾ ਸੀ, ਜਿਵੇਂ ਸਾਰੀ ਦੀ ਸਾਰੀ ਨੌਜਵਾਨ ਨਸਲ ਡੂੰਘੇ ਪਤਾਲ ਵਿੱਚ ਗਰਕਦੀ ਜਾ ਰਹੀ ਹੋਵੇ ਤੇ ਉੱਤੋਂ ਦੀ ਇਸ ਵਹਿਮ ਵਿੱਚ ਵੀ ਮੁਬਤਲਾ ਕਿ ਉਹ ਉੱਚੇ ਅਸਮਾਨਾਂ ਦੀਆਂ ਉੱਚਾਈਆਂ ਨੂੰ ਛੂਹ ਰਹੇ ਹਨ।

ਦੇਅਰ ਇਜ਼ ਨੋ ਹੋਪ! ਗਾਹੇ-ਬਗਾਹੇ ਆਖ ਕੇ ਭੋਗਲ ਸਾਹਬ ਆਪਣੀ ਨਿਰਾਸ਼ਾ ਦਾ ਮੁਜ਼ਾਹਰਾ ਕਰ ਦਿੰਦੇ।

ਮੇ ਆਈ ਕਮ ਇਨ ਸਰ ? ਕੈਬਿਨ ਦੇ ਦਰਵਾਜ਼ੇ ਤੇ ਹਲਕੀ ਜਿਹੀ ਦਸਤਕ ਦੇ ਕੇ, ਥੋੜ੍ਹਾ ਜਿਹਾ ਦਰਵਾਜ਼ਾ ਖੋਲ੍ਹ ਕੇ, ਗਰਦਨ ਅੰਦਰ ਕਰ ਤੇਜਵੀਰ ਨੇ ਦਬੀ ਹੋਈ ਆਵਾਜ਼ 'ਚ ਪੁੱਛਿਆ।

ਕਮ ਇਨ ਯੰਗ ਮੈਨ।

ਅੰਦਰ ਆ ਚੁੱਕੇ ਤੇਜਵੀਰ ਨੂੰ ਸਿਰ ਤੋਂ ਪੈਰਾਂ ਤੱਕ ਤਾੜਦਿਆਂ, ਭੋਗਲ ਸਾਹਬ ਨੇ ਆਪਣੇ ਗੁੱਟ ਤੇ ਬੰਨ੍ਹੀ ਘੜੀ ਵੱਲ ਨਜ਼ਰ ਮਾਰੀ।

ਹੂੰ ਯੂ ਆਰ ਨਾੱਟ ਸਪੋਜ਼ਡ ਟੂ ਬੀ ਲੇਟ ਸਪੈਸ਼ਲੀ ਟੂਡੇ ਯੰਗ ਮੈਨ! ਆਫ਼ਟਰ ਆਲ ਦਿਸ ਇਜ਼ ਦ ਫਸਟ ਡੇ ਆੱਵ ਯੁਅਰ ਜੌਬ ਐਂਡ ਇਟ ਸੀਮਜ਼ ਟੂ ਬੀ ਸੋ ਇਰਰਿਸਪਾਂਸੀਬਲ ਮਾਈ ਬੁਆਏ! ਅ-ਆਈ ਐਮ ਸ-ਸਾੱਰੀ ਸਰ, ਉਹ ਕੀ ਹੈ ਕਿ।

ਅਗਲੇ ਬੋਲ ਤੇਜਵੀਰ ਦੇ ਮੂੰਹੋਂ ਨਿਕਲਣ ਤੋਂ ਪਹਿਲਾਂ ਹੀ ਭੋਗਲ ਸਾਹਬ ਦੇ ਵਿਸ਼ਾਲਾਕਾਰ ਆਫ਼ਿਸ ਟੇਬਲ 'ਤੇ ਪਏ ਟੈਲੀਫ਼ੋਨ ਦੀ ਘੰਟੀ ਵੱਜ ਪਈ।

ਤੇਜਵੀਰ ਨੂੰ ਇਉਂ ਲੱਗਿਆ ਜਿਵੇਂ ਉਸਨੂੰ ਮੌਤ ਦੇ ਖੂਹ 'ਚ ਡਿੱਗਦੇ ਨੂੰ ਕਿਸੇ ਨੇ ਬਾਹੋਂ ਫੜ ਕੇ ਖਿੱਚ ਲਿਆ ਹੋਵੇ। ਉਸਤੋਂ ਕੋਈ ਜਵਾਬ ਦਿੰਦੇ ਨਹੀਂ ਬਣ ਪਾ ਰਿਹਾ ਸੀ। ਭੋਗਲ ਸਾਹਬ ਦੀ ਰੋਅਬਦਾਰ ਸ਼ਖ਼ਸੀਅਤ ਸਾਹਮਣੇ ਉਸਦੇ ਐਸੇ ਪਸੀਨੇ ਛੁੱਟੇ ਕਿ ਕੋਈ ਬਹਾਨਾ ਵੀ ਨਹੀਂ ਸੁੱਝ ਰਿਹਾ ਸੀ। ਤੇ ਐਨ ਉਸੇ ਵਕਤ, ਕਿਸੇ ਖ਼ੁਦਾਈ ਮਦਦ ਦੀ ਤਰ੍ਹਾਂ, ਇਹ ਟੈਲੀਫ਼ੋਨ ਦੀ ਘੰਟੀ ਵੱਜ ਪਈ। ਤੇਜਵੀਰ ਮਨ ਹੀ ਮਨ ਉਸ ਟੈਲੀਫ਼ੋਨ ਕਰਨ ਵਾਲੇ ਦਾ ਸ਼ੁਕਰੀਆ ਅਦਾ ਕਰ ਰਿਹਾ ਸੀ, ਜਿਸਨੇ ਭਾਵੇਂ ਵਕਤੀ ਤੌਰ ਤੇ ਹੀ ਸਹੀ, ਉਸਦੀ ਜਾਨ ਨੂੰ ਇਸ ਮੁਸੀਬਤ 'ਚੋਂ ਬਾਹਰ ਕੱਢ ਲਿਆ ਸੀ।

ਵਾੱਟ ? ਓਹ ਮਾਈ ਗੁੱਡ ਗਾੱਡ! ਕੀ ਨਾਂ ਦੱਸਿਆ ? ਓਹ ਦਿਸ ਇਜ਼ ਸੋ ਅਨਫ਼ਾਰਚੂਨੇਟ ! ਕਹਿੰਦਿਆਂ ਭੋਗਲ ਸਾਹਬ ਦੇ ਚਿਹਰੇ ਤੇ ਮਾਤਮ ਛਾ ਗਿਆ। ਮੱਥੇ ਤੇ ਦੁੱਖ ਅਤੇ ਚਿੰਤਾ ਦੀਆਂ ਲਕੀਰਾਂ ਪੈ ਗਈਆਂ। ਜ਼ਰੂਰ ਫ਼ੋਨ ਤੇ ਕੋਈ ਬੁਰੀ ਖ਼ਬਰ ਮਿਲੀ ਸੀ। ਤੇਜਵੀਰ ਦਾ ਪੂਰਾ ਧਿਆਨ ਹੁਣ ਆਪਣੀ ਹਾਲਤ ਤੋਂ ਛਿਟਕ ਕੇ, ਭੋਗਲ ਸਾਹਬ ਦੇ ਮੌਜੂਦਾ ਮੂਡ ਵੱਲ ਕੇਂਦਰਿਤ ਹੋ ਗਿਆ ਸੀ। ਆਖ਼ਿਰ ਐਸੀ ਕਿਹੜੀ ਗੱਲ ਹੋ ਗਈ ਸੀ, ਜੋ ਭੋਗਲ ਸਾਹਬ ਦੇ ਮੂਡ ਵਿੱਚ ਏਨੀ ਅਚਾਨਕ ਇਹ ਪਰਿਵਰਤਨ ਆ ਗਿਆ ਸੀ ?

ਠੀਕ ਹੈ, ਮੈਂ ਭੇਜਦਾ ਹਾਂ ਕਿਸੇ ਨੂੰ। ਇਹ ਆਖ ਕੇ ਭੋਗਲ ਸਾਹਬ ਨੇ ਟੈਲੀਫ਼ੋਨ ਦਾ ਰਿਸੀਵਰ ਕ੍ਰੈਡਿਲ ਤੇ ਟਿਕਾਇਆ ਅਤੇ ਇੰਟਰਕਾਮ ਦਾ ਬਜ਼ਰ ਦਬਾ ਕੇ ਆਪਣੀ ਪਰਸਨਲ ਸੈਕ੍ਰੇਟਰੀ ਨੂੰ ਨਿਰਦੇਸ਼ ਦਿੱਤਾ। ਮਿਸ ਸਿਮਰਨ! ਸੈਂਡ ਮਿ. ਗਗਨ ਇੰਮੀਡੀਏਟਲੀ ਇਨਸਾਈਡ ਮਾਈ ਕੈਬਿਨ।

ਤਕਰੀਬਨ ਅੱਧਾ ਮਿੰਟ ਭੋਗਲ ਸਾਹਬ ਆਪਣੀ ਗੱਦੇਦਾਰ ਕੁਰਸੀ ਦੀ ਪੁਸ਼ਤ ਤੇ ਸਿਰ ਟਿਕਾ ਕੇ, ਕਿਸੇ ਗਹਿਰੀ ਸੋਚ 'ਚ ਡੁੱਬੇ ਰਹੇ। ਫਿਰ ਅਚਾਨਕ ਉਨ੍ਹਾਂ ਨੂੰ ਉਥੇ ਤੇਜਵੀਰ ਦੀ ਮੌਜੂਦਗੀ ਦਾ ਖ਼ਿਆਲ ਆਇਆ ਅਤੇ ਇਹ ਵੀ ਕਿ ਉਨ੍ਹਾਂ ਨੇ ਤੇਜਵੀਰ ਨੂੰ ਹਾਲੇ ਤੱਕ ਬੈਠਣ ਲਈ ਵੀ ਨਹੀਂ ਕਿਹਾ ਸੀ।

ਸਿਟ ਡਾਊਨ ਮਾਈ ਬੁਆਏ। ਕਦਰਨ ਨਰਮ ਸੁਰ 'ਚ ਭੋਗਲ ਸਾਹਬ ਬੋਲੇ। ਸ਼ਾਇਦ ਉਸੇ ਮੰਦਭਾਗੀ ਖ਼ਬਰ ਦਾ ਨਤੀਜਾ ਸੀ ਕਿ ਉਨ੍ਹਾਂ ਦੇ ਰੁਖ਼ ਵਿਚ ਕੁਝ ਨਰਮੀ ਆ ਗਈ ਸੀ ਅਤੇ ਤੇਜਵੀਰ ਦੇ ਨੌਕਰੀ ਦੇ ਪਹਿਲੇ ਦਿਨ ਹੀ ਲੇਟ ਹੋਣ ਦੀ ਨਾਰਾਜ਼ਗੀ ਨੂੰ ਜਾਂ ਤਾਂ ਉਹ ਭੁੱਲ ਗਏ ਸਨ, ਜਾਂ ਜਾਣ ਬੁੱਝ ਕੇ ਹੀ ਅੱਖੋਂ ਪਰੋਖੇ ਕਰ ਦਿੱਤਾ ਸੀ।

ਅੱਗਿਓਂ ਕੁਝ ਕਹਿਣ ਲਈ ਭੋਗਲ ਸਾਹਬ ਨੇ ਮੂੰਹ ਖੋਲ੍ਹਿਆ ਹੀ ਸੀ ਕਿ ਕੈਬਿਨ ਦੇ ਦਰਵਾਜ਼ੇ ਤੋਂ ਆਵਾਜ਼ ਆਈ।

ਮੇ ਆਈ ਕਮ ਇਨ ਸਰ ? ਯੈੱਸ, ਕਮ ਇਨ ਗਗਨ! ਮੈਂ ਤੇਰਾ ਹੀ ਇੰਤਜ਼ਾਰ ਕਰ ਰਿਹਾ ਸੀ। ਕਮ ਸਿਟ।

ਗਗਨ ਨੇ ਇੱਕ ਉੱਡਦੀ ਹੋਈ ਨਿਗ੍ਹਾ ਤੇਜਵੀਰ ਤੇ ਮਾਰੀ ਅਤੇ ਫਿਰ ਭੋਗਲ ਸਾਹਬ ਦੇ ਮੂਡ ਦੇ ਮੱਦੇਨਜ਼ਰ ਤੇਜਵੀਰ ਦੀ ਬਗਲ ਦੀ ਸੀਟ ਮੱਲਦਿਆਂ, ਹਿਚਕਿਚਾਉਂਦੇ ਹੋਏ ਪੁੱਛਣ ਲੱਗਾ। ਗ਼ੁਸਤਾਖ਼ੀ ਮਾਫ਼ ਸਰ ਕੀ ਗੱਲ ? ਸਭ ਖ਼ੈਰੀਅਤ ਤਾਂ ਹੈ ? ਤੁਸੀਂ ਕਾਫ਼ੀ ਅਪਸੈੱਟ ਨਜ਼ਰ ਆ ਰਹੇ ਹੋ?

ਓਹ ਯੈੱਸ ਮਾਈ ਬੁਆਏ! ਦਰਅਸਲ ਥਾਣੇ 'ਚੋਂ ਹੁਣੇ-ਹੁਣੇ ਫ਼ੋਨ ਆਇਆ ਕਿ ਐੱਸ.ਬੀ.ਐੱਸ. ਕਾਲਜ ਦੇ ਗਰਲਜ਼ ਹੋਸਟਲ ਵਿੱਚ ਰੁਪਿੰਦਰ ਢਿੱਲੋਂ ਨਾਂ ਦੀ ਇੱਕ ਲੜਕੀ ਦੀ ਮੌਤ ਹੋ ਗਈ ਹੈ।

ਉਹ ਤਾਂ ਠੀਕ ਹੈ ਸਰ ਪਰ ਤੁਸੀਂ ਇਸ ਖ਼ਬਰ ਤੋਂ ਏਨੇ ਜ਼ਿਆਦਾ ਪ੍ਰੇਸ਼ਾਨ ਕਿਉਂ ਲੱਗ ਰਹੇ ਓ ? ਨਾ ਚਾਹੁੰਦੇ ਹੋਏ ਵੀ ਗਗਨ ਨੇ ਭੋਗਲ ਸਾਹਬ ਦੀ ਗੱਲ ਨੂੰ ਵਿਚੋਂ ਹੀ ਟੋਕਦਿਆਂ ਪੁੱਛਿਆ।

ਜੇ ਕੋਈ ਹੋਰ ਵਕਤ ਹੁੰਦਾ, ਤਾਂ ਗਗਨ ਦਾ ਇਉਂ ਵਿੱਚੋਂ ਟੋਕਣਾ ਭੋਗਲ ਸਾਹਬ ਨੂੰ ਚੰਗਾ ਨਹੀਂ ਸੀ ਲੱਗਣਾ, ਪਰ ਇਸ ਵੇਲ਼ੇ ਉਨ੍ਹਾਂ ਨੇ ਉਸਦੀ ਇਸ ਹਰਕਤ ਵੱਲ ਬਹੁਤਾ ਗ਼ੌਰ ਨਹੀਂ ਕੀਤਾ ਅਤੇ ਗਗਨ ਦੇ ਸਵਾਲ ਦਾ ਜਵਾਬ ਦੇਣ ਲੱਗੇ।

ਗਗਨ! ਮੇਰੇ ਇੱਕ ਅਜ਼ੀਜ਼ ਦੋਸਤ ਨੇ ਸ. ਅਮਰੀਕ ਸਿੰਘ ਢਿੱਲੋਂ। ਜੋ ਰਾਏਕੋਟ ਦੇ ਇੱਕ ਨਾਮੀ-ਗਰਾਮੀ ਬੰਦੇ ਨੇ। ਆਪਣੇ ਇਲਾਕੇ 'ਚ ਉਨ੍ਹਾਂ ਦਾ ਆੜ੍ਹਤ ਦਾ ਬਹੁਤ ਲੰਬਾ-ਚੌੜਾ ਕਾਰੋਬਾਰ ਹੈ। ਉਨ੍ਹਾਂ ਦੀ ਬੇਟੀ ਵੀ ਐੱਸ.ਬੀ.ਐੱਸ. ਕਾਲਜ ਦੇ ਹੋਸਟਲ ਵਿੱਚ ਹੀ ਰਹਿੰਦੀ ਹੈ। ਆਈ ਐਮ ਆਫ਼ਰੇਡ ਮਾਈ ਬੁਆਏ ਜੇ ਮੇਰੀ ਯਾਦਦਾਸ਼ਤ ਧੋਖਾ ਨਹੀਂ ਦੇ ਰਹੀ ਤਾਂ ਉਨ੍ਹਾਂ ਦੀ ਬੇਟੀ ਦਾ ਨਾਂ ਵੀ ਰੁਪਿੰਦਰ ਹੀ ਹੈ। ਮੈਨੂੰ ਡਰ ਹੈ ਕਿ ਕਿਤੇ ਇਹ ਮਰਨ ਵਾਲੀ ਲੜਕੀ ਢਿੱਲੋਂ ਸਾਹਬ ਦੀ ਬੇਟੀ ਹੀ ਤਾਂ ਨਹੀਂ ? ਜੇ ਮੇਰਾ ਸ਼ੱਕ ਸਹੀ ਨਿਕਲਿਆ, ਗਗਨ ਤਾਂ ਇਹ ਮੇਰੇ ਦੋਸਤ ਅਤੇ ਉਸਦੀ ਵਾਈਫ਼ ਲਈ ਇੱਕ ਬਹੁਤ ਵੱਡਾ ਇਮੋਸ਼ਨਲ ਸੈੱਟਬੈਕ ਹੋਵੇਗਾ। ਉਨ੍ਹਾਂ ਦੀ ਇਕਲੌਤੀ ਬੇਟੀ ਹੈ ਉਹ। ਗਗਨ, ਆਈ ਵਾਂਟ, ਕਿ ਤੂੰ ਫ਼ੌਰਨ ਉਥੇ ਜਾ ਕੇ ਨਿਊਜ਼ ਕਵਰ ਕਰ ਅਤੇ ਪੂਰੀ ਸੂਰਤੇ-ਹਾਲ ਦੀ ਮੈਨੂੰ ਇਮੀਡੀਏਟਲੀ ਖ਼ਬਰ ਕਰ।

ਰਾਈਟ ਅਵੇ ਸਰ!

ਆਖ ਕੇ ਗਗਨ ਭੋਗਲ ਸਾਹਬ ਅੱਗੇ ਸਿਰ ਨਿਵਾ ਕੇ, ਆਪਣੀ ਸੀਟ ਤੋਂ ਉੱਠ ਕੇ ਜਾਣ ਲਈ ਮੁੜਨ ਲੱਗਾ ਤਾਂ ਭੋਗਲ ਸਾਹਬ ਨੂੰ ਜਿਵੇਂ ਕੁਝ ਯਾਦ ਆ ਗਿਆ।

ਬਾਈ ਦ ਵੇ ਗਗਨ! ਮੀਟ ਮਿ. ਤੇਜਵੀਰ ਸਿੰਘ ਸ਼ੇਰਗਿਲ ਇਸਨੇ ਅੱਜ ਹੀ ਜੁਆਇਨ ਕੀਤਾ।

ਮਾਹੌਲ ਦੀ ਟੈਂਸ਼ਨ ਦੇ ਮੱਦੇਨਜ਼ਰ ਗਗਨ ਨੇ ਬੜੀ ਹਲਕੀ ਜਿਹੀ ਮੁਸਕਰਾਹਟ ਨਾਲ ਤੇਜਵੀਰ ਨੂੰ ਹੈਲੋ ਕਿਹਾ ਅਤੇ ਤੇਜਵੀਰ ਨੇ ਉਸ ਤੋਂ ਵੀ ਹਲਕੀ ਜਿਹੀ ਮੁਸਕਰਾਹਟ ਨਾਲ ਉਸਦੀ ਹੈਲੋ ਨੂੰ ਕਬੂਲਿਆ।

ਤੂੰ ਇਸ ਤਰ੍ਹਾਂ ਕਰ ਗਗਨ ਕਿ ਤੇਜਵੀਰ ਨੂੰ ਵੀ ਨਾਲ ਹੀ ਲੈ ਜਾ। ਕੁਝ ਦਿਨ ਆਪਣੇ ਨਾਲ਼ ਹੀ ਰੱਖ ਇਸ ਨੂੰ। ਇਸ ਤਰ੍ਹਾਂ ਕ੍ਰਾਈਮ ਰਿਪੋਰਟਿੰਗ ਦੀ ਥੋੜ੍ਹੀ ਬਹੁਤ ਪ੍ਰੈਕਟੀਕਲ ਨਾੱਲੇਜ ਵੀ ਹੋ ਜਾਏਗੀ ਇਸਨੂੰ।

ਓ ਕੇ ਸਰ! ਕਮ ਮਿ. ਤੇਜਵੀਰ। ਕਹਿੰਦਿਆਂ ਗਗਨ ਨੇ ਭੋਗਲ ਸਾਹਬ ਅੱਗੇ ਦੁਬਾਰਾ ਸਿਰ ਨਿਵਾਇਆ ਅਤੇ ਦਰਵਾਜ਼ੇ ਵੱਲ ਨੂੰ ਮੁੜ ਪਿਆ।

ਤੇਜਵੀਰ ਵੀ ਉਸਦੀ ਦੇਖਾ-ਦੇਖੀ ਭੋਗਲ ਸਾਹਬ ਅੱਗੇ ਸਿਰ ਨਿਵਾ, ਉਸਦੇ ਪਿੱਛੇ ਹੋ ਤੁਰਿਆ।

ਤੇਜਵੀਰ ਨੇ ਦਰਵਾਜ਼ੇ ਨੂੰ ਹੱਥ ਪਾਇਆ ਹੀ ਸੀ ਕਿ ਪਿੱਛੋਂ ਭੋਗਲ ਸਾਹਬ ਦੀ ਆਵਾਜ਼ ਆਈ, ਬਾਈ ਦ ਵੇ ਤੇਜਵੀਰ। (ਚਲਦਾ)

ਹਰਫ਼ਾਂ ਦੇ ਨੂਰ

ਅਮਰਜੀਤ ਅਰਪਨ

# ਪੰਜਾਬ : ਕੱਲ੍ਹ ਅੱਜ ਤੇ ਭਲਕ



ਅਜ਼ਾਦੀ ਤੋਂ ਬਾਅਦ ਪੰਜਾਬ ਤੇ ਨਜ਼ਰ ਮਾਰਿਆਂ ਪੰਜਾਬ ਦੀ ਲੀਡਰਸ਼ਿਪ ਲੋਕਾਂ ਦੇ ਦੁੱਖਾਂ ਸੁੱਖਾਂ ਨਾਲ ਸਾਂਝ ਰੱਖਦੀ ਸੀ। ਇਹ ਲੀਡਰਸ਼ਿਪ ਬੇਸ਼ੱਕ ਅਕਾਲੀਆਂ, ਕਾਂਗਰਸੀਆਂ ਜਾਂ ਫਿਰ ਕੌਮਨਿਸਟਾਂ 'ਚੋਂ ਸੀ। ਇਨ੍ਹਾਂ ਦੇ ਕਿਰਦਾਰ ਵਿਚ ਬਹੁਤਾ ਫਰਕ ਨਹੀਂ ਸੀ। ਇਨ੍ਹਾਂ ਦੀ ਜੀਵਨ ਸ਼ੈਲੀ ਆਮ ਲੋਕਾਂ ਵਰਗੀ ਸੀ। ਬੱਸਾਂ ਸਾਇਕਲਾਂ ਤੇ ਤੁਰੇ ਰਹਿੰਦੇ, ਜਿੱਥੇ ਜਾਂਦੇ ਮੂੰਜ ਦੇ ਮੰਜੇ ਤੇ ਬਹਿ ਅਚਾਰ ਗੰਢੇ ਨਾਲ ਰੋਟੀ ਖਾ ਲੈਂਦੇ, ਬਹੁਤੀ ਤੇਰ ਮੇਰ ਨਹੀਂ ਸੀ। ਇਹ ਮੈਂ ਸੱਠ ਸੱਤਰ ਤੱਕ ਦੀਆਂ ਗੱਲਾਂ ਕਰ ਰਿਹਾਂ ਹਾਂ। ਆਟੇ ਵਿਚ ਲੂਣ ਮਾਤਰ ਮੌਕਾਪ੍ਰਸਤ ਲੀਡਰਾਂ ਨੂੰ ਛੱਡ ਕੇ ਉਹ ਪੰਜਾਬ ਲਈ ਮਰ ਮਿੱਟਦੇ ਸਨ। ਉਨ੍ਹਾਂ ਦੀ ਮੌਕਾਪ੍ਰਸਤੀ ਜਾਂ ਲਾਲਚੀ ਬਿਰਤੀ ਵੀ ਸੀ ਤਾਂ ਉਹ ਕੋਈ ਸਿਰ ਚੜ੍ਹ ਨਹੀਂ ਸੀ ਬੋਲਦੀ। ਕਾਂਗਰਸੀ ਅਕਾਲੀ ਕਾਮਰੇਡਾਂ ਵਰਗੇ ਲੱਗਦੇ ਤੇ ਕਾਮਰੇਡ ਸਾਬਤ ਸੂਰਤ ਸਿੱਖੀ ਆਲੇ ਤੇ ਬਥੇਰੇ ਅੰਮ੍ਰਿਤਧਾਰੀ ਹੁੰਦੇ, ਉਹ ਅਕਾਲੀ ਵਰਕਰਾਂ ਨਾਲੋਂ ਬਹੁਤੇ ਫ਼ਰਕ ਵਾਲੇ ਨਹੀਂ ਸਨ ਲੱਗਦੇ। ਅਕਾਲੀਆਂ ਤੇ ਕੌਮਨਿਸਟਾਂ ਦਾ ਆਧਾਰ ਪਿੰਡਾਂ 'ਚ ਵਧੇਰੇ ਸੀ। ਕਾਂਗਰਸ ਤੇ ਵਿਸ਼ੇਸ਼ਕਰ ਜਨਸੰਘ ਤੇ ਇਹਦਾ ਬਾਅਦ ਦਾ ਨਾਂ ਬੇਜੇਪੀ ਮੁੱਖ ਤੌਰ 'ਤੇ ਸ਼ਹਿਰੀ ਆਧਾਰ ਦੀ ਪਾਰਟੀ ਸੀ।

ਪੁਰਾਣੀ ਖੇਤਰੀ ਪਾਰਟੀ ਅਕਾਲੀ ਦਲ ਗੁਰਦੁਆਰਾ ਸੁਧਾਰ ਲਹਿਰ 'ਚੋਂ ਨਿਕਲੀ ਹੋਣ ਕਾਰਨ ਪੰਥਕ ਕਿਰਦਾਰ ਦੀ ਪਾਰਟੀ ਸੀ ਜਿਸਦਾ ਆਧਾਰ ਪੇਂਡੂ ਜੱਟ ਸ਼੍ਰੇਣੀ ਦੇ ਨਾਲ ਨਾਲ ਦਲਿਤਾਂ ਤੇ ਸ਼ਹਿਰੀ ਸਿੱਖ ਖੱਤਰੀ ਅਰੋੜਿਆਂ ਵਿਚ ਸੀ।ਇਹ ਇਕੋ ਇਕ ਵਾਹਦ ਪਾਰਟੀ ਸੀ ਜੋ ਪੰਜਾਬ ਦੇ ਪਾਣੀਆਂ, ਖੇਤੀ ਮਸਲਿਆਂ, ਪੰਜਾਬੀ ਬੋਲੀ, ਸਭਿਆਚਾਰ ਤੇ ਸਿੱਖ ਮਸਲਿਆਂ ਦੀ ਗੱਲ ਕਰਦੀ ਕਰਦੀ ਫੈਡਰਲ ਢਾਂਚੇ ਦੀ ਮੁਦੱਈ ਸੀ। ਕਿਉਂ ਜੋ ਭਾਰਤ ਵੱਖ ਵੱਖ ਕੌਮੀਅਤਾਂ, ਭਾਸ਼ਾਵਾਂ, ਪਹਿਰਾਵਿਆਂ, ਆਸਥਾਵਾਂ ਵਾਲਾ ਦੇਸ਼ ਹੈ, ਇਸ ਪੱਖੋਂ ਅਕਾਲੀ ਦਲ ਖੇਤਰੀ ਅਕਾਂਖਿਆਵਾਂ ਤੇ ਪਹਿਰਾ ਦੇਂਦੀ ਖੇਤਰੀ ਸੁਭਾਅ ਨਾਲ ਮੇਲ ਖਾਂਦੀ ਵੱਧ ਤਰਜ਼ੀਹੀ ਪਾਰਟੀ ਸੀ ਤੇ ਇਹਦੇ ਲੀਡਰ ਵੀ ਪੰਜਾਬ ਦੇ ਉਪ ਖੇਤਰੀ ਜਥੇਦਾਰਾਂ ਨਾਲ ਸਾਹ ਸਾਹ ਰਲਾਉਂਦੇ ਸਨ। ਆਮ ਵਰਕਰ, ਜਥੇਦਾਰ ਤੇ ਲੀਡਰਸ਼ਿਪ ਵਿਚਕਾਰ ਇਕਮਿਕਤਾ ਸੀ।ਸਿੱਖ ਲਹਿਰ ਵਿਚੋਂ ਨਿਕਲੀ ਪੰਥਕ ਸੋਚ, ਸਿਧਾਂਤ ਤੇ ਇਤਹਾਸ ਇਹਦੀ ਜਿੰਦਜਾਨ ਸੀ। ਏਸ ਕਲਚਰਲ ਹੈਰੀਟੇਜ਼ ਤੇ ਖਲੋਤੀ ਇਹ ਪਾਰਟੀ ਇਕੋ ਇਕ ਪੰਜਾਬ ਦੀ ਵਾਹਦ ਪਾਰਟੀ ਸੀ।

ਹੁਣ ਸੁਆਲ ਪੈਦਾ ਹੁੰਦੈ ਕਿ ਪੰਜਾਬ ਦੇ ਦੁੱਖਾਂ ਸੁੱਖਾਂ ਨਾਲ ਸਾਹ ਲੈਂਦੀ ਇਹ ਪਾਰਟੀ ਕਿਉਂ ਹੁਣ ਹਾਸ਼ੀਏ ਤੇ ਜਾ ਖਲੋਤੀ ?

ਅਕਾਲੀ ਦਲ ਦਾ ਕਿਰਦਾਰ ਜਿਹੜਾ ਆਮ ਕਿਸਾਨੀ ਨਾਲ ਜੁੜਾਵ ਦਾ ਸੀ ਤੇ ਲੀਡਰਸ਼ਿਪ ਵੀ ਆਮ ਕਿਸਾਨੀ ਵਿਚੋਂ ਹੀ ਸੀ, ਉਹ ਹਰੀ ਕ੍ਰਾਂਤੀ ਤੋਂ ਬਾਅਦ ਵੱਡੀ ਕਿਸਾਨੀ ਦੇ ਹੱਥ ਆ ਗਈ।ਏਸ ਕਿਰਦਾਰ ਬਦਲੀ ਨਾਲ ਪਾਰਟੀ ਉਪਰ ਪੈਸੇ ਦਾ ਬੋਲਬਾਲਾ, ਵਿਉਪਾਰੀ ਬਿਰਤੀ,ਪੰਜਾਬ ਦੇ ਸੰਸਾਧਨਾ ਵਿਚ ਲੀਡਰਾਂ ਦੀ ਘੁਸਪੈਠ,ਆੜਤੀਆਂ ਦਾ ਬੋਲਬਾਲਾ, ਸ਼ੈਲਰਾਂ ਦੀ ਮਾਲਕੀ,ਕੇਬਲ ਆਉਣ ਨਾਲ ਕੇਬਲ ਮਾਫ਼ੀਆ, ਟਰਾਂਸਪੋਰਟ ਮਾਫ਼ੀਆ ਤੇ ਏਦਾਂ ਹੋਰ ਬਹੁਤ ਕੁੱਝ ਜੀਹਦੇ ਤੇ ਪੈਸਾ ਭਾਰੂ ਸੀ ਲੀਡਰਸ਼ਿਪ ਤੇ ਹਾਵੀ ਹੋ ਗਿਆ। ਕੁਰਬਾਨੀ ਆਲੇ ਜਥੇਦਾਰਾਂ ਦੀ ਥਾਂ ਤੇ ਮੁੰਢੀਰ ਕਿਸਮ ਦੀ ਪੰਥਕ ਸੋਚ ਤੋਂ ਟੁੱਟੀ ਵੱਡੀਆਂ ਕਾਰਾਂ ਦੀ ਮੁਰੀਦ ਤੇ ਹੋਟਲਾਂ ਦੀ ਸੁੱਖ ਰਹਿਣੀ ਜ਼ਿੰਦਗੀ ਦੇ ਸ਼ੁਕੀਨ ਅਕਾਲੀ ਵਰਕਰ, ਆਮ ਲੋਕਾਂ ਤੋਂ ਟੁੱਟ ਗਏ। ਇਨ੍ਹਾਂ ਵਿਚੋਂ ਬਥੇਰਿਆਂ ਦੇ ਹੋਟਲ, ਵੱਖ-ਵੱਖ ਕਮਾਈ ਦੀਆਂ ਥਾਵਾਂ ਤੇ ਹਿੱਸਾ ਪੱਤੀਆਂ, ਮਹਿੰਗੀਆਂ ਹੋ ਰਹੀਆਂ ਜਮੀਨਾਂ ਦੀ ਪੁੱਠਸਿਧ ਵਿਚੋਂ ਅਥਾਹ ਪੈਸਾ ਕਮਾਉਣ ਦੀ ਲਲਕ, ਸੰਨ ਬਾਨਮੇਂ ਤੋਂ ਬਾਅਦ ਨਵ ਉਦਾਰਵਾਦ ਆਉਣ ਨਾਲ ਵੱਧ ਰਹੀ ਸ਼ਹਿਰੀ ਪ੍ਰਾਪਰਟੀ ਦੀਆਂ ਕੀਮਤਾਂ ਵਿਚ ਹੱਦੋਂ ਵੱਧ ਵਾਧਾ ਇਨ੍ਹਾਂ ਦੀ ਕਮਾਈ ਦਾ ਸਾਧਨ ਬਣਿਆ। ਏਦਾਂ ਕੁਰਬਾਨੀਆਂ ਵਾਲੀ ਪਾਰਟੀ ਅਕਾਲੀ ਦਲ ਧਨੀਆਂ ਦੀ ਪਾਰਟੀ ਬਣ ਗਈ ਜੀਹਦੇ ਉੱਤੇ ਬਾਦਲ ਦੇ ਪੁੱਤਰ ਮੋਹ ਦੀ ਕਮਜ਼ੋਰੀ ਨੇ 'ਸੁਖਬੀਰ ਵਰਤਾਰਾ' ਹਾਵੀ ਕਰ ਦਿੱਤਾ ਜੀਹਨੇ ਕਮਜੋਰ ਹੋ ਚੁੱਕੇ 'ਜਥੇਦਾਰੀ ਪਿੱਲਰ' ਨੂੰ ਉੱਕਾ ਹੀ ਢਹਿ ਢੇਰੀ ਕਰ ਦਿੱਤਾ। ਰਹੀ ਸਹੀ ਕਸਰ ਨਸ਼ਾ ਤੇ ਗੈਂਗਵਾਰ ਨੇ ਪੂਰੀ ਕਰ ਦਿੱਤੀ।ਇਹ ਸਾਰੀਆਂ ਅਲਾਮਤਾਂ ਪਾਰਟੀਆਂ ਉਪਰ ਪੈਸੇ ਦੀ ਅਥਾਹ ਲਲਕ ਦਾ ਸਿੱਟਾ ਹੁੰਦੀਆਂ ਨੇ।ਡਿੱਗ ਰਿਹਾ ਰਾਜਸੀ ਕਿਰਦਾਰ ਸਮਾਜ ਨੂੰ ਵੀ ਕੁੰਭੀ ਨਰਕ ਵਿਚ ਪਾਉਂਦੈ।ਪੰਦਰਾਂ ਵੀਹਾਂ ਸਾਲਾਂ ਤੋਂ ਅਸੀਂ ਇਹੀ ਕੁੱਝ ਵੇਖ ਰਹੇ ਹਾਂ, ਇਹ ਹੋਣਾ ਹੀ ਸੀ ਤੇ ਸਾਨੂੰ ਭੋਰਾ ਵੀ ਸ਼ੱਕ ਨਹੀਂ ਸੀ ਕਿ ਇਹ ਗਰਕਣਾ ਹੀ ਗਰਕਣਾ ਹੈ।ਸਾਨੂੰ ਸਿਰਫ਼ ਇਕੋ ਆਸ ਸੀ ਕਿ ਕਦੋਂ ਕੋਈ ਨਰੋਈ ਲਹਿਰ ਨਿਕਲਦੀ ਹੈ ਜਿਹੜੀ ਪੰਜਾਬ ਦੀ ਮੰਝਧਾਰ ਵਿਚੋਂ ਕੋਈ ਸਾਰਥਕ ਰਾਜਨੀਤਕ ਸੁਰ ਨਿਕਾਲੇ। ... ਇਹਨਾਂ ਨੇ ਹੀ ਸਮਿਆਂ ਵਿਚ ਖੇਤੀ ਦੇ ਤਿੰਨ ਕਨੂੰਨਾਂ ਖਿਲਾਫ਼ ਉਠਿਆ ਕਿਸਾਨੀ ਅੰਦੋਲਨ ਇਕ ਵੱਡਾ ਤੇ ਨਰੋਆ ਨੈਰਿਟਿਵ ਸਿਰਜ ਗਿਆ ਜੀਹਦੇ ਵਿਚ ਕਿਸਾਨੀ ਦੇ ਨਾਲ ਨਾਲ ਆਮ ਲੋਕਾਂ ਦੀ ਸ਼ਮੂਲੀਅਤ ਸੀ।ਇਹ ਨੈਰਿਟਿਵ ਜਾਤਪਾਤ, ਊਚਨੀਚ,ਸਿੱਖ ਹਿੰਦੂ ਤੋਂ ਉਪਰ ਨਿਰੋਲ ਪੰਜਾਬੀ ਕੌਮੀਅਤ ਦਾ ਨੈਰਿਟਿਵ ਸੀ ਜੀਹਦੇ ਵਿਚ ਲੋਕਮੁੱਖੀ ਰਾਸ਼ਟਰੀ ਸੁਰ ਵੀ ਧੜਕਦੀ ਹੈ ਜਿਹੜੀ ਕਾਰਪੋਰੇਟ ਦੇ ਵਿਰੋਧ ਦੀ ਹੈ। ਫਿਲਹਾਲ ਇਹ ਇਕੋ ਇਕ ਮਾਡਲ ਵਿਖਾਈ ਦੇਂਦਾ ਹੈ ਜਿਹੜਾ ਹਿੰਦੁਸਤਾਨ ਵਿੱਚ ਫੈਡਰਲ ਲੜਾਈ ਨੂੰ ਅੱਗੇ ਵਧਾ ਸਕਦਾ ਹੈ।

ਪਰ ਨਾਲ ਹੀ ਅਸੀਂ ਇਹ ਵੀ ਵੇਖ ਰਹੇ ਹਾਂ ਕਿ ਲੋਕਾਂ ਦੇ ਮਨੋ ਲਹਿ ਚੁੱਕੀ ਪਰੰਪਰਕ ਲੀਡਰਸ਼ਿਪ ਆਪਣਾ ਪੁੱਠਾ ਸਿੱਧਾ ਹੱਥ ਪੈਰ ਤਾਂ ਮਾਰ ਰਹੀ ਹੈ ਪਰ ਕਿਨਾਰਾ ਉਹਨਾਂ ਨੂੰ ਕੋਈ ਮਿਲ ਨਹੀਂ ਰਿਹਾ। ਇਹੋ ਜਿਹੇ ਹਾਲਾਤਾਂ ਵਿਚ ਇਹ ਅਜਮਾਈ ਹੋਈ ਸਚਾਈ ਹੈ ਕਿ ਜਦੋਂ ਭਾਰੂ ਲੀਡਰਸ਼ਿਪ ਦੇ ਪੈਰਾਂ ਥੱਲੋਂ ਜਮੀਨ ਖਿਸਕਦੀ ਹੈ ਤਾਂ ਭਾਰੂ ਪਾਰਟੀਆਂ ਦੀ ਲੀਡਰਸ਼ਿਪ ਅੰਦਰੋਂ ਇਕੱਠੀ ਹੋ ਜਾਂਦੀ ਹੈ, ਇਹ ਉਨ੍ਹਾਂ ਦੇ ਆਪਣੇ ਹਿਤਾਂ ਦੀ ਸਾਂਝ ਹੈ। ਇਹ ਸੁਭਾਵਿਕ ਹੈ ਇਹ ਹੋਣਾ ਹੀ ਹੋਣਾ ਹੈ। ਕਾਂਗਰਸੀਆਂ ਜਾਂ ਕੁੱਝ ਅਕਾਲੀਆਂ 'ਚੋਂ ਭਾਜਪਾ ਦੀ ਝੋਲੀ 'ਚ ਜਾ ਬਹਿਣਾ ਕੋਈ ਜੱਗੋਂ ਤੇਰ੍ਹਵੀਂ ਨਹੀਂ ਹੈ, ਇਹ ਅੰਨ੍ਹਿਆਂ ਨੂੰ ਵੀ ਵਿਖਾਈ ਦੇ ਰਿਹਾ ਸੀ ਕਿ ਹੋਣਾ ਹੀ ਸੀ, ਤੇ ਇਹ ਹੋ ਰਿਹਾ ਹੈ। ਆਮ ਆਦਮੀ ਪਾਰਟੀ ਦਾ ਜਿਹੜੀ ਹਾਲੇ ਪੰਜਾਬ ਵਿਚ ਪੂਰੀ ਪਾਰਟੀ ਦਾ ਸਟਰੱਕਚਰ ਨਹੀਂ ਬਣਾ ਸਕੀ,ਭਾਰੀ ਬਹੁਮੱਤ ਨਾਲ ਜਿੱਤਣਾ ਪੰਜਾਬ ਦੀ ਖਾਲੀ ਪਈ ਸਪੇਸ ਦਾ ਪੰਜਾਬੀਆਂ ਵੱਲੋਂ ਇਕ ਰਾਜਨੀਤਕ ਬਦਲਾਉ ਦਾ ਕੇਵਲ ਤਰਲਾ ਮਾਤਰ ਹੀ ਹੈ। ਜਿਹੜੇ ਆਪ ਦੇ ਨਵੇਂ ਬਣੇ ਲੀਡਰ ਪੰਜਾਬੀਆਂ ਦੇ ਚੇਤਿਆਂ ਤੇ ਵੀ ਅਜੇ ਤੱਕ ਨਹੀਂ ਚੜ੍ਹ ਸਕੇ ..ਏਸ ਤੋਂ ਮਾੜੇ ਪੰਜਾਬ ਦੇ ਰਾਜਨੀਤਿਕ ਦ੍ਰਿਸ਼ ਦੇ ਕੀ ਸਕਦੇ ਹਨ ।ਏਸ ਸਾਰੇ ਰਾਜਨੀਤਕ ਖਾਲੀ ਪੜਾਉ ਨੂੰ ਨਵੀਂ ਉਠੀ ਜਥੇਬੰਦੀ 'ਵਾਰਿਸ ਪੰਜਾਬ ਦੇ' ਸਿੱਖ ਜਥੇਬੰਦੀ ਭਰਨ ਦੀ ਕੋਸ਼ਿਸ਼ ਕਰ ਰਹੀ ਹੈ।ਪੁਰਾਣੀ ਲੀਡਰਸ਼ਿਪ ਤੇ ਕੇਂਦਰ 'ਚ ਬੈਠੀ ਹਿੰਦੂਤਵੀ ਸੱਤਾ ਏਸ ਸਾਰੇ ਵਰਤਾਰੇ ਨੂੰ ਕਿਵੇਂ ਨਜਿੱਠਦੀ, ਵਰਤਦੀ ਜਾਂ ਕੀ ਕੂਟਨੀਤੀ ਵਰਤਦੀ ਹੈ, ਇਹ ਭਵਿੱਖ ਦੱਸੇਗਾ। ਫਿਲਹਾਲ ਤਾਂ ਇਹ ਕਹਿ ਸਕਦੇ ਹਾਂ ਕਿ ਹੁਣ ਪੰਜਾਬ ਔਖੇ ਮੰਝਦਾਰ ਵਿਚ ਫਸਿਆ ਕਿਸੇ ਕਿਨਾਰੇ ਦੀ ਤਲਾਸ਼ ਵਿਚ ਹੈ;ਤੇ ਇਸ ਕਿਨਾਰੇ ਤੇ ਨਿਗਾਹ ਟਿਕਾਈ ਕਾਂਗਰਸ,ਅਕਾਲੀ ਤੇ ਕੇਂਦਰੀ ਸੱਤਾ ਵੀ ਨੀਝ ਲਾਈ ਬੈਠੀਆਂ ਹਨ। ਊਠ ਕਿਸ ਕਰਵੱਟ ਬੈਠਦਾ ਹੈ ਇਹ ਆਉਣ ਵਾਲੇ ਸਮੇਂ ਤੇ ਨਿਰਭਰ ਹੈ।






# ਵਿਟਾਮਿਨ ਦੀ ਓਵਰਡੋਜ਼ ਵੀ ਹੋ ਸਕਦੀ ਹੈ ਖ਼ਤਰਨਾਕ

## ਜਾਣੋ ਕੀ ਕਹਿੰਦੇ ਹਨ : ਸਿਹਤ ਮਾਹਿਰ



ਸਰੀਰ ਨੂੰ ਸਿਹਤਮੰਦ ਰੱਖਣ ਲਈ ਕਈ ਪੌਸ਼ਟਿਕ ਤੱਤਾਂ ਦੀ ਲੋੜ ਹੁੰਦੀ ਹੈ ਅਤੇ ਇਨ੍ਹਾਂ ਪੌਸ਼ਟਿਕ ਤੱਤਾਂ ਦੀ ਕਮੀ ਜਾਂ ਜ਼ਿਆਦਾ ਹੋਣ ਕਾਰਨ ਕਈ ਬਿਮਾਰੀਆਂ ਵੀ ਹੋ ਜਾਂਦੀਆਂ ਹਨ। ਆਮ ਤੌਰ 'ਤੇ ਅਸੀਂ ਦੇਖਦੇ ਹਾਂ ਕਿ ਸਰੀਰ 'ਚ ਕਿਸੇ ਵੀ ਵਿਟਾਮਿਨ ਦੀ ਕਮੀ ਹੋਣ ਨਾਲ ਸਿਹਤ ਸੰਬੰਧੀ ਕੁਝ ਸਮੱਸਿਆਵਾਂ ਹੋਣ ਲੱਗਦੀਆਂ ਹਨ ਪਰ ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਕਈ ਵਾਰ ਵਿਟਾਮਿਨਾਂ ਦੀ ਜ਼ਿਆਦਾ ਮਾਤਰਾ ਹੋਣ ਕਾਰਨ ਸਰੀਰ ਦੀਆਂ ਕਈ ਸਮੱਸਿਆਵਾਂ ਦੇਖਣ ਨੂੰ ਮਿਲਦੀਆਂ ਹਨ। ਗੋਕੁਲਦਾਸ ਹਸਪਤਾਲ, ਇੰਦੌਰ ਦੀ ਡਾਈਟੀਸ਼ੀਅਨ ਮੀਨਾ ਕੋਰੀ ਦਾ ਕਹਿਣਾ ਹੈ ਕਿ ਹਰ ਵਿਟਾਮਿਨ ਦੀ ਇੱਕ ਨਿਸ਼ਚਿਤ ਮਾਤਰਾ ਹੀ ਸਰੀਰ ਲਈ ਫਾਇਦੇਮੰਦ ਹੁੰਦੀ ਹੈ ਅਤੇ ਹਰੇਕ ਵਿਟਾਮਿਨ ਦੀ ਜ਼ਿਆਦਾ ਮਾਤਰਾ ਨਾਲ ਸਰੀਰ ਵਿੱਚ ਵੱਖ-ਵੱਖ ਲੱਛਣ ਦਿਖਾਈ ਦੇਣ ਲੱਗ ਪੈਂਦੇ ਹਨ :-

ਵਿਟਾਮਿਨ ਏ ਦੀ ਵੱਧ ਮਾਤਰਾ

ਡਾਇਟੀਸ਼ੀਅਨ ਮੀਨਾ ਕੋਰੀ ਦਾ ਕਹਿਣਾ ਹੈ ਕਿ ਵਿਟਾਮਿਨ-ਏ ਨਾਲ ਭਰਪੂਰ ਭੋਜਨ ਖਾਣ ਨਾਲ ਵਿਟਾਮਿਨ ਏ ਦਾ ਜ਼ਹਿਰੀਲਾਪਣ ਜਾਂ ਹਾਈਪਰਵਿਟਾਮਿਨੋਸਿਸ ਏ ਹੋ ਸਕਦਾ ਹੈ। ਇਸ ਵਿਟਾਮਿਨ ਦੀ ਜ਼ਿਆਦਾ ਮਾਤਰਾ ਨਾਲ ਵਾਰ-ਵਾਰ ਉਲਟੀਆਂ ਆਉਣਾ ਵਰਗੇ ਲੱਛਣ ਹੋ ਸਕਦੇ ਹਨ। ਇਸ ਤੋਂ ਇਲਾਵਾ ਵਿਟਾਮਿਨ ਏ ਦੇ ਕਾਰਨ ਇੰਟਰਾਕ੍ਰੈਨੀਅਲ ਪ੍ਰੈਸ਼ਰ ਵਧਣਾ ਵੀ ਹੁੰਦਾ ਹੈ।

ਡਾਇਟੀਸ਼ੀਅਨ ਮੀਨਾ ਕੋਰੀ ਅਨੁਸਾਰ ਵਿਟਾਮਿਨ ਬੀ3 ਨੂੰ ਨਿਆਸੀਨ ਵੀ ਕਿਹਾ ਜਾਂਦਾ ਹੈ। ਜੇਕਰ ਇਸ ਵਿਟਾਮਿਨ ਨੂੰ ਨਿਕੋਟਿਨਿਕ ਐਸਿਡ ਦੇ ਰੂਪ ਵਿੱਚ ਲਿਆ ਜਾਂਦਾ ਹੈ, ਤਾਂ ਨਿਆਸੀਨ ਰੋਜ਼ਾਨਾ 1-3 ਗ੍ਰਾਮ ਦੀ ਉੱਚ ਖੁਰਾਕ ਵਿੱਚ ਸੇਵਨ ਕਰਨ 'ਤੇ ਹਾਈ ਬੀਪੀ, ਪੇਟ ਦਰਦ, ਅੱਖਾਂ ਵਿੱਚ ਕਮਜ਼ੋਰੀ ਦਾ ਕਾਰਨ ਬਣ ਸਕਦਾ ਹੈ। ਇਸ ਵਿਟਾਮਿਨ ਦੀ ਜ਼ਿਆਦਾ ਮਾਤਰਾ ਲੀਵਰ ਨੂੰ ਵੀ ਨੁਕਸਾਨ ਪਹੁੰਚਾ ਸਕਦੀ ਹੈ।

ਵਿਟਾਮਿਨ ਬੀ 6 ਨੂੰ ਪਾਈਰੀਡੋਕਸਾਈਨ ਵੀ ਕਿਹਾ ਜਾਂਦਾ ਹੈ। ਨਿਊਰੋਲੋਜੀਕਲ ਸਮੱਸਿਆਵਾਂ, ਚਮੜੀ ਦੇ ਜਖਮ, ਰੋਸ਼ਨੀ ਪ੍ਰਤੀ ਸੰਵੇਦਨਸ਼ੀਲਤਾ ਅਤੇ ਦਿਲ ਵਿੱਚ ਜਲਨ ਵਿਟਾਮਿਨ ਬੀ 6 ਦੇ ਬਹੁਤ ਜ਼ਿਆਦਾ ਸੇਵਨ ਨਾਲ ਜੁੜੇ ਕੁਝ ਲੱਛਣ ਹਨ।

ਵਿਟਾਮਿਨ 2੯, ਜਿਸਨੂੰ ਫੋਲੇਟ ਜਾਂ ਫੋਲਿਕ ਐਸਿਡ ਵੀ ਕਿਹਾ ਜਾਂਦਾ ਹੈ, ਮਾਨਸਿਕ ਸਿਹਤ ਅਤੇ ਇਮਿਊਨ ਸਿਸਟਮ ਨੂੰ ਪ੍ਰਭਾਵਤ ਕਰ ਸਕਦਾ ਹੈ ਜੇਕਰ ਪੂਰਕ ਵਜੋਂ ਜ਼ਿਆਦਾ ਲਿਆ ਜਾਂਦਾ ਹੈ।

ਡਾਇਟੀਸ਼ੀਅਨ ਮੀਨਾ ਕੋਰੀ ਦਾ ਕਹਿਣਾ ਹੈ ਕਿ ਜੇਕਰ ਵਿਟਾਮਿਨ ਬੀ-12 ਦੀ ਓਵਰਡੋਜ਼ ਲਈ ਜਾਵੇ ਤਾਂ ਇਸ ਨੂੰ ਪਿਸ਼ਾਬ ਰਾਹੀਂ ਸਰੀਰ ਤੋਂ ਬਾਹਰ ਕੱਢਿਆ ਜਾ ਸਕਦਾ ਹੈ। ਪਰ ਕਈ ਵਾਰ ਇਸ ਦੇ ਜ਼ਿਆਦਾ ਸੇਵਨ ਨਾਲ ਚੱਕਰ ਆਉਣਾ, ਉਲਟੀ ਅਤੇ ਥਕਾਵਟ ਵਰਗੇ ਲੱਛਣ ਹੋ ਜਾਂਦੇ ਹਨ।

ਵਿਟਾਮਿਨ ਸੀ ਦੀ ਓਵਰਡੋਜ਼ ਦੀ ਸਥਿਤੀ ਵਿੱਚ ਵੀ ਦੂਜੇ ਵਿਟਾਮਿਨਾਂ ਦੇ ਮੁਕਾਬਲੇ ਘੱਟ ਨੁਕਸਾਨ ਹੁੰਦਾ ਹੈ। ਪਰ ਕਈ ਵਾਰੀ ਉੱਚ ਖੁਰਾਕਾਂ ਮਾਈਗਰੇਨ ਦੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦੀਆਂ ਹਨ ਜਿਸ ਵਿੱਚ ਦਸਤ, ਕੜਵੱਲ ਅਤੇ ਉਲਟੀਆਂ ਸ਼ਾਮਲ ਹਨ।

ਵਿਟਾਮਿਨ ਡੀ ਦੀ ਖੁਰਾਕ ਜ਼ਿਆਦਾ ਹੋਣ 'ਤੇ ਭਾਰ ਘਟਣਾ, ਭੁੱਖ ਨਾ ਲੱਗਣਾ ਅਤੇ ਅਨਿਯਮਿਤ ਦਿਲ ਦੀ ਧੜਕਣ ਵਰਗੇ ਲੱਛਣ ਦੇਖੇ ਜਾ ਸਕਦੇ ਹਨ। ਖ਼ੂਨ ਵਿਚ ਕੈਲਸ਼ੀਅਮ ਦਾ ਪੱਧਰ ਵੀ ਵਧ ਜਾਂਦਾ ਹੈ ਅਤੇ ਇਸ ਕਾਰਨ ਅੰਗ ਖਰਾਬ ਹੋਣ ਦਾ ਖ਼ਤਰਾ ਹੋ ਸਕਦਾ ਹੈ।

ਵਿਟਾਮਿਨ ਈ ਦੇ ਪੂਰਕ ਲੈਣ 'ਤੇ ਸਰੀਰ ਵਿੱਚ ਖ਼ੂਨ ਦੇ ਜੰਮਣ, ਹੈਮਰੇਜ ਅਤੇ ਹੈਮਰੇਜਿਕ ਸਟ੍ਰੋਕ ਦਾ ਜੋਖਮ ਹੁੰਦਾ ਹੈ।

ਵਿਟਾਮਿਨ ਕੇ ਦੀ ਓਵਰਡੋਜ਼ ਲੈਣ ਨਾਲ ਜ਼ਹਿਰੀਲੇ ਹੋਣ ਦੀ ਸੰਭਾਵਨਾ ਬਹੁਤ ਘੱਟ ਹੈ, ਪਰ ਕੁਝ ਦਵਾਈਆਂ ਜਿਵੇਂ ਕਿ ਵਾਰਫਰੀਨ ਅਤੇ ਐਂਟੀਬਾਇਓਟਿਕਸ ਦੀ ਵਰਤੋਂ ਨਾਲ ਮਾੜੇ ਪ੍ਰਭਾਵ ਦੇਖੇ ਜਾ ਸਕਦੇ ਹਨ।

# ਇਹ 5 ਭੋਜਨ ਤੁਹਾਡੇ ਲਿਵਰ ਨੂੰ ਫਿੱਟ ਤੇ ਸਿਹਤਮੰਦ ਬਣਾਉਣ ਲਈ ਕਰਦੇ ਹਨ ਕੰਮ



ਲਿਵਰ ਸਾਡੇ ਸਰੀਰ ਦਾ ਇੱਕ ਅਜਿਹਾ ਅੰਗ ਹੈ ਜੋ ਚੁੱਪਚਾਪ ਸ਼ਰਾਬ ਪੀਣ ਤੋਂ ਲੈ ਕੇ ਜੰਕ ਫੂਡ ਖਾਣ, ਬਹੁਤ ਜ਼ਿਆਦਾ ਤਣਾਅ ਅਤੇ ਮਲਟੀਟਾਸਕਿੰਗ ਤੱਕ ਇਨ੍ਹਾਂ ਸਾਰੀਆਂ ਚੀਜ਼ਾਂ ਦਾ ਧਿਆਨ ਰੱਖਦਾ ਹੈ ਅਤੇ ਤੁਹਾਡੀ ਸਿਹਤ ਨੂੰ ਬਿਹਤਰ ਬਣਾਉਣ ਲਈ ਲਗਾਤਾਰ ਕੰਮ ਕਰਦਾ ਹੈ। ਜਿਗਰ ਤੁਹਾਡੇ ਸਰੀਰ ਦਾ ਇੱਕ ਛੋਟਾ ਜਿਹਾ ਅੰਗ ਹੋ ਸਕਦਾ ਹੈ, ਪਰ ਤੁਸੀਂ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਇਹ ਛੋਟਾ ਅੰਗ ਕਿੰਨੇ ਕੰਮ ਕਰਦਾ ਹੈ।

ਬਾਇਲ ਪ੍ਰੋਟੀਨ ਅਤੇ ਕੋਲੇਸਟ੍ਰੋਲ ਪੈਦਾ ਕਰਨ ਤੋਂ ਲੈ ਕੇ ਭੋਜਨ, ਅਲਕੋਹਲ, ਦਵਾਈਆਂ ਨੂੰ ਤੋੜਨ ਤਕ ਹਰ ਚੀਜ਼ ਲਈ ਕਾਰਬੋਹਾਈਡ੍ਰੇਟ, ਵਿਟਾਮਿਨ ਅਤੇ ਖਣਿਜ ਸਟੋਰ ਕਰਦਾ ਹੈ। ਜਿਗਰ ਤੁਹਾਡੇ ਦਿਮਾਗ ਦੀ ਸਿਹਤ ਨੂੰ ਵੀ ਪ੍ਰਭਾਵਿਤ ਕਰਦਾ ਹੈ। ਇਸ ਲਈ ਸਰੀਰ ਦੇ ਇਸ ਇਕ ਅੰਗ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ।

ਚਾਹ ਪੀਣ ਨਾਲ ਜਿਗਰ ਦੇ ਕੰਮ ਵਿੱਚ ਸੁਧਾਰ ਹੁੰਦਾ ਹੈ ਅਤੇ ਸੈੱਲ ਪੁਨਰਜਨਮ ਨੂੰ ਉਤਸ਼ਾਹਿਤ ਕਰਦਾ ਹੈ। ਖਾਸ ਤੌਰ 'ਤੇ, ਰੋਜ਼ਾਨਾ ਕਾਲੀ ਅਤੇ ਹਰੀ ਚਾਹ ਪੀਣ ਨਾਲ ਜਿਗਰ ਦੇ ਐਨਜ਼ਾਈਮਾਂ ਦੇ ਰਸਾਵ ਨੂੰ ਵਧਾਇਆ ਜਾ ਸਕਦਾ ਹੈ ਅਤੇ ਜਿਗਰ ਵਿੱਚ ਚਰਬੀ ਦੇ ਪੱਧਰ ਨੂੰ ਘਟਾਇਆ ਜਾ ਸਕਦਾ ਹੈ।

**ਅੰਗੂਰ**

ਅੰਗੂਰ ਐਂਟੀਆਕਸੀਡੈਂਟਸ ਨਾਲ ਭਰਪੂਰ ਹੁੰਦਾ ਹੈ, ਜੋ ਕੁਦਰਤੀ ਤੌਰ 'ਤੇ ਜਿਗਰ ਦੀ ਰੱਖਿਆ ਕਰਦਾ ਹੈ ਅਤੇ ਸੈੱਲਾਂ ਦੀ ਮੁਰੰਮਤ ਅਤੇ ਪੁਨਰਜਨਮ ਵਿੱਚ ਮਦਦ ਕਰਦਾ ਹੈ। ਅਧਿਐਨਾਂ ਦੇ ਅਨੁਸਾਰ, ਅੰਗੂਰ ਵਿੱਚ ਮੌਜੂਦ ਐਂਟੀਆਕਸੀਡੈਂਟ ਹੈਪੇਟਿਕ ਫਾਈਬਰੋਸਿਸ ਦੇ ਵਿਕਾਸ ਦੀ ਸੰਭਾਵਨਾ ਨੂੰ ਘਟਾਉਣ ਵਿੱਚ ਮਦਦ ਕਰਦੇ ਹਨ, ਜੋ ਕਿ ਜਿਗਰ 'ਤੇ ਹਾਨੀਕਾਰਕ ਜੋੜਨ ਵਾਲੇ ਟਿਸ਼ੂਆਂ ਦੇ ਨਿਰਮਾਣ ਕਾਰਨ ਪੁਰਾਣੀ ਸੋਜਸ਼ ਅਤੇ ਦਰਦ ਦਾ ਕਾਰਨ ਬਣਦਾ ਹੈ।

**ਚਰਬੀ ਵਾਲੀ ਮੱਛੀ**

ਓਮੇਗਾ-3 ਫੈਟੀ ਐਸਿਡ ਨਾਲ ਭਰਪੂਰ, ਫੈਟੀ ਮੱਛੀ ਸੋਜ ਨੂੰ ਠੀਕ ਕਰਨ ਅਤੇ ਜਿਗਰ 'ਤੇ ਚਰਬੀ ਦੇ ਜਮ੍ਹਾਂ ਨੂੰ ਘਟਾਉਣ ਲਈ ਸਭ ਤੋਂ ਵਧੀਆ ਉਪਚਾਰਾਂ ਵਿੱਚੋਂ ਇੱਕ ਹੈ। ਖੋਜ ਦਰਸਾਉਂਦੀ ਹੈ ਕਿ ਚਰਬੀ ਵਾਲੀ ਮੱਛੀ ਜਿਗਰ ਦੀ ਚਰਬੀ ਨੂੰ ਘਟਾਉਣ ਦਾ ਕੰਮ ਕਰਦੀ ਹੈ। ਹਾਲਾਂਕਿ, ਜ਼ਿਆਦਾ ਸੇਵਨ ਤੋਂ ਸਾਵਧਾਨ ਰਹੋ, ਕਿਉਂਕਿ ਇਹ ਜਿਗਰ ਨੂੰ ਵੀ ਬੀਮਾਰ ਕਰ ਸਕਦਾ ਹੈ।

**ਚੁਕੰਦਰ ਦਾ ਜੂਸ**

ਲੀਵਰ ਦੀ ਸਿਹਤ ਨੂੰ ਵਧਾਉਣ ਦਾ ਇੱਕ ਆਸਾਨ ਤਰੀਕਾ ਹਰ ਰੋਜ਼ ਚੁਕੰਦਰ ਦਾ ਜੂਸ ਪੀਣਾ ਹੈ। ਨਾਈਟਰੇਟਸ ਅਤੇ ਐਂਟੀਆਕਸੀਡੈਂਟਸ ਨਾਲ ਭਰਪੂਰ ਬੀਟਾਲੇਨ, ਚੁਕੰਦਰ ਦਾ ਜੂਸ ਜਿਗਰ ਅਤੇ ਦਿਲ ਦੀ ਸਿਹਤ ਲਈ ਬਹੁਤ ਵਧੀਆ ਹੈ। ਇਹ ਆਕਸੀਟੇਟਿਵ ਤਣਾਅ ਅਤੇ ਸੈੱਲ ਪੁਨਰਜਨਮ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ. ਇੰਨਾ ਹੀ ਨਹੀਂ, ਚੁਕੰਦਰ ਦੀ ਚਾਹ ਲੀਵਰ ਦੇ ਫੰਕਸ਼ਨ ਨੂੰ ਵਧਾਉਂਦੀ ਹੈ ਅਤੇ ਸੋਜ ਨੂੰ ਘਟਾਉਂਦੀ ਹੈ, ਜਿਸ ਨਾਲ ਫੈਟੀ ਲਿਵਰ ਬਣਦਾ ਹੈ।

ਤਾਜ਼ੇ ਜਾਂ ਸੁੱਕੀਆਂ ਬੇਰੀਆਂ ਐਂਟੀਆਕਸੀਡੈਂਟਾਂ ਨਾਲ ਭਰਪੂਰ ਹੁੰਦੀਆਂ ਹਨ ਜਿਨ੍ਹਾਂ ਨੂੰ ਐਂਥੋਸਾਇਨਿਨ ਕਿਹਾ ਜਾਂਦਾ ਹੈ। ਆਪਣੀ ਖੁਰਾਕ ਵਿੱਚ ਬੇਰੀਆਂ ਅਤੇ ਕਰੈਨਬੇਰੀ ਵਰਗੀਆਂ ਬੇਰੀਆਂ ਨੂੰ ਸ਼ਾਮਲ ਕਰਨਾ ਇਮਿਊਨ ਸੈੱਲ ਪ੍ਰਤੀਕ੍ਰਿਆ ਨੂੰ ਵਧਾਉਂਦਾ ਹੈ ਅਤੇ ਆਕਸੀਡੇਟਿਵ ਤਣਾਅ ਕਾਰਨ ਹੋਣ ਵਾਲੇ ਨੁਕਸਾਨ ਨੂੰ ਘਟਾਉਂਦਾ ਹੈ। ਇਸ ਤੋਂ ਇਲਾਵਾ, ਐਂਟੀਆਕਸੀਡੈਂਟਸ ਨਾਲ ਭਰਪੂਰ ਬੇਰੀਆਂ ਦਾ ਸੇਵਨ ਸਰੀਰ ਵਿੱਚ ਟਿਊਮਰ ਜਾਂ ਫਾਈਬਰੋਸਿਸ ਦੇ ਵਿਕਾਸ ਨੂੰ ਹੌਲੀ ਕਰਨ ਵਿੱਚ ਮਦਦ ਕਰਦਾ ਹੈ।

# ਘੱਟੋ-ਘੱਟ 7 ਘੰਟੇ ਨੀਂਦ ਸਿਹਤ ਲਈ ਜ਼ਰੂਰੀ



ਖੁਰਾਕ ਅਤੇ ਕਸਰਤ ਦੀ ਤਰ੍ਹਾਂ ਨੀਂਦ ਵੀ ਸਾਡੀ ਜ਼ਿੰਦਗੀ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਵਿਅਕਤੀ ਨੂੰ ਘੱਟੋ-ਘੱਟ 7 ਘੰਟੇ ਸੌਣਾ ਚਾਹੀਦਾ ਹੈ। ਇਹ ਇਸ ਲਈ ਹੈ ਕਿਉਂਕਿ ਇਹ ਸਰੀਰ ਅਤੇ ਦਿਮਾਗ ਨੂੰ ਆਰਾਮ ਕਰਨ ਅਤੇ ਆਪਣੇ ਆਪ ਨੂੰ ਠੀਕ ਕਰਨ ਦਾ ਸਮਾਂ ਦਿੰਦਾ ਹੈ। ਦਿਨ ਵਿੱਚ 7 ਘੰਟੇ ਤੋਂ ਘੱਟ ਨੀਂਦ ਤੁਹਾਡੇ ਸਰੀਰ ਦੇ ਨਾਲ-ਨਾਲ ਤੁਹਾਡੇ ਦਿਮਾਗ ਨੂੰ ਵੀ ਪ੍ਰਭਾਵਿਤ ਕਰਦੀ ਹੈ।

ਹਾਲਾਂਕਿ, ਜੇਕਰ ਤੁਸੀਂ 8 ਜਾਂ 9 ਘੰਟੇ ਦੀ ਤਰ੍ਹਾਂ 7 ਘੰਟੇ ਤੋਂ ਜ਼ਿਆਦਾ ਸੌਂਦੇ ਹੋ, ਤਾਂ ਇਹ ਤੁਹਾਡੇ ਸਰੀਰ ਨੂੰ ਨੁਕਸਾਨ ਨਹੀਂ ਪਹੁੰਚਾਉਂਦਾ, ਸਗੋਂ ਬਿਹਤਰ ਸਾਬਤ ਹੁੰਦਾ ਹੈ। 8 ਤੋਂ 9 ਘੰਟੇ ਦੀ ਨੀਂਦ ਸਿਹਤ ਲਈ ਚੰਗੀ ਮੰਨੀ ਜਾਂਦੀ ਹੈ। ਤਾਂ ਆਓ ਜਾਣਦੇ ਹਾਂ ਕਿ 7 ਘੰਟੇ ਤੋਂ ਜ਼ਿਆਦਾ ਦੀ ਨੀਂਦ ਤੁਹਾਡੀ ਸਿਹਤ ਨੂੰ ਕਿਵੇਂ ਲਾਭ ਪਹੁੰਚਾਉਂਦੀ ਹੈ।

ਜਦੋਂ ਤੁਸੀਂ ਚੰਗੀ ਤਰ੍ਹਾਂ ਸੌਂਦੇ ਹੋ, ਇਹ ਤੁਹਾਡੇ ਦਿਮਾਗ ਨੂੰ ਬਿਹਤਰ ਕੰਮ ਕਰਨ ਦਿੰਦਾ ਹੈ। ਧਿਆਨ, ਯਾਦਦਾਸ਼ਤ ਅਤੇ ਉਤਪਾਦਕਤਾ 'ਤੇ ਸਕਾਰਾਤਮਕ ਪ੍ਰਭਾਵ ਪੈਂਦਾ ਹੈ, ਜਦੋਂ ਤੁਹਾਨੂੰ ਚੰਗੀ ਨੀਂਦ ਆਉਂਦੀ ਹੈ ਅਤੇ ਤੁਹਾਡਾ ਮਨ ਸਹੀ ਆਰਾਮ ਪ੍ਰਾਪਤ ਕਰਨ ਦੇ ਯੋਗ ਹੁੰਦਾ ਹੈ।

ਜਦੋਂ ਤੁਸੀਂ 7 ਘੰਟੇ ਤੋਂ ਵੱਧ ਨੀਂਦ ਲੈਂਦੇ ਹੋ, ਤਾਂ ਇਹ ਤੁਹਾਡੇ ਦਿਲ 'ਤੇ ਸਕਾਰਾਤਮਕ ਪ੍ਰਭਾਵ ਪਾਉਂਦਾ ਹੈ ਤੇ ਦਿਲ ਦੀ ਬਿਮਾਰੀ ਦੇ ਜੋਖਮ ਨੂੰ ਵੀ ਘਟਾਉਂਦਾ ਹੈ। ਹਾਲਾਂਕਿ, ਜਦੋਂ ਤੁਸੀਂ 7 ਘੰਟੇ ਤੋਂ ਘੱਟ ਨੀਂਦ ਲੈਂਦੇ ਹੋ, ਤਾਂ ਇਹ ਤੁਹਾਡੇ ਬਲੱਡ ਪ੍ਰੈਸ਼ਰ ਨੂੰ ਵਧਾ ਸਕਦਾ ਹੈ, ਜਿਸਦਾ ਦਿਲ 'ਤੇ ਬੁਰਾ ਪ੍ਰਭਾਵ ਪੈਂਦਾ ਹੈ।

ਜਦੋਂ ਤੁਸੀਂ 7 ਘੰਟੇ ਤੋਂ ਘੱਟ ਨੀਂਦ ਲੈਂਦੇ ਹੋ, ਤਾਂ ਇਹ ਤੁਹਾਡੇ ਸਰੀਰ ਦੇ ਸ਼ੂਗਰ ਮੈਟਾਬੋਲਿਜ਼ਮ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਇਸ ਤਰ੍ਹਾਂ ਟਾਈਪ-2 ਡਾਇਬਟੀਜ਼ ਦਾ ਖ਼ਤਰਾ ਵਧ ਜਾਂਦਾ ਹੈ। ਨੀਂਦ ਦੀ ਕਮੀ ਨਾਲ ਮੋਟਾਪਾ ਹੋਰ ਵੀ ਵੱਧ ਜਾਂਦਾ ਹੈ। ਇਸ ਦੇ ਨਾਲ ਹੀ ਮੇਟਾਬੋਲਿਜ਼ਮ ਵੀ ਹੌਲੀ ਹੁੰਦਾ ਹੈ, ਜਿਸ ਨਾਲ ਡਾਇਬਟੀਜ਼ ਦਾ ਖਤਰਾ ਵਧ ਜਾਂਦਾ ਹੈ।

**ਈਮਿਊਨ ਸਿਸਟਮ ਨੂੰ ਕਰਦਾ ਪ੍ਰਭਾਵਿਤ**

ਜਦੋਂ ਤੁਸੀਂ ਚੰਗੀ ਤਰ੍ਹਾਂ ਸੌਣ ਦੇ ਯੋਗ ਨਹੀਂ ਹੁੰਦੇ, ਤਾਂ ਇਹ ਤੁਹਾਡੀ ਇਮਿਊਨ ਸਿਸਟਮ ਨੂੰ ਵੀ ਪ੍ਰਭਾਵਿਤ ਕਰਦਾ ਹੈ। ਤੁਸੀਂ ਬਹੁਤ ਜਲਦੀ ਬਿਮਾਰੀਆਂ ਅਤੇ ਲਾਗਾਂ ਦਾ ਸ਼ਿਕਾਰ ਹੋ ਜਾਂਦੇ ਹੋ। ਇਸ ਦੇ ਨਾਲ ਹੀ, ਜਦੋਂ ਤੁਸੀਂ ਕਾਫ਼ੀ ਨੀਂਦ ਲੈਂਦੇ ਹੋ, ਤਾਂ ਤੁਹਾਡੀ ਇਮਿਊਨ ਸਿਸਟਮ ਚੰਗੀ ਤਰ੍ਹਾਂ ਕੰਮ ਕਰਦਾ ਹੈ ਅਤੇ ਤੁਹਾਨੂੰ ਸੁਰੱਖਿਅਤ ਰੱਖਦਾ ਹੈ।

**ਭਾਰ ਨੂੰ ਕੰਟਰੋਲ ਕਰਨ 'ਚ ਮਿਲਦੀ ਮਦਦ**

ਜਦੋਂ ਤੁਸੀਂ 7 ਘੰਟੇ ਜਾਂ ਇਸ ਤੋਂ ਵੱਧ ਸੌਂਦੇ ਹੋ, ਤਾਂ ਇਸਦਾ ਤੁਹਾਡੇ ਭਾਰ 'ਤੇ ਸਕਾਰਾਤਮਕ ਪ੍ਰਭਾਵ ਪੈਂਦਾ ਹੈ। 7 ਘੰਟੇ ਤੋਂ ਘੱਟ ਦੇਰੀ ਨਾਲ ਸੌਣਾ ਮੋਟਾਪੇ ਦਾ ਕਾਰਨ ਬਣਦਾ ਹੈ। ਇਹ ਖੰਡ ਅਤੇ ਚਰਬੀ ਨਾਲ ਭਰਪੂਰ ਭੋਜਨ ਲਈ ਤੁਹਾਡੀ ਲਾਲਸਾ ਨੂੰ ਵੀ ਵਧਾਉਂਦਾ ਹੈ।

# ਜੂਨ 84 ਘੱਲੂਘਾਰਾ ਦੇ ਦੁਖਾਂਤ ਲਈ ਇੰਦਰਾ ਦਾ ਅੜਬਪੁਣਾ ਜ਼ਿੰਮੇਵਾਰ



## ਤਤਕਾਲੀ ਰਾਜਪਾਲ ਬੀ. ਡੀ. ਪਾਂਡੇ ਦੀ ਜ਼ਬਾਨੀ

ਪੁਸਤਕ ਵਿਸ਼ਲੇਸ਼ਣ

ਤ੍ਰਿਲੋਚਨ ਸਿੰਘ

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਆਪਣੇ ਤੱਥਾਂ ਅਨੁਸਾਰ ਇਕ ਵਾਈਟ ਪੇਪਰ ਅਖ਼ਬਾਰਾਂ ਵਿਚ ਛਾਪਿਆ ਸੀ ਪਰ ਇਸ ਮਾਮਲੇ ’ਤੇ ਉਸ ਸਮੇਂ ਦੇ ਗਵਰਨਰ ਸ੍ਰੀ ਬੀ. ਡੀ. ਪਾਂਡੇ ਦੀ ਸਵੈ-ਜੀਵਨੀ in the service of free india’, ਛੱਪ ਕੇ ਇਕ ਸਾਲ ਪਹਿਲਾਂ ਲੋਕਾਂ ਦੇ ਸਾਹਮਣੇ ਆਈ ਸੀ। ਇਸ ਵਿਚ ਹਰਿਮੰਦਰ ਸਾਹਿਬ ’ਤੇ ਹਮਲੇ ਬਾਰੇ ਵੀ ਕਾਫ਼ੀ ਜਾਣਕਾਰੀ ਹੈ।**

ਸ੍ਰੀ ਦਰਬਾਰ ਸਹਿਬ ਅੰਮ੍ਰਿਤਸਰ ਵਿਚ ਜੋ ਇਤਿਹਾਸ ਦੀ ਸਭ ਤੋਂ ਮਾੜੀ ਘਟਨਾ 1984 ਵਿਚ ਵਾਪਰੀ ਸੀ, ਉਸ ਬਾਰੇ ਲਗਾਤਾਰ ਕਿਤਾਬਾਂ ਵਿਚ ਲੇਖ ਛਪਦੇ ਰਹਿੰਦੇ ਹਨ। ਇਹ ਨਾ ਭੁੱਲਣ ਵਾਲੀ ਘਟਨਾ ਲੋਕਾਂ ਦੇ ਮਨਾਂ ਵਿਚ ਬੈਠੀ ਹੋਈ ਹੈ ਤੇ ਹਰ ਕੋਈ ਇਸ ਬਾਰੇ ਹੋਰ ਜਾਣਕਾਰੀ ਲੈਣ ਦੀ ਉਡੀਕ ਕਰਦਾ ਹੈ। ਕਦੇ ਕਿਸੇ ਨੇ ਨਹੀਂ ਸੁਣਿਆ ਕਿ ਦੇਸ਼ ਦੀ ਆਪਣੀ ਫ਼ੌਜ ਆਪਣੇ ਹੀ ਇਲਾਕੇ ਵਿਚ ਕਿਸੇ ਧਰਮ ਦੇ ਸਭ ਤੋਂ ਉੱਚੇ ਅਸਥਾਨ ’ਤੇ ਹਮਲਾ ਕਰੇਗੀ ਤੇ ਉਹ ਵੀ ਟੈਂਕਾਂ ਦੀ ਮਦਦ ਨਾਲ। ਇਸ ਸਾਕੇ ਨੂੰ ਭਾਰਤ ਸਰਕਾਰ ਨੇ ‘ਬਲਿਊ ਸਟਾਰ’ ਦਾ ਨਾਂ ਦਿੱਤਾ ਸੀ। ਇਸ ਬਾਰੇ ਉੱਚ ਕੋਟੀ ਦੇ ਲੇਖਕਾਂ ਨੇ ਕਿਤਾਬਾਂ ਲਿਖੀਆਂ ਸਨ, ਖ਼ਾਸ ਕਰਕੇ ਬੀ.ਬੀ.ਸੀ. ਦੇ ਮਾਰਕ ਟੱਲੀ ਅਤੇ ਸਤੀਸ਼ ਜੈਕਬ ਦੀ ਕਿਤਾਬ, ਸਰਦਾਰ ਖੁਸ਼ਵੰਤ ਸਿੰਘ ਤੇ ਕੁਲਦੀਪ ਨਈਅਰ ਦੀ ਕਿਤਾਬ, ‘ਟ੍ਰਿਬਿਊਨ’ ਦੇ ਪੱਤਰਕਾਰ ਹਰਬੀਰ ਸਿੰਘ ਭੰਵਰ ਦੀ ਕਿਤਾਬ, ਹਮਲਾਵਰ ਫ਼ੌਜ ਦੇ ਬ੍ਰਿਗੇਡੀਅਰ ਕੇ. ਐਸ. ਬਰਾੜ ਦੀ ਕਿਤਾਬ ਅਤੇ ਇਸ ਤੋਂ ਇਲਾਵਾ ਭਾਰਤ ਸਰਕਾਰ ਨੇ ਇਕ ਵਾਈਟ ਪੇਪਰ ਵੀ ਪ੍ਰਕਾਸ਼ਿਤ ਕੀਤਾ ਸੀ ਤੇ ਉਸ ਦੇ ਜਵਾਬ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਆਪਣੇ ਤੱਥਾਂ ਅਨੁਸਾਰ ਇਕ ਵਾਈਟ ਪੇਪਰ ਅਖ਼ਬਾਰਾਂ ਵਿਚ ਛਾਪਿਆ ਸੀ ਪਰ ਇਸ ਮਾਮਲੇ ’ਤੇ ਉਸ ਸਮੇਂ ਦੇ ਗਵਰਨਰ ਸ੍ਰੀ ਬੀ. ਡੀ. ਪਾਂਡੇ ਦੀ ਸਵੈ-ਜੀਵਨੀ in the service of free india’, ਛੱਪ ਕੇ ਇਕ ਸਾਲ ਪਹਿਲਾਂ ਲੋਕਾਂ ਦੇ ਸਾਹਮਣੇ ਆਈ ਸੀ। ਇਸ ਵਿਚ ਹਰਿਮੰਦਰ ਸਾਹਿਬ ’ਤੇ ਹਮਲੇ ਬਾਰੇ ਵੀ ਕਾਫ਼ੀ ਜਾਣਕਾਰੀ ਹੈ।

ਸ੍ਰੀ ਪਾਂਡੇ 1912 ਵਿਚ ਯੂ. ਪੀ. ਦੇ ਹਲਦਵਾਨੀ ਸ਼ਹਿਰ ਵਿਚ ਪੈਦਾ ਹੋਏ ਅਤੇ 2009 ਵਿਚ ਅਲਮੋੜਾ ਵਿਚ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਨੇ ਜਦੋਂ ਇਹ ਕਿਤਾਬ ਲਿਖੀ ਤੇ ਆਪਣੀ ਲੜਕੀ ਨੂੰ ਕਹਿ ਗਏ ਸਨ ਕਿ ਉਨ੍ਹਾਂ ਦੇ ਮਰਨ ਉਪਰੰਤ ਇਹ ਛਾਪੀ ਜਾਵੇ। ਸ੍ਰੀ ਪਾਂਡੇ ਉੱਚ ਕੋਟੀ ਦੇ ਅਫ਼ਸਰ ਸਨ ਤੇ ਪੰਜ ਸਾਲ 1972 ਤੋਂ 1977 ਤੱਕ ਉਹ ਭਾਰਤ ਸਰਕਾਰ ਦੇ ਸਭ ਤੋਂ ਵੱਡੇ ਅਹੁਦੇ ’ਤੇ ਕੈਬਨਿਟ ਸੈਕਰੇਟਰੀ ਰਹੇ। ਉਦੋਂ ਸ੍ਰੀਮਤੀ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਸੀ। ਇਸਲਈ ਉਨ੍ਹਾਂ ਤੋਂ ਵੱਧ ਇੰਦਰਾ ਗਾਂਧੀ ਦੇ ਜੀਵਨ, ਸੁਭਾਅ ਅਤੇ ਸਰਕਾਰੀ ਕੰਮ-ਕਾਜ ਬਾਰੇ ਹੋਰ ਕੋਈ ਨਹੀਂ ਜਾਣ ਸਕਦਾ। ਇਨ੍ਹਾਂ ਤੋਂ ਬਿਨਾਂ ਸ੍ਰੀ ਅਲੈਗਜ਼ੈਂਡਰ ਜੋ ਇੰਦਰਾ ਗਾਂਧੀ ਦੇ ਮੁੱਖ ਸਕੱਤਰ ਸਨ, ਵੀ ਇਸ ਵਿਸ਼ੇ ਦੇ ਪੂਰੇ ਜਾਣਕਾਰ ਸਨ। ਉਨ੍ਹਾਂ ਨੇ ਵੀ ਆਪਣੇ ਜੀਵਨ ਬਾਰੇ ਮਰਨ ਤੋਂ ਪਹਿਲਾਂ ਇਕ ਕਿਤਾਬ ਲਿਖੀ ਸੀ। ਸ੍ਰੀ ਪਾਂਡੇ ਨੂੰ ਸੇਵਾਮੁਕਤੀ ਪਿਛੋਂ ਇੰਦਰਾ ਗਾਂਧੀ ਨੇ ਬੰਗਾਲ ਦਾ ਗਵਰਨਰ ਲਗਾਇਆ ਸੀ ਤੇ ਜਦੋਂ ਪੰਜਾਬ ਦਾ ਮਾਹੌਲ ਪੂਰੀ ਤਰ੍ਹਾਂ ਵਿਗੜ ਚੁੱਕਾ ਸੀ ਤਾਂ 7 ਅਕਤੂਬਰ, 1983 ਨੂੰ ਉਨ੍ਹਾਂ ਨੂੰ ਪੰਜਾਬ ਦਾ ਗਵਰਨਰ ਲਗਾ ਦਿੱਤਾ ਸੀ। ਕੁਝ ਚਿਰ ਪਹਿਲਾਂ ਹੀ ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਦੀ ਸਰਕਾਰ ਤੋੜ ਕੇ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ ਸੀ। ਸ੍ਰੀ ਪਾਂਡੇ ਤੋਂ ਪਹਿਲਾਂ ਪੰਜਾਬ ਵਿਚ ਏ. ਪੀ. ਸ਼ਰਮਾ ਗਵਰਨਰ ਸਨ ਤੇ ਉਸ ਸਮੇਂ ਗਿਆਨੀ ਜ਼ੈਲ ਸਿੰਘ ਭਾਰਤ ਦੇ ਰਾਸ਼ਟਰਪਤੀ ਸਨ।ਪਾਂਡੇ ਨੇ ਆਪਣੀ 320 ਸਫ਼ਿਆਂ ਦੀ ਕਿਤਾਬ ਵਿਚ ਆਪਣੇ ਸਾਰੇ ਜੀਵਨ ਦੇ ਵੱਖੋ-ਵੱਖ ਅਹੁਦਿਆਂ ’ਤੇ ਕੀਤੇ ਕੰਮਾਂ ਬਾਰੇ ਬੜੇ ਵਿਸਥਾਰ ਨਾਲ ਲਿਖਿਆ ਹੈ। ਉਹ 1938 ਵਿਚ ਆਈ. ਸੀ. ਐਸ. ਪਾਸ ਕਰਕੇ ਅੰਗਰੇਜ਼ ਸਰਕਾਰ ਵਿਚ ਅਫ਼ਸਰ ਲੱਗ ਗਏ ਸਨ। ਇਸ ਕਿਤਾਬ ਵਿਚ ਤਕਰੀਬਨ 23 ਸਫ਼ੇ ਉਨ੍ਹਾਂ ਨੇ ਸਿੱਖ ਧਰਮ ਦੀ ਆਪਣੀ ਜਾਣਕਾਰੀ ਸੰਬੰਧੀ ਲਿਖੇ ਹਨ। ਉਹ ਪੰਜਾਬ ਵਿਚ ਸਿਰਫ਼ 9 ਮਹੀਨੇ ਰਹੇ ਪਰ ਮੈਂ ਉਨ੍ਹਾਂ ਨੂੰ ਦਾਦ ਦਿੰਦਾ ਹਾਂ ਕਿ ਕਿਵੇਂ ਉਨ੍ਹਾਂ ਨੇ ਸਿੱਖ ਸਾਹਿਤ ਅਤੇ ਹੋਰ ਕਿਤਾਬਾਂ ਪੜ੍ਹ ਕੇ ਸਿੱਖ ਧਰਮ ਤੇ ਸਿੱਖਾਂ ਬਾਰੇ ਏਨੀ ਛੇਤੀ ਗਿਆਨ ਪ੍ਰਾਪਤ ਕੀਤਾ। ਇਹ ਉਨ੍ਹਾਂ ਦੀ ਇਸ ਲਿਖਤ ਤੋਂ ਪਤਾ ਲਗਦਾ ਹੈ। ਜੇ ਉਹ ਕੁਝ ਸਮਾਂ ਹੋਰ ਪੰਜਾਬ ਰਹਿੰਦੇ ਤਾਂ ਉਹ ਇਕ ਵੱਡੀ ਜਾਣਕਾਰੀ ਵਾਲੀ ਕਿਤਾਬ ਲਿਖ ਕੇ ਜਾਂਦੇ। ਆਪਣੀ ਇਸ ਕਿਤਾਬ ਵਿਚ ਉਨ੍ਹਾਂ ਨੇ ਜੋ ਨਵੇਂ ਇਤਿਹਾਸਕ ਤੱਥ ਲਿਖੇ ਹਨ, ਉਹ ਇਸ ਸਾਰੇ ਖ਼ੂਨੀ ਸਾਕੇ ਬਾਰੇ ਅੱਜ ਤੱਕ ਜੋ ਪਹਿਲਾਂ ਲਿਖਿਆ ਗਿਆ ਸੀ, ਉਸ ਤੋਂ ਹਟ ਕੇ ਹਨ।

ਸਭ ਤੋਂ ਵੱਡੀ ਗੱਲ ਉਨ੍ਹਾਂ ਨੇ ਜੋ ਇਸ ‘ਬਲਿਊ ਸਟਾਰ’ ਦੇ ਕਾਰਨਾਂ ਬਾਰੇ ਲਿਖੀ ਉਹ ਸੀ, ਇਸ ਸਾਕੇ ਬਾਰੇ ਭਾਰਤ ਸਰਕਾਰ ਨੇ ਜੋ ਪਾਕਿਸਤਾਨ ਦਾ ਹੱਥ ਹੋਣ ਦਾ ਦਾ ਪ੍ਰਚਾਰ ਕੀਤਾ ਸੀ, ਉਸ ਦਾ ਇਸ ਵਿਚ ਖੰਡਨ ਕੀਤਾ ਗਿਆ ਹੈ। ਆਮ ਤੌਰ ’ਤੇ ਇਹ ਕਿਹਾ ਜਾਂਦਾ ਰਿਹਾ ਹੈ ਕਿ ਪਾਕਿਸਤਾਨ ਤੋਂ ਹਥਿਆਰ ਆਏ ਤੇ ਲਗਾਤਾਰ ਸ੍ਰੀ ਅਕਾਲ ਤਖ਼ਤ ਅੰਦਰ ਖਾੜਕੂਆਂ ਦਾ ਪਾਕਿਸਤਾਨ ਨਾਲ ਪੂਰਾ ਸੰਬੰਧ ਰਿਹਾ ਹੈ। ਸ੍ਰੀ ਪਾਂਡੇ ਨੇ ਇਹ ਲਿਖਿਆ ਹੈ ਕਿ ਜਿਹੜੇ ਵੀ ਹਥਿਆਰ ਜੋ ਫ਼ੌਜ ਨੇ ਹਮਲੇ ਤੋਂ ਬਾਅਦ ਅੰਦਰੋਂ ਬਰਾਮਦ ਕੀਤੇ, ਉਨ੍ਹਾਂ ਵਿਚ ਪਾਕਿਸਤਾਨ ਦਾ ਕੋਈ ਹਥਿਆਰ ਨਹੀਂ ਸੀ। ਕੋਈ ਹੋਰ ਟੇਪ ਜਾਂ ਸਾਹਿਤ ਵੀ ਇਸ ਸੰਬੰਧੀ ਨਹੀਂ ਮਿਲਿਆ। ਫਿਰ ਉਨ੍ਹਾਂ ਨੇ 251 ਸਫ਼ੇ ’ਤੇ ਲਿਖਿਆ ਹੈ ਕਿ ਅਖ਼ਬਾਰਾਂ ਅਤੇ ਟੀ. ਵੀ. ਨੇ ਜਾਣਬੁੱਝ ਕੇ ਸਿੱਖਾਂ ਵਿਰੁੱਧ ਪ੍ਰਚਾਰ ਕੀਤਾ ਸੀ ਅਤੇ ਖ਼ਾਸ ਕਰਕੇ ਜਲੰਧਰ ਦੇ ਕਈ ਅਖ਼ਬਾਰ ਦਿਨ ਰਾਤ ਇਸੇ ਧੁਨ ਵਿਚ ਲੱਗੇ ਰਹੇ ਸਨ। ਇਸ ਝੂਠੇ ਪ੍ਰਚਾਰ ਕਾਰਨ ਭਾਰਤ ਦੇ ਲੋਕਾਂ ਵਿਚ ਸਿੱਖਾਂ ਵਿਰੁੱਧ ਘ੍ਰਿਣਾ ਵਧ ਗਈ। ਇਸ ਕਿਤਾਬ ਵਿਚ ਇਹ ਵੀ ਲਿਖਿਆ ਗਿਆ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਢਹਿਣ ਮਗਰੋਂ ਤਲਾਸ਼ੀ ਲੈਣ ਸਮੇਂ ਅੰਦਰੋਂ ਕੋਈ ਨਸ਼ੇ ਦੀ ਸਮੱਗਰੀ ਜਾਂ ਬੇਅੰਤ ਮਾਇਆ ਨਹੀਂ ਮਿਲੀ। ਇਹ ਵੀ ਇਕ ਝੂਠਾ ਪ੍ਰਚਾਰ ਸਿੱਖਾਂ ਵਿਰੁੱਧ ਕੀਤਾ ਗਿਆ ਸੀ। ਸ੍ਰੀ ਪਾਂਡੇ ਅਨੁਸਾਰ ਫ਼ੌਜ ਦੇ ਇਸ ਹਮਲੇ ਸਮੇਂ ਦਰਬਾਰ ਸਾਹਿਬ ਵਿਚ 1200 ਸਿੱਖ ਮਾਰੇ ਗਏ ਸਨ ਅਤੇ ਕਈ ਫ਼ੌਜੀ ਵੀ ਆਪਣੀ ਜਾਨ ਗਵਾ ਬੈਠੇ ਸਨ। ਸ੍ਰੀ ਪਾਂਡੇ ਨੇ ਇਥੋਂ ਤਕ ਲਿਖ ਦਿੱਤਾ ਕਿ ਉਸ ਵੇਲੇ ਦੇ ਫ਼ੌਜੀ ਜਰਨੈਲ ਤੇ ਭਾਰਤ ਦੇ ਹੋਰ ਅਫ਼ਸਰ ਜੋ ਅੰਮ੍ਰਿਤਸਰ ਮੌਜੂਦ ਸਨ, ਸਭ ਨੇ ਖਾੜਕੂਆਂ ਦੀ ਬਹਾਦਰੀ ਦਾ ਸਿੱਕਾ ਮੰਨਿਆ ਸੀ। ਉਨ੍ਹਾਂ ਲਿਖਿਆ ਕਿ ਏਨੀ ਫ਼ੌਜ ਦੀ ਤਾਕਤ ਦੇ ਸਾਹਮਣੇ ਸਿੱਖ ਖਾੜਕੂਆਂ ਨੇ ਆਪਣਾ ਕਮਾਲ ਦਿਖਾਇਆ ਸੀ।

ਸ੍ਰੀ ਸੁਰਿੰਦਰ ਨਾਥ ਆਈ. ਪੀ. ਐਸ. ਉਸ ਸਮੇਂ ਗਵਰਨਰ ਦੇ ਪੁਲਿਸ ਸਲਾਹਕਾਰ ਸਨ ਜੋ ਪਿੱਛੋਂ ਜਾ ਕੇ ਪੰਜਾਬ ਦੇ ਗਵਰਨਰ ਬਣੇ ਸਨ। ਸ੍ਰੀ ਪਾਂਡੇ ਨੇ ਸ੍ਰੀ ਸੁਰਿੰਦਰ ਨਾਥ ਦੀ ਉਸਤਤ ਕੀਤੀ ਤੇ ਉਨ੍ਹਾਂ ਦੋਵਾਂ ਦੇ ਖਿਆਲ ਮਿਲਦੇ ਸਨ ਤੇ ਸੁਰਿੰਦਰ ਨਾਥ ਨੇ ਦਿੱਲੀ ਜਾ ਕੇ ਇਸ ਹੋਣ ਵਾਲੇ ਹਮਲੇ ਨੂੰ ਰੋਕਣ ਲਈ ਰਾਇ ਦਿੱਤੀ ਸੀ। ਇਸ ਕਿਤਾਬ ਵਿਚ ਜਿਹੜਾ ਸਭ ਤੋਂ ਵੱਡਾ




ਇਤਿਹਾਸਕ ਸੱਚ ਸਾਹਮਣੇ ਆਇਆ ਹੈ, ਉਹ ਇਹ ਹੈ ਕਿ ਇੰਦਰਾ ਗਾਂਧੀ ਹਰ ਹੀਲੇ ਹਾਲਾਤ ’ਤੇ ਕਾਬੂ ਪਾਉਣ ਲਈ ਕੋਈ ਵੀ ਕਦਮ ਚੁੱਕਣ ਲਈ ਪਹਿਲਾਂ ਹੀ ਮਨ ਬਣਾ ਚੁੱਕੀ ਸੀ। ਉਨ੍ਹਾਂ ਨੇ ਆਪਣੀ ਕਿਤਾਬ ਦੇ ਸਫ਼ਾ 252 ’ਤੇ ਇਹ ਲਿਖਿਆ ਹੈ ਕਿ ਜਦ ਉਹ ਇੰਦਰਾ ਗਾਂਧੀ ਨੂੰ ਮਿਲਣ ਦਿੱਲੀ ਗਏ ਸੀ ਤਾਂ ਉਸ ਦਾ ਰਵੱਈਆ ਬੜਾ ਹੀ ਖ਼ਰਾਬ ਸੀ ਤੇ ਬੜੇ ਹੀ ਸਖ਼ਤ ਲਫ਼ਜ਼ਾਂ ਵਿਚ ਉਨ੍ਹਾਂ ਆਦੇਸ਼ ਦਿੱਤਾ ਸੀ। ਸ੍ਰੀ ਪਾਂਡੇ ਨੇ ਇਹ ਵੀ ਲਿਖਿਆ ਹੈ ਕਿ ਪ੍ਰਧਾਨ ਮੰਤਰੀ ਨੇ ਇਹ ਲਫਜ਼ ਕਹੇ ਸਨ ਕਿ ਜੇ ਹਾਲਾਤ ਨਾ ਸੁਧਰੇ ਤਾਂ ਉਹ ਦਰਬਾਰ ਸਾਹਿਬ ਕੰਪਲੈਕਸ ’ਤੇ ਬੰਬਾਰੀ ਵੀ ਕਰ ਸਕਦੀ ਹੈ। ਉਹ ਬਹੁਤ ਗੁੱਸੇ ਨਾਲ ਇਹ ਬੋਲ ਰਹੀ ਸੀ। ਜਦੋਂ ਸ੍ਰੀ ਪਾਂਡੇ ਉਥੋਂ ਉੱਠ ਕੇ ਅਲੈਗਜ਼ੈਂਡਰ ਦੇ ਕਮਰੇ ਵਿਚ ਗਏ ਤਾਂ ਉਨ੍ਹਾਂ ਨੇ ਆਪਣਾ ਅਸਤੀਫ਼ਾ ਲਿਖ ਕੇ ਉਨ੍ਹਾਂ ਨੂੰ ਦੇ ਦਿੱਤਾ ਪਰ ਅਲੈਗਜ਼ੈਂਡਰ ਨੇ ਇਹ ਵਾਪਸ ਕਰਵਾ ਲਿਆ ਤੇ ਕਿਹਾ ਕਿ ਪ੍ਰਧਾਨ ਮੰਤਰੀ ਪੰਜਾਬ ਦੇ ਹਾਲਾਤ ਤੋਂ ਦੁਖੀ ਹਨ। ਇਸ ਲਈ ਉਹ ਗੁੱਸੇ ਵਿਚ ਬੋਲ ਰਹੇ ਹਨ। ਇਹ ਲਿਖਣ ਤੋਂ ਇਹ ਗੱਲ ਪਹਿਲੀ ਵਾਰ ਸਾਬਤ ਹੋਈ ਕਿ ਫ਼ੌਜੀ ਹਮਲੇ ਦਾ ਫ਼ੈਸਲਾ ਕੁਝ ਮਹੀਨੇ ਪਹਿਲਾਂ ਹੀ ਹੋ ਚੁੱਕਾ ਸੀ ਤੇ ਇਹ ਸਭ ਜਨਰਲ ਵੈਦਿਆ ਜੋਜੋ ਉਦੋਂ ਫ਼ੌਜ ਮੁਖੀ ਸਨ, ਉਨ੍ਹਾਂ ਦੀ ਸਲਾਹ ਨਾਲ ਹੋਇਆ ਸੀ। ਸ੍ਰੀ ਪਾਂਡੇ ਨੇ ਇਹ ਵੀ ਲਿਖਿਆ ਹੈ ਕਿ ਉਸ ਵੇਲੇ ਦੇ ਪੰਜਾਬ ਖੇਤਰ ਦੇ ਫ਼ੌਜ ਮੁਖੀ ਜਨਰਲ ਸੁੰਦਰਜੀ ਨੇ ਫ਼ੌਜੀ ਹਮਲੇ ਦੇ ਵਿਰੁੱਧ ਰਾਏ ਦਿੱਤੀ ਸੀ। ਇਹ ਵੀ ਪਹਿਲੀ ਵਾਰ ਗੱਲ ਸਾਹਮਣੇ ਆਈ ਹੈ ਕਿਉਕਿ ਆਮ ਕਰਕੇ ਇਹ ਮੰਨਿਆ ਗਿਆ ਹੈ ਕਿ ਜਨਰਲ ਸੁੰਦਰਜੀ ਨੇ ਇਸ ਫ਼ੌਜੀ ਹਮਲੇ ਬਾਰੇ ਸਾਰਾ ਕੁਝ ਕੀਤਾ ਸੀ। ਸ੍ਰੀ ਪਾਂਡੇ ਨੇ ਇਹ ਲਿਖਿਆ ਹੈ ਕਿ ਪੰਜਾਬ ਵਿਚ ਬੀ. ਐੱਸ. ਐੱਫ. ਅਤੇ ਸੀ. ਆਰ. ਪੀ. ਐੱਫ. ਤਾਇਨਾਤ ਕਰਨ ਨਾਲ ਪੰਜਾਬ ਪੁਲਿਸ ਤੇ ਉਕਤ ਕੇਂਦਰੀ ਅਰਧ ਫ਼ੌਜੀ ਦਲਾਂ ਦਰਮਿਆਨ ਤਣਾਅ ਪੈਦਾ ਹੋ ਗਿਆ ਸੀ। ਉਨ੍ਹਾਂ ਪੰਜਾਬ ਦੀਆਂ ਖੁਫ਼ੀਆ ਏਜੰਸੀਆਂ ਦੀ ਉਸਤਤ ਕੀਤੀ ਕਿ ਇਨ੍ਹਾਂ ਕੋਲ ਪੂਰੀ ਜਾਣਕਾਰੀ ਮੌਜੂਦ ਸੀ। ਚੌਧਰੀ ਭਜਨ ਲਾਲ ਮੁੱਖ ਮੰਤਰੀ ਹਰਿਆਣਾ ਬਾਰੇ ਉਨ੍ਹਾਂ ਲਿਖਿਆ ਹੈ ਕਿ ਉਸ ਨੇ ਹਰਿਆਣੇ ਵਿਚ ਸਿੱਖਾਂ ਵਿਰੁੱਧ ਫ਼ਸਾਦ ਕਰਾਏ ਅਤੇ ਇਹ ਵੀ ਕਿਹਾ ਸੀ ਕਿ ਸਿੱਖ ਡੰਡੇ ਨਾਲ ਹੀ ਠੀਕ ਹੁੰਦੇ ਹਨ। ਜਿਸ ਦਿਨ ਫ਼ੌਜ ਦਾ ਹਮਲਾ ਹੋਇਆ, ਭਜਨ ਲਾਲ ਸਾਰੀ ਰਾਤ ਟੈਲੀਫੋਨ ’ਤੇ ਬੈਠਾ ਰਿਹਾ। ਦਰਬਾਰ ਸਾਹਿਬ ਉੱਤੇ ਹਮਲੇ ਦਾ ਵਕਤ ਤੇ ਦਿਨ ਤੈਅ ਕਰਨ ਲਈ 28 ਮਈ 1984 ਨੂੰ ਦਿੱਲੀ ਵਿਚ ਮੀਟਿੰਗ ਹੋਈ, ਜਿਸ ਵਿਚ ਫ਼ੌਜੀ ਹਮਲੇ ਬਾਰੇ ਸਾਰਾ ਫ਼ੈਸਲਾ ਲੈ ਲਿਆ ਗਿਆ ਸੀ।

29 ਮਈ ਨੂੰ ਇਹ ਮੀਟਿੰਗ ਫਿਰ ਰਾਜ ਭਵਨ ਵਿਚ ਹੋਈ ਅਤੇ ਉਸ ਦਿਨ ਪੰਜਾਬ ਵਿਚ ਫ਼ੌਜ ਨੂੰ ਭੇਜਣਾ ਆਰੰਭ ਹੋ ਗਿਆ ਸੀ ਅਤੇ ਇਹ ਕਿਹਾ ਗਿਆ ਕਿ ਇਹ ਪਾਕਿਸਤਾਨ ਕਰਕੇ ਕੀਤਾ ਜਾ ਰਿਹਾ ਹੈ ਤਾਂ ਜੋ ਪੰਜਾਬ ਸੁਰੱਖਿਅਤ ਰਹੇ। 2 ਜੂਨ ਨੂੰ ਗਵਰਨਰ ਪੰਜਾਬ ਵਲੋਂ ਫ਼ੌਜ ਨੂੰ ਕੰਟਰੋਲ ਦੇਣ ਦਾ ਲਿਖਤੀ ਫ਼ੈਸਲਾ ਕੀਤਾ ਗਿਆ ਸੀ। ਸਕੀਮ ਅਨੁਸਾਰ ਫ਼ੌਜ ਨੇ ੩ ਜੂਨ ਨੂੰ ਦਰਬਾਰ ਸਾਹਿਬ ’ਤੇ ਹਮਲਾ ਕਰਨਾ ਸੀ ਪਰ ਕਈ ਕਾਰਨਾਂ ਕਰਕੇ ਇਹ 6 ਜੂਨ ਨੂੰ ਕਰ ਦਿੱਤਾ ਗਿਆ। ਖ਼ਾਲਿਸਤਾਨ ਸੰਬੰਧੀ ਐਲਾਨਨਾਮੇ ਦਾ ਹਊਆ ਵੀ ਉਸ ਵਕਤ ਖੜ੍ਹਾ ਕੀਤਾ ਗਿਆ। ਇਕ ਹੋਰ ਨਵੀਂ ਗੱਲ ਕਿਤਾਬ ਵਿਚ ਇਹ ਸਾਹਮਣੇ ਆਈ ਕਿ ਰੂਸ ਦੀ ਸਰਕਾਰ ਨੇ ਸਿੱਖਾਂ ’ਤੇ ਪੰਜਾਬ ਬਾਰੇ ਇਕ ਖੁਫ਼ੀਆ ਰਿਪੋਰਟ ਭਾਰਤ ਸਰਕਾਰ ਨੂੰ ਭੇਜੀ ਸੀ।

ਕਿਤਾਬ ਵਿਚ ਪੜ੍ਹਨ ਨੂੰ ਬਹੁਤ ਕੁਝ ਹੈ ਤੇ ਕਈ ਚੱਲ ਰਹੀਆਂ ਕਹਾਣੀਆਂ ਦਾ ਖੰਡਨ ਵੀ ਹੋਇਆ ਹੈ। ਜਦੋਂ ਮੁੱਖ ਮੰਤਰੀ ਦਰਬਾਰਾ ਸਿੰਘ ਸੰਤ ਹਰਖੋਵਾਲ ਦੇ ਸੰਸਕਾਰ ਸਮੇਂ ਨੰਗਲ ਗਏ ਸਨ ਤਾਂ ਕਿਹਾ ਗਿਆ ਕਿ ਉਨ੍ਹਾਂ ’ਤੇ ਖਾੜਕੂਆਂ ਵਲੋਂ ਹਮਲਾ ਕੀਤਾ ਗਿਆ ਸੀ। ਪਾਂਡੇ ਨੇ ਇਸ ਦਾ ਖੰਡਨ ਕੀਤਾ ਹੈ। ਉਨ੍ਹਾਂ ਅਨੁਸਾਰ ਪੁਲਿਸ ਵਾਲੇ ਕੋਲੋਂ ਹੀ ਗ਼ਲਤੀ ਨਾਲ ਗੋਲੀ ਚੱਲ ਗਈ ਸੀ। ਪਾਇਲ (ਦੋਰਾਹੇ) ਵਿਚ ਇਕ ਸਰਪੰਚ ਨੂੰ ਸਰਦਾਰ ਬੇਅੰਤ ਸਿੰਘ ਦੀ ਦੁਸ਼ਮਣੀ ਕਾਰਨ ਕਿਵੇਂ ਪੁਲਿਸ ਤੋਂ ਮਰਵਾਇਆ ਗਿਆ, ਉਸ ਬਾਰੇ ਵੀ ਲਿਖਿਆ ਗਿਆ ਹੈ। ਨਿਰਲੇਪ ਕੌਰ ਦੀ ਪੁਲਿਸ ਵਿਰੁੱਧ ਸ਼ਿਕਾਇਤ ’ਤੇ ਅਮਲ ਨਾ ਕਰਨ ਬਾਰੇ ਵੀ ਇਸ ਕਿਤਾਬ ਵਿਚ ਦਰਜ ਹੈ। ਸੀ. ਬੀ. ਆਈ. ਜਾਂਚ ਸੰਬੰਧੀ ਸਰਕਾਰ ਦੇ ਨਾਂਹ-ਪੱਖੀ ਵਿਹਾਰ ਬਾਰੇ ਵੀ ਲਿਖਿਆ ਗਿਆ ਹੈ। ਸਾਰੇ ਸਾਬਕਾ ਕਾਂਗਰਸੀ ਵਜ਼ੀਰਾਂ ਦਾ ਲਗਾਤਾਰ ਗਵਰਨਰ ਕੋਲ ਅਫਸਰਾਂ ਦੀਆਂ ਬਦਲੀਆਂ ਬਾਰੇ ਆਉਣ ਦਾ ਵੀ ਪੂਰਾ ਵਰਨਣ ਹੈ। ਇਥੋਂ ਤਕ ਕਿ ਰਾਸ਼ਟਰਪਤੀ ਦੇ ਦਫ਼ਤਰ ਵਿਚੋਂ ਵੀ ਕਈ ਵਾਰ ਤਬਾਦਲਿਆਂ ਬਾਰੇ ਹੀ ਸੁਨੇਹੇ ਆਉਂਦੇ ਸਨ। ਇਸ ਕਿਤਾਬ ਵਿਚ ਇੰਦਰਾ ਗਾਂਧੀ ਬਾਰੇ ਬੜਾ ਵਿਸਥਾਰ ਨਾਲ ਲਿਖਿਆ ਗਿਆ ਹੈ ਕਿ ਉਹ ਬੜੀ ਸਖ਼ਤ ਹਠ-ਧਰਮੀ ਵਾਲੀ ਔਰਤ ਸੀ ਜੋ ਆਪਣੀ ਹਰ ਗੱਲ ਮੰਨਵਾਉਣ ਲਈ ਸਭ ਹੱਦਾਂ ਪਾਰ ਕਰ ਸਕਦੀ ਸੀ। ਉਸ ਨੇ ਆਪਣੇ ਜ਼ਾਤੀ ਵਿਰੋਧੀਆਂ ਨੂੰ ਦੁਸ਼ਮਣ ਵਾਂਗ ਖ਼ਤਮ ਕੀਤਾ। ਉਹ ਆਪਣੇ ਵਿਰੁੱਧ ਕੁਝ ਵੀ ਸੁਣਨ ਲਈ ਤਿਆਰ ਨਹੀਂ ਸੀ। ਐਮਰਜੈਂਸੀ ਸਮੇਂ ਅਕਾਲੀਆਂ ਦੇ ਲਾਏ ਮੋਰਚੇ ਤੋਂ ਉਹ ਪੂਰੀ ਤਰ੍ਹਾਂ ਗੁੱਸੇ ਵਿਚ ਸੀ। ਇਹ ਵੀ ਲਿਖਿਆ ਗਿਆ ਹੈ ਕਿ 1984 ਵਿਚ ਜਿੰਨੀਆਂ ਵੀ ਅਕਾਲੀ ਦਲ ਤੇ ਭਾਰਤ ਸਰਕਾਰ ਵਿਚਾਲੇ ਮੀਟਿੰਗਾਂ ਹੋਈਆਂ, ਉਹ ਕੇਵਲ ਵਕਤ ਟਾਲਣ ਲਈ ਸਨ। ਇੰਦਰਾਅਕਾਲੀਆਂ ਨੂੰ ਇਸ ਸੰਕਟ ਵਿਚੋਂ ਨਿਕਲਣ ਲਈ ਕੋਈ ਸਨਮਾਨਯੋਗ ਮੌਕਾ ਨਹੀਂ ਸੀ ਦੇਣਾ ਚਾਹੁੰਦੀ। ਪਹਿਲੀ ਮੀਟਿੰਗ ਤੋਂ ਹੀ ਉਸ ਨੇ ਇਸ ਬਾਰੇ ਹੁਕਮ ਦੇ ਦਿੱਤੇ ਸਨ। ਸ੍ਰੀ ਪਾਂਡੇ ਨੇ ਸਿੱਖਾਂ ਦੀ ਇਸ ਗੱਲ ਲਈ ਸ਼ਲਾਘਾ ਕੀਤੀ ਹੈ ਕਿ ਬਾਵਜੂਦ ਮਾੜੇ ਹਾਲਾਤ ਦੇ ਸਿੱਖਾਂ ਨੇ ਸਮੂਹਿਕ ਤੌਰ ‘ਤੇ ਹਿੰਦੂਆਂ ’ਤੇ ਕੋਈ ਹਮਲਾ ਨਹੀਂ ਕੀਤਾ ਅਤੇ ਹਿੰਦੂ-ਸਿੱਖ ਏਕਤਾ ਕਾਇਮ ਰੱਖੀ। ਦੂਜੇ ਪਾਸੇ ਉਨ੍ਹਾਂ ਹਿੰਦੂ ਸੰਗਠਨਾਂ ਦੇ ਵਤੀਰੇ ਦੀ ਬੜੀ ਨਿੰਦਿਆ ਕੀਤੀ ਹੈ। ਉਨ੍ਹਾਂ ਨੇ ਪੰਜਾਬੀਆਂ ਦੀ ਇਸ ਗੱਲ ਲਈ ਦਾਦ ਦਿੱਤੀ ਕਿ ਸੰਕਟਮਈ ਸਮੇਂ ਵਿਚ ਵੀ ਪੰਜਾਬੀ ਰਾਜ ਦੀ ਆਰਥਿਕ ਮਜ਼ਬੂਤੀ ਲਈ ਤਤਪਰ ਰਹੇ।

ਮੈਨੂੰ ਇਸ ਗੱਲ ਦੀ ਸੰਤੁਸ਼ਟੀ ਹੈ ਕਿ ਜਦ ਇਹ ਕਿਤਾਬ ਛੱਪ ਕੇ ਆਈ ਤਾਂ ਮੈਂ ਇਹ ਤੁਰੰਤ ਲੈ ਕੇ ਪੜ੍ਹੀ ਤੇ ਜਾਣਕਾਰੀ ਹੋਰਾਂ ਨਾਲ ਸਾਂਝੀ ਕੀਤੀ। ਇਕ ਟੀ.ਵੀ. ਬਹਿਸ ਵਿਚ ਵੀ ਜਨਤਕ ਤੌਰ ’ਤੇ ਇਸ ਸੰਬੰਧੀ ਜਾਣਕਾਰੀ ਦਿੱਤੀ, ਜਿਸ ਕਾਰਨ ਵਿਸ਼ਵ ਭਰ ਵਿਚ ਸਿੱਖਾਂ ਵਿਚ ਇਹ ਕਿਤਾਬ ਪੜ੍ਹਨ ਦੀ ਉਤਸੁਕਤਾ ਜਾਗੀ। ਮੈਂ ਸ੍ਰੀ ਪਾਂਡੇ ਨੂੰ ਕਈ ਵਾਰ ਮਿਲਿਆ ਹਾਂ ਤੇ ਉਨ੍ਹਾਂ ਦੇ ਗਰਮਜੋਸ਼ੀ ਵਾਲੇ ਵਤੀਰੇ ਦਾ ਕਾਇਲ ਰਿਹਾ ਹਾਂ। ਉਹ ਉੱਚ ਪਦਵੀ ਤੋਂ ਰਿਟਾਇਰ ਹੋ ਕੇ ਆਪਣੇ ਪਿੰਡ ਜਾ ਵਸੇ ਸਨ ਤੇ ਅਖੀਰਲਾ ਸਮਾਂ ਉਨ੍ਹਾਂ ਉੱਥੇ ਹੀ ਬਿਤਾਇਆ ਸੀ।

## ਅਕਾਲ ਤਖ਼ਤ ਸਾਹਿਬ ਕਿਸੇ ਵੀ ਦੁਨਿਆਵੀ...

ਪਹਿਲੀ ਪੰਥਕ ਵਿਚਾਰ ਗੋਸ਼ਟੀ 21 ਅਕਤੂਬਰ 2022 ਨੂੰ ਅੰਮ੍ਰਿਤਸਰ ਵਿਖੇ ਕਰਵਾਈ ਗਈ ਇਸ ਵਿਚਾਰ ਗੋਸ਼ਟੀ ਵਿਚ ਸਾਬਕਾ ਸਿੰਘ ਸਾਹਿਬਾਨ, ਨਿਹੰਗ ਸਿੰਘ ਜਥੇਬੰਦੀਆਂ, ਕਾਰ ਸੇਵਾ ਸੰਪਰਦਾਵਾਂ, ਟਕਸਾਲਾਂ, ਪੰਥਕ ਸੰਸਥਾਵਾਂ, ਪੰਥਕ ਜਥੇਬੰਦੀਆਂ ਅਤੇ ਪੰਥਕ ਸੰਘਰਸ਼ ਦੀਆਂ ਜੁਝਾਰੂ ਸਖਸ਼ੀਅਤਾਂ ਨੇ ਸ਼ਮੂਲੀਅਤ ਕੀਤੀ। ਇਸ ਵੀਚਾਰ ਗੋਸ਼ਟੀ ਦੌਰਾਨ ਵੱਖ-ਵੱਖ ਬੁਲਾਰਿਆਂ ਵੱਲੋਂ ਆਪਣੇ ਵਿਚਾਰ ਪੇਸ਼ ਕੀਤੇ ਗਏ। ਇਸ ਮੌਕੇ ਬੋਲਦਿਆਂ ਭਾਈ ਦਲਜੀਤ ਸਿੰਘ ਬਿੱਟੂ ਨੇ ਕਿਹਾ ਕਿ ਅੱਜ ਦੇ ਸਮੇਂ ਸੰਸਾਰ, ਦੱਖਣੀ ਏਸ਼ੀਆ, ਭਾਰਤੀ ਉਪ ਮਹਾਂਦੀਪ ਅਤੇ ਪੰਜਾਬ ਦੇ ਹਾਲਾਤ ਅਸਥਿਰਤਾ ਵੱਲ ਵਧ ਰਹੇ ਹਨ ਤੇ ਸਿੱਖਾਂ ਵਿੱਚ ਆਪਸੀ ਸੰਵਾਦ ਦਾ ਕੋਈ ਵੀ ਭਰੋਸੇਯੋਗ ਕੇਂਦਰੀ ਧੁਰਾ ਨਾ ਰਹਿਣ ਕਾਰਨ ਖਿੰਡਾਓ ਦਾ ਮਾਹੌਲ ਹੈ। ਉਨ੍ਹਾਂ ਕਿਹਾ ਕਿ ਤੇਜੀ ਨਾਲ ਬਦਲ ਰਹੇ ਹਾਲਾਤ ਵਿੱਚ ਗੁਰੂ ਖਾਲਸਾ ਪੰਥ ਦੇ ਸਨਮੁਖ ਬਹੁਤ ਜਲਦ ਨਵੇਂ ਮੌਕੇ ਆ ਸਕਦੇ ਹਨ ਇਸ ਲਈ ਜਰੂਰੀ ਹੈ ਕਿ ਗੁਰੂ ਖਾਲਸਾ ਪੰਥ ਦੀ ਅਗਵਾਈ ਅਤੇ ਫੈਸਲੇ ਲੈਣ ਦੀ ਪ੍ਰਕਿਰਿਆ ਪੰਥਕ ਰਵਾਇਤ ਅਨੁਸਾਰ ਸੇਧਤ ਕਰਨ ਵਾਸਤੇ ਵਕਤੀ ਤੌਰ ਉੱਤੇ ਅੰਦਰੂਨੀ ਸੰਵਾਦ ਦਾ ਇਕ ਨਿਰਪੱਖ ਮੰਚ ਉਸਾਰਿਆ ਜਾਵੇ।

ਇਸ ਪਹਿਲੀ ਵਿਚਾਰ ਗੋਸ਼ਟੀ ਵਿਚ ਭਾਈ ਦਲਜੀਤ ਸਿੰਘ ਬਿੱਟੂ ਨੇ ਚਾਰ ਮੁੱਖ ਵਿਸ਼ੇ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ, ਗੁਰਦੁਆਰਿਆਂ ਦਾ ਪ੍ਰਬੰਧਕ ਢਾਂਚਾ, ਭਾਰਤੀ ਰਾਜਨੀਤਕ ਪ੍ਰਣਾਲੀ ਵਿੱਚ ਖੇਤਰੀ ਪਾਰਟੀ ਦੀ ਭੂਮਿਕਾ ਅਤੇ ਅਜ਼ਾਦੀ ਦਾ ਸੰਘਰਸ਼ ਭਾਵ ਖਾਲਿਸਤਾਨ ਦੀ ਪ੍ਰਾਪਤੀ ਨੂੰ ਲੈ ਕੇ ਸੰਗਤ ਦੇ ਸਾਹਮਣੇ ਆਪਣੇ ਵਿਚਾਰ ਪ੍ਰਗਟ ਕੀਤੇ ।ਇਨ੍ਹਾਂ ਵਿਚਾਰਾਂ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਜੁਝਾਰੂ ਲਹਿਰ ਨਾਲ ਸਬੰਧਤ ਨਿਸ਼ਕਾਮ ਸ਼ਖਸੀਅਤਾਂ ਵੱਲੋਂ ਅਜਿਹਾ ਹੀ ਮੰਚ ਉਸਾਰਨ ਦੀ ਪਹਿਲਕਦਮੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਦੀ ਇਹ ਵਿਚਾਰ ਗੋਸ਼ਟੀ ਇਸ ਲੜੀ ਦੀ ਪਹਿਲੀ ਵਿਚਾਰ ਚਰਚਾ ਹੈ ਜਿਸ ਵਿੱਚ ਪੰਥਕ ਸੰਪਰਦਾਵਾਂ ਸੰਸਥਾਵਾਂ ਅਤੇ ਸ਼ਖਸੀਅਤਾਂ ਨੂੰ ਸੱਦਾ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਆਉਂਦੀ 14 ਨਵੰਬਰ ਨੂੰ ਸਿੱਖ ਪ੍ਰਚਾਰਕਾਂ ਨੂੰ ਵਿਚਾਰ ਗੋਸ਼ਟੀ ਦਾ ਸੱਦਾ ਦਿੱਤਾ ਜਾਵੇਗਾ ਜਿਸ ਦਾ ਵਿਸ਼ਾ ਗੁਰਮਤਾ ਸੰਸਥਾ ਦੀ ਮੁੜ ਬਹਾਲੀ ਹੋਵੇਗਾ। ਇਸੇ ਤਰ੍ਹਾਂ ਦਸੰਬਰ ਦੇ ਪਹਿਲੇ ਹਫਤੇ ਸੰਸਾਰ ਭਰ ਦੇ ਸਿੱਖ ਨੁਮਾਇੰਦਿਆਂ ਨਾਲ ਵਿਚਾਰ ਗੋਸ਼ਟੀ ਕੀਤੀ ਜਾਵੇਗੀ। ਸਾਹਿਬਜ਼ਾਦਿਆਂ ਦੀ ਸ਼ਹੀਦੀ ਸਭਾ ਮੌਕੇ ਨੌਜਵਾਨਾਂ, ਮਾਘੀ ਮੌਕੇ ਵਿਦਵਾਨਾਂ ਅਤੇ ਬਸੰਤ ਉੱਤੇ ਬੀਬੀਆਂ ਦਰਮਿਆਨ ਵਿਚਾਰ ਗੋਸ਼ਟੀ ਦਾ ਪ੍ਰਬੰਧ ਕੀਤਾ ਜਾਵੇਗਾ। ਇਸ ਸਮਾਗਮ ਵਿੱਚ ਬਾਬਾ ਮਾਨ ਸਿੰਘ ਮੜ੍ਹੀਆਂ ਵਾਲੇ, ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਅਤੇ ਗਿਆਨੀ ਕੇਵਲ ਸਿੰਘ, ਸੁਖਦੇਵ ਸਿੰਘ ਭੌਰ, ਭਗਵੰਤ ਸਿੰਘ ਸਿਆਲਕਾ, ਗੁਰਪ੍ਰੀਤ ਸਿੰਘ ਗਲੋਬਲ ਸਿੱਖ ਕੌਂਸਲ, ਬਾਬਾ ਸਰਬਜੋਤ ਸਿੰਘ ਬੇਦੀ ਵੱਲੋਂ ਬਾਬਾ ਹਰਬੰਸ ਸਿੰਘ, ਹਵਾਰਾ ਰਿਹਾਈ ਕਮੇਟੀ ਵੱਲੋਂ ਪ੍ਰੋ. ਬਲਜਿੰਦਰ ਸਿੰਘ ਤੇ ਬਾਪੂ ਗੁਰਚਰਨ ਸਿੰਘ, ਦਲ ਖਾਲਸਾ ਵੱਲੋਂ ਪਰਮਜੀਤ ਸਿੰਘ ਮੰਡ, ਅਖੰਡ ਕੀਰਤਨੀ ਜਥੇ ਵੱਲੋਂ ਭਾਈ ਬਖਸ਼ੀਸ਼ ਸਿੰਘ, ਦਮਦਮੀ ਟਕਸਾਲ ਜਥਾ ਭਿੰਡਰਾਂ ਵੱਲੋਂ ਗਿਆਨੀ ਅੰਗਰੇਜ਼ ਸਿੰਘ, ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ ਹਰਿਆਣਾ ਵੱਲੋਂ ਸੁਖਵਿੰਦਰ ਸਿੰਘ, ਕਿਸਾਨ ਆਗੂ ਬਲਦੇਵ ਸਿੰਘ ਸਿਰਸਾ, ਕਾਰ ਸੇਵਾ ਸੰਸਥਾਵਾਂ ਵਿਚੋਂ ਬਾਬਾ ਛਿੰਦਰ ਸਿੰਘ ਫਤਿਹਗੜ੍ਹ ਸਭਰਾ ਅਤੇ ਬਾਬਾ ਗੁਰਪ੍ਰੀਤ ਸਿੰਘ ਖਡੂਰ ਸਾਹਿਬ ਆਦਿ ਨੇ ਵਿਚਾਰਾਂ ਦੀ ਸਾਂਝ ਪਾਈ।ਆਉਣ ਵਾਲੇ ਸਮੇਂ ਵਿਚ ਇਹ ਵੀਚਾਰਾਂ ਦੀ ਲੜੀ ਲਗਾਤਾਰ ਪੰਥ ਲਈ ਨੇਕ ਉਪਰਾਲੇ ਕਰਨ ਲਈ ਵਚਨ ਵੱਧ ਹੈ।

***

## ਸ਼੍ਰੋਮਣੀ ਕਮੇਟੀ ਪ੍ਰਧਾਨਗੀ ਦੇ ਮਾਮਲੇ ਵਿਚ

ਉਨ੍ਹਾਂ ਦੇ ਪ੍ਰਧਾਨਗੀ ਚੋਣ ਲੜਨ ਦੀ ਰਣਨੀਤੀ ਤਹਿਤ ਵੇਖਿਆ ਜਾ ਰਿਹਾ ਹੈ।

ਜਾਣਕਾਰੀ ਅਨੁਸਾਰ ਸੁਖਬੀਰ ਸਿੰਘ ਬਾਦਲ ਵੀ ਆਪਣੀ ਪਾਰਟੀ ਦੇ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਸੰਪਰਕ ਕਰਕੇ ਉਨ੍ਹਾਂ ਦੀ ਰਾਏ ਲੈ ਰਹੇ ਹਨ। ਸੁਖਬੀਰ ਬਾਦਲ ਲਗਾਤਾਰ ਮੈਂਬਰਾਂ ਨਾਲ ਰਾਬਤਾ ਕਰਦੇ ਹੋਏ ਮਾਲਵੇ ਤੋਂ ਇਲਾਵਾ ਸ੍ਰੀ ਫਤਹਿਗੜ੍ਹ ਸਾਹਿਬ, ਪਟਿਆਲਾ, ਲੁਧਿਆਣਾ, ਰੋਪੜ, ਮੁਹਾਲੀ ਆਦਿ ਜ਼ਿਲ੍ਹਿਆਂ ਦੇ ਮੈਂਬਰਾਂ ਦੀ ਰਾਇ ਲੈ ਚੁੱਕੇ ਹਨ ਅਤੇ ਆਉਣ ਵਾਲੇ ਦਿਨਾਂ ਵਿਚ ਬਾਕੀ ਜ਼ਿਲ੍ਹਿਆਂ ਦੇ ਸਬੰਧਤ ਮੈਂਬਰਾਂ ਦੀ ਵੀ ਰਾਇ ਲੈਣਗੇ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਤੇ ਅੰਤ੍ਰਿੰਗ ਕਮੇਟੀ ਮੈਂਬਰ ਬਣਾਉਣ ਦੇ ਲਈ ਸੂਚੀ ਤਿਆਰ ਕਰਨਗੇ। ਕਿਹਾ ਜਾਂਦਾ ਹੈ ਕਿ ਬਹੁਤੇ ਮੈਂਬਰਾਂ ਨੇ ਉਨ੍ਹਾਂ ਨੂੰ ਯਕੀਨ ਦਿਵਾਇਆ ਹੈ ਕਿ ਉਹ ਪਾਰਟੀ ਦੇ ਫ਼ੈਸਲੇ ਨਾਲ ਹੀ ਖੜ੍ਹਨਗੇ। ਇਸ ਦਰਮਿਆਨ ਅਜਿਹੇ ਸੰਕੇਤ ਵੀ ਮਿਲੇ ਹਨ ਕਿ ਅਕਾਲੀ ਦਲ ਦੀ ਹਾਈਕਮਾਂਡ ਤੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਮੌਜੂਦਾ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਹੀ ਇਕ ਵਾਰ ਫਿਰ ਪ੍ਰਧਾਨ ਬਣਾਉਣ ਦਾ ਫ਼ੈਸਲਾ ਲੈ ਚੁੱਕੇ ਹਨ, ਕਿਉਂਕਿ ਇਕ ਤਾਂ ਧਾਮੀ ਇਸ ਮੁਸ਼ਕਲ ਦੀ ਘੜੀ ਵਿਚ ਵੀ ਪਾਰਟੀ ਅਤੇ ਪ੍ਰਧਾਨ ਦੇ ਵਫ਼ਾਦਾਰ ਰਹੇ ਹਨ, ਦੂਸਰਾ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਕੰਮ ਵਿਚ ਸੁਧਾਰ ਲਿਆਉਣ ਲਈ ਕਾਫ਼ੀ ਮਿਹਨਤ ਵੀ ਕੀਤੀ ਹੈ ਤੇ ਉਨ੍ਹਾਂ 'ਤੇ ਭ੍ਰਿਸ਼ਟਾਚਾਰ ਆਦਿ ਦੇ ਇਲਜ਼ਾਮ ਵੀ ਨਹੀਂ ਲੱਗੇ। ਉਨ੍ਹਾਂ ਦੀ ਇਸ ਤਿਆਰੀ ਨੂੰ ਵੇਖਦੇ ਹੋਏ ਹੀ ਅਕਾਲੀ ਹਾਈ ਕਮਾਂਡ ਨੇ ਇਸ ਵਾਰ ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਚੋਣ 9 ਨਵੰਬਰ ਵਿਚ ਹੀ ਕਰਵਾਉਣ ਦਾ ਫ਼ੈਸਲਾ ਕਰ ਲਿਆ ਹੈ। ਨਹੀਂ ਤਾਂ ਆਮ ਤੌਰ 'ਤੇ ਇਹ ਚੋਣ ਨਵੰਬਰ ਦੇ ਅਖ਼ੀਰ ਵਿਚ ਹੀ ਹੁੰਦੀ ਹੈ। ਇਸ ਦਰਮਿਆਨ ਬੀਬੀ ਜਗੀਰ ਕੌਰ ਨੇ ਪ੍ਰਧਾਨ ਦੀ ਚੋਣ 15 ਦਿਨਾਂ ਲਈ ਅੱਗੇ ਪਾਉਣ ਦੀ ਮੰਗ ਕਰਕੇ ਸਪੱਸ਼ਟ ਸੰਕੇਤ ਦੇ ਦਿੱਤਾ ਹੈ ਕਿ ਉਹ ਇਸ ਵਾਰ ਚੋਣ ਲੜਨ ਲਈ ਗੰਭੀਰ ਹਨ।ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਜਾਣ ਵਾਲੇ ਜਥੇ ਵਿਚ ਵੀ ਕਈ ਮੈਂਬਰ ਜਾ ਰਹੇ ਹਨ, ਜਿਨ੍ਹਾਂ ਦੀ ਵਾਪਸੀ 15 ਨਵੰਬਰ ਨੂੰ ਹੈ। ਉਨ੍ਹਾਂ ਹਰਜਿੰਦਰ ਸਿੰਘ ਧਾਮੀ ਨੂੰ ਅਪੀਲ ਕੀਤੀ ਕਿ ਜਨਰਲ ਇਜਲਾਸ ਦੀ ਤਰੀਕ ਅੱਗੇ ਪਾ ਦੇਣੀ ਚਾਹੀਦੀ ਹੈ ਤਾਂ ਜੋ ਵੱਧ ਤੋਂ ਵੱਧ ਮੈਂਬਰ ਇਸ 'ਵਿਚ ਸ਼ਮੂਲੀਅਤ ਕਰ ਸਕਣ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ ਤੇ ਸ਼੍ਰੋਮਣੀ ਕਮੇਟੀ ਮੈਂਬਰ ਮਲਕੀਤ ਸਿੰਘ ਚੰਗਾਲ ਨੇ 8 ਨਵੰਬਰ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਚੋਣ ਇਜਲਾਸ ਨੂੰ 10 ਦਿਨ ਅੱਗੇ ਪਾਉਣ ਲਈ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਮੰਗ ਪੱਤਰ ਦਿੱਤਾ ਸੀ, ਜਿਸ ਨੂੰ ਸਕੱਤਰੇਤ ਨੇ ਆਪਣੀ ਨਿਯਮਾਂਵਲੀ ਅਨੁਸਾਰ ਸ਼੍ਰੋਮਣੀ ਕਮੇਟੀ ਦਫਤਰ ਵੱਲ ਭੇਜ ਦਿੱਤਾ ਹੈ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਤੋਂ ਪਤਾ ਲੱਗਾ ਹੈ ਕਿ ਜਥੇਦਾਰ ਅਕਾਲ ਤਖਤ ਸਾਹਿਬ ਵਲੋਂ ਚੋਣ ਇਜਲਾਸ ਅੱਗੇ ਪਾਉਣ ਸੰਬੰਧੀ ਸ਼੍ਰੋਮਣੀ ਕਮੇਟੀ ਨੂੰ ਕੋਈ ਲਿਖਤੀ ਜਾਂ ਜੁਬਾਨੀ ਆਦੇਸ਼ ਨਹੀਂ ਦਿੱਤਾ ਗਿਆ।

ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਜਨਰਲ ਇਜਲਾਸ ਦੀ ਤਰੀਕ 9 ਨਵੰਬਰ ਨਿਸ਼ਚਿਤ ਕੀਤੀ ਜਾ ਚੁੱਕੀ ਹੈ ਤੇ ਹੁਣ ਇਸ ਨੂੰ ਅਗਾਂਹ ਨਹੀਂ ਪਾਇਆ ਜਾ ਸਕਦਾ। ਉਨ੍ਹਾਂ ਕਿਹਾ ਕਿ ਜਨਰਲ ਹਾਊਸ ਸਿੱਖ ਗੁਰਦੁਆਰਾ ਐਕਟ ਮੁਤਾਬਕ 21 ਦਿਨਾਂ ਦੇ ਵਕਫ਼ੇ ਬਾਅਦ ਸੱਦਿਆ ਗਿਆ ਹੈ।

ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਸਾਰੇ ਮੈਂਬਰਾਂ ਨੂੰ ਸੂਚਨਾ ਵੀ ਭੇਜ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਜਨਰਲ ਇਜਲਾਸ ਦੀ ਮਿਤੀ ਨੂੰ ਧਿਆਨ ਵਿੱਚ ਰੱਖਦਿਆਂ ਗੁਰਦੁਆਰਾ ਨਨਕਾਣਾ ਸਾਹਿਬ ਜਾਣ ਵਾਲੇ ਜਥੇ ਵਿੱਚ ਸ਼ਾਮਲ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਆਪਣਾ ਪ੍ਰੋਗਰਾਮ ਰੱਦ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਜਿਹੜੇ ਮੈਂਬਰ ਵਿਦੇਸ਼ ਵਿੱਚ ਹਨ, ਉਨ੍ਹਾਂ ਨੂੰ ਵੀ ਸੂਚਿਤ ਕਰ ਦਿੱਤਾ ਗਿਆ ਹੈ। ਅਜਿਹੇ ਵਿੱਚ ਸਾਰੇ ਮੈਂਬਰਾਂ ਨੇ ਜਨਰਲ ਹਾਊਸ ਵਿੱਚ ਸ਼ਾਮਲ ਹੋਣ ਦਾ ਭਰੋਸਾ ਦਿੱਤਾ ਹੈ।

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਤ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਬੀਬੀ ਜਗੀਰ ਕੌਰ ਵੱਲੋਂ ਪਾਰਟੀ ਤੋਂ ਵੱਖ ਹੋ ਕੇ ਪ੍ਰਧਾਨ ਦੇ ਅਹੁਦੇ ਲਈ ਪ੍ਰਚਾਰ ਕਰਕੇ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਲਗਾਤਾਰ ਰਾਬਤਾ ਬਣਾ ਰਹੇ ਸਨ। ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਇਕ ਵੱਡੇ ਆਗੂ ਜੋ ਕਿ ਸੁਖਬੀਰ ਸਿੰਘ ਬਾਦਲ ਦੇ ਨੇੜਲੇ ਸਾਥੀ ਦਲਜੀਤ ਸਿੰਘ ਚੀਮਾ ਵੀ ਹਨ, ਵੱਲੋਂ ਪਿਛਲੇ ਦਿਨੀਂ ਬੀਬੀ ਜਗੀਰ ਕੌਰ ਨੂੰ ਮਨਾਉਣ ਲਈ ਮੀਟਿੰਗ ਵੀ ਕੀਤੀ ਗਈ ਸੀ। ਮੀਟਿੰਗ ਤੋਂ ਬਾਅਦ ਵੀ ਬੀਬੀ ਜਗੀਰ ਕੌਰ ਨੇ ਆਪਣਾ ਪ੍ਰਚਾਰ ਜਾਰੀ ਰੱਖਿਆ ਜਿਸ ਨੂੰ ਦੇਖਦਿਆਂ ਕਾਹਲੀ ਕਰਦਿਆਂ 9 ਨਵੰਬਰ ਨੂੰ ਜਰਨਲ ਇਜਲਾਸ ਰੱਖਿਆ ਗਿਆ ਹੈ। ਜਦ ਕਿ ਇਸ 'ਤੇ ਬੀਬੀ ਜੀ ਦੀ ਦਲੀਲ ਠੀਕ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਸ਼੍ਰੋਮਣੀ ਕਮੇਟੀ ਮੈਂਬਰ ਦੇਸ਼ ਵਿਦੇਸ਼ਾਂ 'ਵਿਚ ਕਰਵਾਏ ਜਾ ਰਹੇ ਸਮਾਗਮਾਂ ਵਿਚ ਸ਼ਮੂਲੀਅਤ ਕਰਨ ਲਈ ਆਪਣੇ ਹਲਕੇ ਤੋਂ ਬਾਹਰ ਹੋਣਗੇ, ਜਿਸ ਕਾਰਨ ਉਹ ਇਜਲਾਸ ਵਿਚ ਨਹੀਂ ਪੁੱਜ ਸਕਦੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ 'ਚ ਵੱਡੀ ਬਗ਼ਾਵਤ ਹੋ ਚੁੱਕੀ ਹੈ ਅਤੇ ਪਾਰਟੀ ਆਗੂਆਂ ਦੀ ਘਬਰਾਹਟ ਦਾ ਹੀ ਨਤੀਜਾ ਹੈ ਕਿ ਕਾਹਲ ਵਿਚ ਜਰਨਲ ਇਜਲਾਸ ਸੱਦਿਆ ਗਿਆ ਹੈ।

ਇਸ ਸਬੰਧੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਮੈਂਬਰਾਂ ਦੇ ਨਾਲ ਰਾਬਤਾ ਰੱਖ ਕੇ ਮੀਟਿੰਗਾਂ ਕਰ ਰਹੇ ਹਨ। ਸੁਖਬੀਰ ਬਾਦਲ ਲਗਾਤਾਰ ਮੈਂਬਰਾਂ ਨਾਲ ਰਾਬਤਾ ਕਰਦੇ ਹੋਏ ਮਾਲਵੇ ਤੋਂ ਇਲਾਵਾ ਸ੍ਰੀ ਫਤਹਿਗੜ੍ਹ ਸਾਹਿਬ, ਪਟਿਆਲਾ, ਲੁਧਿਆਣਾ, ਰੋਪੜ, ਮੁਹਾਲੀ ਆਦਿ ਜ਼ਿਲ੍ਹਿਆਂ ਦੇ ਮੈਂਬਰਾਂ ਦੀ ਰਾਇ ਲੈ ਚੁੱਕੇ ਹਨ ਅਤੇ ਆਉਣ ਵਾਲੇ ਦਿਨਾਂ ਵਿਚ ਬਾਕੀ ਜ਼ਿਲ੍ਹਿਆਂ ਦੇ ਸਬੰਧਤ ਮੈਂਬਰਾਂ ਦੀ ਵੀ ਰਾਇ ਲੈਣਗੇ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਤੇ ਅੰਤ੍ਰਿੰਗ ਕਮੇਟੀ ਮੈਂਬਰ ਬਣਾਉਣ ਦੇ ਲਈ ਸੂਚੀ ਤਿਆਰ ਕਰਨਗੇ।

***

## ਪ੍ਰਧਾਨ ਦੀ ਚੋਣ ਬੰਦ ਲਿਫ਼ਾਫ਼ਾ ਜਾਂ ਪਰਚੀ ਲਿਖ ਕੇ ਨਹੀਂ ਹੋਵੇਗੀ

ਕਿਹਾ ਕਿ 9 ਨਵੰਬਰ ਨੂੰ ਹੋ ਰਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ

ਚੋਣ ਸਬੰਧੀ ਉਹ ਸਾਰੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਅਪੀਲ ਕਰਦੇ ਹਨ ਕਿ ਆਪਣੇ ਜ਼ਮੀਰ ਦੀ ਆਵਾਜ਼ ਨਾਲ ਵੋਟ ਦਾ ਇਸਤੇਮਾਲ ਕਰ ਕੇ ਪ੍ਰਧਾਨ ਦੀ ਚੋਣ ਕਰਨ। ਬੀਬੀ ਜਗੀਰ ਕੌਰ ਵਲੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਵਜੋਂ ਚੋਣ ਲੜਨ ਦੇ ਐਲਾਨ ਸਬੰਧੀ ਪੁੱਛੇ ਜਾਣ 'ਤੇ ਸ: ਢੀਂਡਸਾ ਨੇ ਕਿਹਾ ਕਿ ਉਹ ਸੁਖਬੀਰ ਸਿੰਘ ਬਾਦਲ ਦੇ ਉਮੀਦਵਾਰ ਦੇ ਵਿਰੋਧ ਵਿਚ ਲੜਨ ਵਾਲੇ ਉਮੀਦਵਾਰ ਦਾ ਸਮਰਥਨ ਕਰਨਗੇ ਤੇ ਨਾਲ ਹੀ ਉਨ੍ਹਾਂ ਕਿਹਾ ਕਿ ਇਸ ਵਾਰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਲਿਫ਼ਾਫ਼ੇ ਵਿਚੋਂ ਨਹੀਂ ਨਿਕਲੇਗਾ। ਸ: ਢੀਂਡਸਾ ਨੇ ਕਿਹਾ ਕਿ ਜੇਕਰ ਸੁਖਬੀਰ ਸਿੰਘ ਬਾਦਲ ਤੇ ਬਾਦਲ ਪਰਿਵਾਰ ਸ਼੍ਰੋਮਣੀ ਅਕਾਲੀ ਦਲ ਤੋਂ ਪਾਸੇ ਹੋ ਜਾਵੇ ਤਾਂ ਪੰਥਕ ਸੋਚ ਰੱਖਣ ਵਾਲੇ ਸਾਰੇ ਪੁਰਾਣੇ ਅਕਾਲੀ ਆਗੂ ਇਕ ਪਲੇਟਫ਼ਾਰਮ 'ਤੇ ਇਕੱਠੇ ਹੋ ਸਕਦੇ ਹਨ ਤੇ ਮੁੜ ਤੋਂ ਪੰਜਾਬ ਵਿਚ ਅਕਾਲੀ ਦਲ ਬੁਲੰਦੀਆਂ ਨੂੰ ਛੂਹੇਗਾ । ਹਾਲਾਂਕਿ ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਲਾਂਭੇ ਕਰਨ ਦੀ ਲੜਾਈ ਲੜ ਰਹੇ ਮਨਪ੍ਰੀਤ ਸਿੰਘ ਇਆਲੀ ਤੇ ਉਨ੍ਹਾਂ ਦੇ ਸਾਥੀ ਇਸ ਲੜਾਈ ਵਿਚ ਖੁੱਲ੍ਹ ਕੇ ਕੋਈ ਰੋਲ ਅਦਾ ਕਰਦੇ ਦਿਖਾਈ ਨਹੀਂ ਦੇ ਰਹੇ। ਜਦੋਂ ਕਿ ਹੋਰ ਬਾਦਲ ਵਿਰੋਧੀ ਧੜੇ ਅਜੇ ਇਸ ਗੱਲ ਦੀ ਉਡੀਕ ਕਰ ਰਹੇ ਦਿਖਾਈ ਦਿੰਦੇ ਹਨ ਕਿ ਕਿਤੇ ਅੰਤ ਵਿਚ ਸੁਖਬੀਰ ਸਿੰਘ ਬਾਦਲ ਬੀਬੀ ਜਗੀਰ ਕੌਰ ਨੂੰ ਹੀ ਆਪਣਾ ਉਮੀਦਵਾਰ ਨਾ ਬਣਾ ਲੈਣ। ਪਰ ਇਕ ਗੱਲ ਸਪੱਸ਼ਟ ਜਾਪਦੀ ਹੈ ਕਿ ਜੇਕਰ ਬੀਬੀ ਜਗੀਰ ਕੌਰ ਪਾਰਟੀ ਦੇ ਅਧਿਕਾਰਿਤ ਉਮੀਦਵਾਰ ਵਿਰੁੱਧ ਚੋਣ ਲੜੇ ਤਾਂ ਬਹੁਤੇ ਬਾਦਲ ਵਿਰੋਧੀ ਉਨ੍ਹਾਂ ਦਾ ਸਾਥ ਦੇਣਗੇ। ਪਰ ਦੇਖਣ ਵਾਲੀ ਗੱਲ ਤਾਂ ਇਹ ਹੋਵੇਗੀ ਕਿ ਉਹ ਬਾਦਲ ਦਲ ਜਿਸ ਦਾ ਸ਼੍ਰੋਮਣੀ ਕਮੇਟੀ ਵਿਚ ਸਪੱਸ਼ਟ ਬਹੁਮਤ ਹੈ, ਵਿਚੋਂ ਕਿੰਨੇ ਕੁ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਉਹ ਆਪਣੇ ਨਾਲ ਜੋੜਨ ਵਿਚ ਕਾਮਯਾਬ ਹੁੰਦੇ ਹਨ।

***

## ਸਿੱਖ ਪੰਥ ਉਪਰ...

ਮੇਰੀ ਗਰੰਟੀ ਹੈ ਕਿ ਤੁਸੀਂ ਤਾਂ ਮਾਝੇ ਵਿੱਚ ਕਲੇਸ਼ ਕਰਕੇ ਬਹਿ ਜਾਣਾ ਕਿ ਸਿੱਖ ਧਰਮ ਲਈ ਹਰ ਪੱਖੋਂ ਅਹਿਮ ਮਾਝੇ ਵਿੱਚ ਇਹ ਹੋ ਕੀ ਰਿਹਾ।ਪਰ ਤੁਸੀਂ ਜਮੀਨੀ ਹਕੀਕਤ ਤੋਂ ਦੂਰ ਹੋਂ ਤੇ ਨਕਲੀ ਈਸਾਈ ਵਰਤਾਰੇ ਖਿਲਾਫ਼ ਜੂਝ ਰਹੇ ਸਿੱਖ ਨੌਜਵਾਨਾਂ ਦੇ ਵਿਰੋਧ ਵਿਚ ਲਗਾਤਾਰ ਅੱਗੇ ਵਧ ਰਹੇ ਹੋਂ। ਇਹ ਤਕਰਾਰ ਖਤਰਨਾਕ ਹੁੰਦੀ ਦਿਸ ਰਹੀ ਹੈ। ਤੁਹਾਡਾ ਪੈਂਤੜਾ ਨਕਲੀ ਈਸਾਈ ਵਰਤਾਰੇ ਦੀ ਹਮਾਇਤ ਵਿੱਚ ਭੁਗਤ ਰਿਹਾ ਹੈ। ਜਦ ਦਲ ਖਾਲਸਾ ਦੇ ਆਗੂਆਂ ਡੇਰੇ ਸਿਰਸੇ ਬਾਰੇ ਮੇਰੇ ਪੱਖ ਨੂੰ ਸੁਨਣ ਸਮਝਣ ਵਿਚ ਅਸਮੱਰਥ ਰਹੇ ਸੀ ਤਾਂ ਮੈਨੂੰ ਉਨ੍ਹਾਂ ਤੇ ਸਿਰਫ ਇਤਰਾਜ ਸੀ ਪਰ ਤੁਸੀਂ ਤੁਸੀਂ ਸਿੱਖ ਨੌਜਵਾਨਾਂ ਦੇ ਖਿਲਾਫ ਡਟ ਈ ਗਏ। ਤੁਹਾਡਾ ਵੀ ਪੰਥ ਵਿਚ ਆਧਾਰ ਹੈ, ਤੁਹਾਡੇ ਵੀ ਵਿਚਾਰ ਸਤਿਕਾਰੇ ਜਾਂਦੇ ਨੇ ਪਰ ਇਹ ਜ਼ਰੂਰੀ ਨਹੀਂ ਕਿ ਤੁਹਾਡੀ ਹਰ ਗੱਲ ਸਹੀ ਹੋਵੇ, ਹਰ ਪੈਂਤੜਾ ਸਹੀ ਹੋਵੇ। ਮਾਝੇ ਦੋਆਬੇ ਦੇ ਪੇਂਡੂ ਸਿੱਖਾਂ ਨੂੰ ਉਨ੍ਹਾਂ ਵੱਡੀਆਂ ਵੱਡੀਆਂ ਗੱਲਾਂ ਦੀ ਲੋੜ ਨਹੀਂ ਜੋ ਭਾਵੇਂ ਕਿੰਨੀਆਂ ਵੀ ਸਹੀ ਹੋਣ ਪਰ ਈਸਾਈਆਂ ਖਿਲਾਫ ਬਣੇ ਮਹੌਲ ਦੀ ਫੂਕ ਕੱਢਦੀਆਂ ਹੋਣ। ਉਨ੍ਹਾਂ ਨੂੰ ਸਿੱਖ ਨੌਜਵਾਨਾਂ ਦਾ ਨਕਲੀ ਈਸਾਈ ਵਰਤਾਰੇ ਨੂੰ ਨੰਗੇ ਧੜ ਲਲਕਾਰਨਾ ਵਧੀਆ ਲੱਗਦਾ ਹੈ।ਸਭ ਜਾਣਦੇ ਨੇ ਕਿ ਜੇ ਇਹ ਟਕਰਾਅ ਵਧਿਆ ਤਾਂ ਈਸਾਈਆਂ ਦਾ ਸਿੱਖਾਂ ਨੂੰ ਵਰਗਲਾਉਣਾ ਬੰਦ ਹੋ ਜਾਣਾ ਹੈ। ਹੁਣ ਤੱਕ ਜਦ ਵੀ ਕਿਸੇ ਪੰਥ ਵਿਰੋਧੀ ਵਰਤਾਰੇ ਨਾਲ ਸਿੱਖਾਂ ਦਾ ਟਕਰਾਅ ਨਹੀਂ ਹੋਇਆ ਸਿੱਖ ਕੌਮ ਦਾ ਨੁਕਸਾਨ ਹੋਇਆ, ਪਰ ਜਦ ਮੇਲ-ਮਿਲਾਪ ਬੰਦ ਹੋ ਜਾਂਦਾ ਹੈ ਫਿਰ ਸਿੱਖ ਮਾਨਸਿਕਤਾ ਕਦੇ ਵੀ ਓਸ ਪੰਥ ਵਿਰੋਧੀ ਵਰਤਾਰੇ ਪ੍ਰਤੀ ਨਰਮ ਨਹੀਂ ਹੁੰਦੀ। ਨਕਲੀ ਨਿਰੰਕਾਰੀਆਂ, ਭਨਿਆਰੇ, ਨੂਰਮਹਿਲ, ਸਰਸੇ, ਆਰ ਐਸ ਐਸ ਆਦਿਕ ਜਿਸ ਨਾਲ ਵੀ ਸਿੱਖ ਕੌਮ ਦਾ ਟਕਰਾਅ ਹੋਇਆ ਓਸ ਵਲੋਂ ਸਿੱਖਾਂ ਦਾ ਨੁਕਸਾਨ ਹੋਣਾ ਨਾਮੁਮਕਿਨ ਹੋ ਗਿਆ।ਸੋ ਮਾਲਵੇ ਵਾਲੇ ਵੀਰੋ, ਜਿਵੇਂ ਤੁਸੀਂ ਸਰਸੇ ਵਲੋਂ ਸੁਰਖ਼ੂਰੂ ਹੋ, ਹੁਣ ਮਾਝੇ ਤੇ ਦੋਆਬੇ ਨੂੰ ਨਕਲੀ ਈਸਾਈਆਂ ਤੋਂ ਸੁਰਖ਼ੂਰੂ ਹੋਣ ਦਵੋ ਜਾਂ ਸਾਥ ਦੇਵੋ, ਜਾਂ ਚੁਪ ਹੋ ਜਾਓ ਪਰ ਜੇ ਨਾ ਟਲੇ ਤਾਂ ਇਹ ਆਪਦੇ ਦਿਲ ਦਿਮਾਗ ਵਿਚ ਲਿਖ ਲਵੋ ਕਿ ਇਜਤ ਬਣਾਉਣ ਨੂੰ ਸਾਲਾਂ ਦੇ ਸਾਲ ਲੱਗਦੇ ਨੇ ਪਰ ਗਵਾਉਣ ਨੂੰ ਇਕ ਪਲ ਈ ਬਹੁਤ ਆ। ਗੁਰਦਾਸ ਮਾਨ ਨੂੰ ਇਕ ਗਲਤੀ ਲੈ ਬੈਠੀ। ਹੁਣ ਤੱਕ ਤਾਬ ਨਹੀਂ ਆਇਆ। ਸਾਰੇ ਪੰਥ ਦਰਦੀ ਇਕ ਦੂਜੇ ਦਾ ਸਹਿਯੋਗ ਕਰੀਏ। ਇਹ ਤਕਰਾਰ ਜਚਦੀ ਨਹੀਂ।

***

## ਪੰਜਾਬ ਨੂੰ ਪਖੰਡੀ ਬਾਬਿਆਂ ਅਤੇ ਤਾਂਤਰਿਕਾਂ ਤੋਂ...

ਆਰਥਿਕ ਅਤੇ ਸਰੀਰਕ ਲੁੱਟ ਖਸੁੱਟ ਕਰਵਾਉਂਦੇ ਹਨ। ਇਸੇ ਮਾਨਸਿਕ ਤਣਾਅ ਕਾਰਨ ਹਰ ਸਾਲ ਹਜ਼ਾਰਾਂ ਲੋਕ ਖੁਦਕਸ਼ੀ ਕਰ ਜਾਂਦੇ ਹਨ।ਇਸ ਲਈ ਲੋਕਾਂ ਨੂੰ ਮਾਨਸਿਕ ਤਣਾਅ ਅਤੇ ਪਖੰਡੀ ਬਾਬਿਆਂ ਦੇ ਝਾਂਸੇ ਤੋਂ ਬਚਾਉਣ ਲਈ ਹਰ ਹਸਪਤਾਲ ਅਤੇ ਸਿਹਤ ਕੇਂਦਰ ਵਿਚ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ ਨਿਯੁਕਤ ਕੀਤੇ ਜਾਣੇ ਚਾਹੀਦੇ ਹਨ।ਕੇਂਦਰ ਸਰਕਾਰ ਵਲੋਂ ਅਜਿਹੇ ਪਖੰਡੀਆਂ ਦੀਆਂ ਗ਼ੈਰ ਕਾਨੂੰਨੀ ਕਾਰਵਾਈਆਂ ਉਤੇ ਰੋਕ ਲਾਉਣ ਲਈ ਡਰੱਗਜ਼ ਤੇ ਮੈਜਿਕ ਰੈਮਡੀਜ਼ ਇਤਰਾਜ਼ਯੋਗ ਇਸ਼ਤਿਹਾਰਬਾਜ਼ੀ ਐਕਟ 1954 ਲਾਗੂ ਕੀਤਾ ਗਿਆ ਸੀ ਜੋ ਅੱਜ ਤਕ ਜ਼ਿਆਦਾ ਕਾਰਗਰ ਸਾਬਤ ਨਹੀਂ ਹੋ ਸਕਿਆ। ਇਹੀ ਵਜ੍ਹਾ ਹੈ ਕਿ ਪ੍ਰਿੰਟ ਅਤੇ ਬਿਜਲਈ ਮੀਡੀਏ ਵਲੋਂ ਪਾਖੰਡੀ ਬਾਬਿਆਂ, ਤਾਂਤਰਿਕਾਂ ਅਤੇ ਜੋਤਸ਼ੀਆਂ ਦੀ ਝੂਠੀ ਅਤੇ ਗ਼ੈਰ ਕਾਨੂੰਨੀ ਇਸ਼ਤਿਹਾਰਬਾਜ਼ੀ ਬਿਨਾਂ ਕਿਸੇ ਰੋਕ ਟੋਕ ਦੇ ਸ਼ਰੇਆਮ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ ਟੀ ਵੀ ਚੈਨਲਾਂ ਵਲੋਂ ਅਖੌਤੀ ਭੂਤਾਂ ਪ੍ਰੇਤਾਂ, ਕਥਿਤ ਭਟਕਦੀਆਂ ਆਤਮਾਵਾਂ, ਕਾਲੇ ਇਲਮ, ਰਾਸ਼ੀਫਲ, ਗ੍ਰਹਿ ਚੱਕਰਾਂ, ਤਾਂਤਰਿਕ ਵਿੱਦਿਆ, ਜਾਦੂ ਟੂਣਿਆਂ ਰਾਹੀਂ ਅੰਧਵਿਸ਼ਵਾਸ ਫੈਲਾਉਣ ਤੋਂ ਇਲਾਵਾ ਨੰਗੇਜ਼ਵਾਦ, ਅਸ਼ਲੀਲਤਾ ਅਤੇ ਬੱਚਿਆਂ ਤੇ ਔਰਤਾਂ ਵਿਚ ਮਾਨਸਿਕ ਵਿਗਾੜ ਪੈਦਾ ਕਰਨ ਵਾਲੇ ਪ੍ਰੋਗਰਾਮਾਂ, ਲੜੀਵਾਰਾਂ, ਫ਼ਿਲਮਾਂ ਅਤੇ ਇਸ਼ਤਿਹਾਰਾਂ ਦਾ ਪ੍ਰਸਾਰਨ ਕੇਬਲ ਟੈਲੀਵਿਜ਼ਨ ਨੈਟਵਰਕ ਰੈਗੂਲੇਸ਼ਨ ਕਾਨੂੰਨ 1994 ਦੇ ਨਿਯਮ 6 ਦੀ ਸਿੱਧੀ ਉਲੰਘਣਾ ਹੈ। ਇਸ ਤੋਂ ਇਲਾਵਾ ਅਖੌਤੀ ਕਰਾਮਾਤੀ ਰੁਦਰਾਖਸ਼ ਪੱਥਰਾਂ, ਧਾਗੇ-ਤਵੀਤਾਂ, ਨਗਾਂ, ਮੁੰਦਰੀਆਂ, ਲਾਕੇਟ ਅਤੇ ਧਾਰਮਿਕ ਸੁਰੱਖਿਆ ਕਵਚ ਨਾਲ ਹਰ ਤਰ੍ਹਾਂ ਦੀ ਸਮੱਸਿਆ ਤੇ ਬਿਮਾਰੀ ਖ਼ਤਮ ਕਰਨ ਅਤੇ ਮਨਚਾਹੀ ਖਾਹਿਸ਼ ਪੂਰੀ ਕਰਨ ਦੀ ਕੀਤੀ ਜਾਂਦੀ ਇਸ਼ਤਿਹਾਰਬਾਜ਼ੀ ਇਸੇ ਕਾਨੂੰਨ ਦੇ ਨਿਯਮ 7 ਦੀ ਸਿੱਧੀ ਉਲੰਘਣਾ ਹੈ ਪਰ ਨਾ ਤਾਂ ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਅਤੇ ਨਾ ਹੀ ਰਾਜ ਸਰਕਾਰਾਂ ਵਲੋਂ ਅਜਿਹੇ ਟੀ ਵੀ ਚੈਨਲਾਂ, ਅਖਬਾਰਾਂ, ਮੈਗਜ਼ੀਨਾਂ ਅਤੇ ਢੌਂਗੀਆਂ ਦੇ ਖਿਲਾਫ਼ ਕੋਈ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

ਇਥੇ ਇਹ ਦੱਸਣਾ ਵੀ ਬਣਦਾ ਹੈ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਪਿਛਲੇ 38 ਸਾਲਾਂ ਤੋਂ ਲਗਾਤਾਰ ਪੰਜਾਬ ਦੇ ਲੋਕਾਂ ਨੂੰ ਤਰਕਸ਼ੀਲ ਸਮਾਗਮਾਂ, ਤਰਕਸ਼ੀਲ ਸਾਹਿਤ ਅਤੇ ਨਾਟਕਾਂ ਰਾਹੀਂ ਵਹਿਮਾਂ ਭਰਮਾਂ, ਅੰਧਵਿਸ਼ਵਾਸਾਂ, ਅਖੌਤੀ ਚਮਤਕਾਰਾਂ, ਭੂਤਾਂ ਪ੍ਰੇਤਾਂ, ਜਾਦੂ ਟੂਣਿਆਂ ,ਪੁਨਰ ਜਨਮ ਅਤੇ ਗ੍ਰਹਿ ਚੱਕਰਾਂ ਤੋਂ ਇਲਾਵਾ ਨਸ਼ਿਆਂ, ਦਾਜ ਦਹੇਜ, ਰੂੜੀਵਾਦੀ ਰਸਮਾਂ, ਭਰੂਣ ਹੱਤਿਆ, ਧਾਰਮਿਕ ਕੱਟੜਵਾਦ, ਜਾਤ-ਪਾਤ ਅਤੇ ਹੋਰਨਾਂ ਸਮਾਜਿਕ ਬੁਰਾਈਆਂ ਦੇ ਖਿਲਾਫ਼ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਚੇਤਨ ਕਰਦੀ ਆ ਰਹੀ ਹੈ। ਇਸਦੇ ਇਲਾਵਾ ਹੁਣ ਤੱਕ ਹਜ਼ਾਰਾਂ ਹੀ ਪਖੰਡੀ ਬਾਬਿਆਂ, ਸਾਧਾਂ ਅਤੇ ਜੋਤਸ਼ੀਆਂ ਦੀ ਅਖੌਤੀ ਦੈਵੀ ਸ਼ਕਤੀ ਅਤੇ ਕਾਲੇ ਇਲਮ ਦਾ ਜਨਤਾ ਦੀ ਕਚਿਹਰੀ ਵਿੱਚ ਪਰਦਾਫਾਸ਼ ਕਰਕੇ ਉਨ੍ਹਾਂ ਦਾ ਇਹ ਗ਼ੈਰ ਕਾਨੂੰਨੀ ਧੰਦਾ ਬੰਦ ਕਰਵਾਇਆ ਹੈ ਪਰ ਪੰਜਾਬ ਵਿਚ ਅੰਧਵਿਸ਼ਵਾਸ ਰੋਕੂ ਕਾਨੂੰਨ ਦੀ ਅਣਹੋਂਦ ਕਰਕੇ ਅਜਿਹੇ ਦੋਸ਼ੀ ਕਾਨੂੰਨੀ ਸਜ਼ਾ ਤੋਂ ਬਚ ਜਾਂਦੇ ਹਨ ਅਤੇ ਕਿਤੇ ਦੂਜੀ ਜਗ੍ਹਾ ਉਤੇ ਆਪਣਾ ਇਹ ਗ਼ੈਰ ਕਾਨੂੰਨੀ ਧੰਦਾ ਸ਼ੁਰੂ ਕਰ ਲੈਂਦੇ ਹਨ।ਜ਼ਿਕਰਯੋਗ ਹੈ ਕਿ ਮਹਾਂਰਾਸ਼ਟਰ, ਛੱਤੀਸਗੜ੍ਹ ਅਤੇ ਕਰਨਾਟਕ ਵਿਚ ਇਹ ਕਾਨੂੰਨ ਕਈ ਸਾਲ ਪਹਿਲਾਂ ਲਾਗੂ ਕੀਤਾ ਜਾ ਚੁੱਕਾ ਹੈ।

ਇਸ ਤੋਂ ਇਲਾਵਾ ਸੁਸਾਇਟੀ ਵਲੋਂ ਪਿਛਲੇ ਸਮੇਂ ਵਿਚ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ ਦੇ ਮੰਤਰੀਆਂ ਅਤੇ ਪੰਜਾਬ ਦੇ ਸਮੂਹ 117 ਵਿਧਾਇਕਾਂ ਨੂੰ ਅੰਧ-ਵਿਸ਼ਵਾਸ ਰੋਕੂ ਕਾਨੂੰਨ ਦਾ ਖਰੜਾ ਦੇ ਕੇ ਇਸ ਨੂੰ ਵਿਧਾਨ ਸਭਾ 'ਚੋਂ ਪਾਸ ਕਰਵਾਉਣ ਦੀ ਮੰਗ ਕੀਤੀ ਗਈ ਪਰ ਬੜਾ ਅਫ਼ਸੋਸ ਹੈ ਕਿ ਕਿਸੇ ਵੀ ਸਰਕਾਰ ਨੇ ਅਜਿਹਾ ਕਾਨੂੰਨ ਬਨਾਉਣ ਦੀ ਰਾਜਸੀ ਇੱਛਾ ਸ਼ਕਤੀ ਨਹੀਂ ਵਿਖਾਈ। ਉਲਟਾ ਸਗੋਂ ਕਈ ਮੰਤਰੀ, ਵਿਧਾਇਕ ਅਤੇ ਵੱਖ ਵੱਖ ਸਿਆਸੀ ਪਾਰਟੀਆਂ ਦੇ ਨੇਤਾ ਚੋਣਾਂ ਦੌਰਾਨ ਕਈ ਪਖੰਡੀ ਬਾਬਿਆਂ ਅਤੇ ਡੇਰਿਆਂ ਵਿਚ ਜਾ ਕੇ ਵੋਟਾਂ ਲਈ ਨੱਕ ਮੱਥੇ ਰਗੜਦੇ ਵੇਖੇ ਜਾਂਦੇ ਹਨ।

ਹਕੀਕਤ ਇਹ ਹੈ ਕਿ ਜਦੋਂ ਤੱਕ ਮੌਜੂਦਾ ਹਕੂਮਤਾਂ ਵਲੋਂ ਸਾਮਰਾਜ ਪੱਖੀ ਨੀਤੀਆਂ ਅਤੇ ਸਮਝੌਤੇ ਰੱਦ ਕਰਕੇ ਲੋਕਪੱਖੀ ਆਰਥਿਕ ਨੀਤੀਆਂ ਲਾਗੂ ਨਹੀਂ ਕੀਤੀਆਂ ਜਾਂਦੀਆਂ ਅਤੇ ਧਾਰਮਿਕ ਆਸਥਾ ਦੀ ਆੜ ਹੇਠ ਅੰਧਵਿਸ਼ਵਾਸਾਂ, ਪਖੰਡੀ ਬਾਬਿਆਂ ਅਤੇ ਡੇਰਿਆਂ ਦੀ ਸਰਪ੍ਰਸਤੀ ਕਰਨ ਵਾਲਾ ਮੌਜੂਦਾ ਪੂੰਜੀਵਾਦੀ ਪੱਖੀ, ਫਿਰਕੂ ਅਤੇ ਭ੍ਰਿਸ਼ਟ ਰਾਜ ਪ੍ਰਬੰਧ ਨਹੀਂ ਬਦਲਿਆ ਜਾਂਦਾ ਤਦ ਤਕ ਭੋਲੇ ਭਾਲੇ ਲੋਕ ਅੰਧਵਿਸ਼ਵਾਸਾਂ ਦੇ ਚੰਗੁਲ ਵਿਚ ਫਸ ਕੇ ਅਜਿਹੇ ਡੇਰਿਆਂ ਅਤੇ ਪਖੰਡੀਆਂ ਦੀ ਲੁੱਟ ਦਾ ਸ਼ਿਕਾਰ ਹੁੰਦੇ ਰਹਿਣਗੇ। ਇਸ ਲਈ ਪੰਜਾਬ ਸਰਕਾਰ ਨੂੰ ਰਾਜ ਵਿਚ ਅੰਧਵਿਸ਼ਵਾਸ ਵਿਰੋਧੀ ਕਾਨੂੰਨ ਲਾਗੂ ਕਰਨ ਦੀ ਰਾਜਸੀ ਇੱਛਾ ਸ਼ਕਤੀ ਵਿਖਾਉਣੀ ਚਾਹੀਦੀ ਹੈ।

ਸਮੂਹ ਤਰਕਸ਼ੀਲ ਅਤੇ ਲੋਕਪੱਖੀ ਜਮਹੂਰੀ ਸੰਸਥਾਵਾਂ, ਬੁੱਧੀਜੀਵੀਆਂ, ਮੀਡੀਏ ਅਤੇ ਚੇਤਨ ਲੋਕਾਂ ਨੂੰ ਪੰਜਾਬ ਵਿਚ ਅੰਧਵਿਸ਼ਵਾਸ ਵਿਰੋਧੀ ਕਾਨੂੰਨ ਬਣਵਾਉਣ ਤੇ ਲਾਗੂ ਕਰਵਾਉਣ ਲਈ ਲਗਾਤਾਰ ਆਪਣੀ ਜਮਹੂਰੀ ਆਵਾਜ਼ ਬੁਲੰਦ ਕਰਨ ਅਤੇ ਸੰਘਰਸ਼ ਕਰਨ ਦੀ ਵੀ ਲੋੜ ਹੈ।

## ਇੰਗਲੈਂਡ ਦੀ ਨਿਘਰੀ

\ਨਵੇਂ ਪ੍ਰਧਾਨ ਮੰਤਰੀ ਨੂੰ ਅਨੇਕ ਸਿਆਸੀ ਤੇ ਆਰਥਿਕ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ।ਇਸੇ ਲਈ ਰਿਸ਼ੀ ਸੁਨਕ ਨੇ ਆਪਣੀ ਕੰਜ਼ਰਵੇਟਿਵ ਪਾਰਟੀ ਦੇ ਸਮੂਹ ਮੈਂਬਰਾਂ ਨੂੰ ਇਸ ਸੰਕਟ ਪ੍ਰਤੀ ਸਾਵਧਾਨ ਕੀਤਾ ਹੈ। ਹੁਣ ਸਰਕਾਰ ਨੂੰ ਸਿਹਤ, ਸਿੱਖਿਆ, ਰੱਖਿਆ, ਭਲਾਈ ਤੇ ਪੈਨਸ਼ਨਾਂ ਜਿਹੇ ਖੇਤਰਾਂ ਵਿਚ ਹੋ ਰਹੇ ਖ਼ਰਚਿਆਂ ਨੂੰ ਘਟਾਉਣ ਉੱਤੇ ਧਿਆਨ ਕੇਂਦ੍ਰਿਤ ਕਰਨਾ ਹੋਵੇਗਾ।ਆਸ ਕਰਦੇ ਹਾਂ ਕਿ ਪੰਜਾਬੀਆਂ ਦਾ ਮਾਣ ਨਵੇਂ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਇੰਗਲੈਂਡ ਨੂੰ ਆਰਥਿਕ ਸੰਕਟ ਵਿਚੋਂ ਕੱਢਣ ਵਿਚ ਕਾਮਯਾਬ ਹੋਣਗੇ।

## ਭਾਰਤ ਵਿਚ ਅਕਾਦਮਿਕ ਅਜ਼ਾਦੀ ਦਾ ਸੁਆਲ

ਚੀਨ ਦੀ ਸਰਕਾਰ ਨੇ ਆਪਣੇ ਅੰਤਰਰਾਸ਼ਟਰੀ ਵਿਦਵਾਨਾਂ, ਖੋਜਾਰਥੀਆਂ ਅਤੇ ਸੰਸਥਾਵਾਂ ਉੱਪਰ ਪਾਬੰਦੀ ਲਗਾਈ ਹੈ। ਇਸ ਤੋਂ ਇਲਾਵਾ ਇਜ਼ਰਾਈਲ ਵੀ ਫਲਸਤੀਨੀ ਵਿਦਵਾਨਾਂ ਅਤੇ ਵਿਦਿਆਰਥੀਆਂ ਦੀਆਂ ਗਤੀਵਿਧੀਆਂ ਉੱਪਰ ਲਗਾਤਾਰ ਨਿਗ੍ਹਾ ਬਣਾਈ ਰੱਖਦਾ ਹੈ। ਭਾਰਤ ਵਿਚ ਯੂਨੀਵਰਸਿਟੀਆਂ ਵਿਚ ਪਾਠਕ੍ਰਮ, ਵਾਈਸ-ਚਾਂਸਲਰਾਂ ਅਤੇ ਅਧਿਆਪਕਾਂ ਦੀਆਂ ਨਿਯੁਕਤੀਆਂ ਵਿਚ ਲਗਾਤਾਰ ਰਾਜਨੀਤਿਕ ਪ੍ਰਭਾਵ ਵਧਦਾ ਦੇਖਿਆ ਜਾ ਸਕਦਾ ਹੈ।

ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੇ ਇਤਿਹਾਸ ਵਿਸ਼ੇ ਨਾਲ ਸੰਬੰਧਿਤ ਪਾਠਕ੍ਰਮ ਉੱਪਰ ਇਤਿਹਾਸਕਾਰਾਂ ਦੁਆਰਾ ਭਗਵੇਂਕਰਨ ਅਤੇ ਤੋੜ-ਮਰੋੜ ਦੇ ਦੋਸ਼ ਲਗਾਏ ਹਨ।ਸੀਏਏ ਅਤੇ ਐਨਆਰਸੀ ਦੇ ਵਿਰੋਧ ਵਿਚ ਹੋਏ ਅੰਦੋਲਨ ਵਿਚ ਜਾਮੀਆ ਮਿਲੀਆ ਇਸਲਾਮੀਆ, ਜਵਾਹਰਲਾਲ ਨਹਿਰੂ ਯੂਨੀਵਰਸਿਟੀ, ਅਲੀਗੜ੍ਹ ਮੁਸਲਿਮ ਯੂਨੀਵਰਸਿਟੀ, ਜਾਧਵਪੁਰ ਯੂਨੀਵਰਸਿਟੀ, ਦਿੱਲੀ ਯੂਨੀਵਰਸਿਟੀ ਅਤੇ ਹੋਰ ਉੱਚ ਵਿਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਉੱਪਰ ਪੁਲਿਸ ਜਾਂ ਰਾਜਨੀਤਿਕ ਗੁੰਡਿਆਂ ਦੁਆਰਾ ਹਮਲੇ ਕੀਤੇ ਗਏ।ਇਸ ਤਰਾਂ ਦੇ ਹਮਲਿਆਂ ਦੀ ਗਿਣਤੀ ਵਿਚ ਵਾਧਾ ਨਾ ਸਿਰਫ ਉੱਚ ਸੰਸਥਾਵਾਂ ਲਈ, ਬਲਕਿ ਪੂਰੇ ਸਮਾਜ ਲਈ ਹੀ ਚਿੰਤਾ ਦਾ ਵਿਸ਼ਾ ਹੈ।ਭਾਰਤ ਵਿਚ ਅਕਾਦਮਿਕ ਅਜ਼ਾਦੀ ਨੂੰ ਲਗਾਤਾਰ ਦਬਾਇਆ ਜਾ ਰਿਹਾ ਹੈ। ਹਾਲ ਹੀ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਵਿਰੁੱਧ ਬੋਲਣ ਵਾਲੇ ਅਕਾਦਮਿਕਾਂ ਨੂੰ ਹਮਲੇ ਦਾ ਸ਼ਿਕਾਰ ਬਣਾਇਆ ਗਿਆ। ਰਾਜਨੀਤਿਕ ਕਹੀਆਂ ਜਾਂਦੀਆਂ ਅਕਾਦਮਿਕ ਗਤੀਵਧੀਆਂ ਦੀ ਜਾਂਚ ਇੰਟੈਲੀਜੈਂਸ ਬਿਊਰੋ ਦੁਆਰਾ ਕਰਵਾਈ ਜਾਂਦੀ ਹੈ।ਉੱਚ ਪੱਧਰ ਦੀਆਂ ਅਕਾਦਮਿਕ ਪੋਸਟਾਂ ਵਿਚ ਵੀ ਰਾਜਨੀਤਿਕ ਦਖਲਅੰਦਾਜ਼ੀ ਲਗਾਤਾਰ ਵਧ ਰਹੀ ਹੈ।

ਇਹ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ ਕਿ ਕਿਸੇ ਯੂਨੀਵਰਸਿਟੀ ਦਾ ਵਾਈਸ-ਚਾਂਸਲਰ, ਉੱਚ ਸੰਸਥਾਨ ਦਾ ਡਾਇਰੈਕਟਰ ਲਗਾਉਣ ਵਿਚ ਵਿਅਕਤੀ ਦੀ ਮੁਹਾਰਤ ਅਤੇ ਪ੍ਰਸ਼ਾਸਨਿਕ ਯੋਗਤਾ ਹੀ ਉਸ ਨੂੰ ਚੁਣਨ ਦੀ ਕਸੌਟੀ ਨਹੀਂ ਬਣਦੀ, ਬਲਕਿ ਉਸ ਦੀ ਸੰਘ ਪਰਿਵਾਰ ਨਾਲ ਵਿਚਾਰਧਾਰਕ ਨੇੜਤਾ ਵੀ ਪਰਖੀ ਜਾਂਦੀ ਹੈ।ਦਿੱਲੀ ਯੂਨੀਵਰਸਿਟੀ ਦੇ ਸਮਾਜ ਸ਼ਾਸਤਰ ਵਿਭਾਗ ਨੇ ਹਾਲ ਹੀ ਵਿਚ ਅਕਾਦਮਿਕ ਅਜ਼ਾਦੀ ਉੱਪਰ ਹਮਲੇ ਨੂੰ ਛੇ ਵੱਖ-ਵੱਖ ਸੂਚੀਆਂ ਦੇ ਤਹਿਤ ਪ੍ਰਕਾਸ਼ਿਤ ਕੀਤਾ ਹੈ। ਇਸ ਵਿਚ ਯੂਨੀਵਰਸਿਟੀ ਪਾਠਕ੍ਰਮ ਵਿਚੋਂ ਹਟਾਈਆਂ ਗਈਆਂ ਪੁਸਤਕਾਂ, ਵਿਦਿਆਰਥੀਆਂ ਜਾਂ ਫੈਕਲਟੀ ਦੁਆਰਾ ਕਰਵਾਏ ਜਾਂਦੇ ਸੈਮੀਨਾਰਾਂ ਨੂੰ ਰੱਦ ਕਰਨਾ, ਵਿਦਿਆਰਥੀਆਂ ਅਤੇ ਅਧਿਆਪਕਾਂ ਖਿਲਾਫ ਅਪਰਾਧਿਕ ਗਤੀਵਿਧੀਆਂ ਤਹਿਤ ਕੇਸ ਕਰਨਾ, ਵਿਦਿਆਰਥੀਆਂ ਅਤੇ ਅਧਿਆਪਕਾਂ ਉੱਪਰ ਹਮਲਾ ਕਰਨਾ, ਉਨ੍ਹਾਂ ਨੂੰ ਤਿਆਗ ਪੱਤਰ ਦੇਣ ਲਈ ਮਜਬੂਰ ਕਰਨਾ, ਅਤੇ ਵਿਦੇਸ਼ੀ ਵਿਦਵਾਨਾਂ ਨੂੰ ਭਾਰਤ ਵਿਚ ਦਾਖਲ ਹੋਣ ਤੋਂ ਰੋਕਣਾ ਸ਼ਾਮਿਲ ਹਨ। ਇਸ ਦਾ ਸ਼ਿਕਾਰ ਨਿੱਜੀ ਅਤੇ ਜਨਤਕ ਯੂਨੀਵਰਸਿਟੀਆਂ ਦੋਹੇਂ ਹੀ ਹੋ ਰਹੀਆਂ ਹਨ।

ਇਸ ਤਰਾਂ ਦਾ ਮਾਹੌਲ ਅਜ਼ਾਦ ਸੋਚ, ਖੋਜ ਅਤੇ ਅਧਿਆਪਨ ਦੀ ਸਿਰਜਾਣਤਮਿਕਤਾ ਨੂੰ ਬੜ੍ਹਾਵਾ ਨਹੀਂ ਦਿੰਦਾ। ਯੂਨੀਵਰਸਿਟੀਆਂ ਦੇ ਪੱਧਰ ਨੂੰ ਉੱਚਾ ਚੁੱਕਣ ਅਤੇ ਲੋਕਤੰਤਰ ਦੀ ਪ੍ਰੀਕਿਰਿਆ ਨੂੰ ਬਹਾਲ ਕਰਨ ਲਈ ਅਜ਼ਾਦ, ਤਰਕਸੰਗਤ ਸੋਚ ਲਈ ਰਾਹ ਮੋਕਲਾ ਕਰਨਾ ਬਹੁਤ ਜਰੂਰੀ ਹੈ।ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ 2014 ਤੋਂ ਬਾਅਦ ਅਕਾਦਮਿਕ ਲੋਕ ਅਤੇ ਬੁੱਧੀਜੀਵੀ ਉੱਪਰ ਜਿਸ ਤਰਾਂ ਨਾਲ ਹਮਲੇ ਬੋਲੇ ਜਾ ਰਹੇ ਹਨ, ਉਸ ਦੀ ਉਦਾਹਰਣ ਪਹਿਲਾਂ ਨਹੀਂ ਮਿਲਦੀ।

***

## ਬਾਦਲ ਦਲ ਜਥੇਬੰਦਕ ਤਬਦੀਲੀਆਂ ਦਾ ਦੌਰ

ਤੁਹਾਨੂੰ ਅਧਿਕਾਰਤ ਪਲੇਟਫ਼ਾਰਮ 'ਤੇ ਹੀ ਆਪਣੇ ਵਿਚਾਰ ਪ੍ਰਗਟ ਕਰਨੇ ਚਾਹੀਦੇ ਸਨ ।ਦੂਸਰਾ ਮੌੜ ਹਲਕੇ ਦੇ ਪਾਰਟੀ ਵਰਕਰਾਂ ਵਲੋਂ ਤੁਹਾਡੇ ਵਲੋਂ ਦਿੱਤੇ ਬੇਲੋੜੇ ਬਿਆਨਾਂ ਦੀ ਸ਼ਿਕਾਇਤ ਕੀਤੀ ਹੈ ਤੇ ਤੀਸਰਾ ਤੁਹਾਡੇ ਵਲੋਂ ਵੀਡੀਓ ਬਿਆਨ ਜੋ ਤੁਸੀਂ ਸੋਸ਼ਲ ਮੀਡੀਆ' ਵਿਚ ਪੋਸਟ ਕੀਤੇ ਗਏ ਜੋ ਕਿ ਪਾਰਟੀ ਵਿਚ ਵੰਡੀਆਂ ਪਾਉਣ ਲਈ ਉਤਸ਼ਾਹਿਤ ਕਰਦੇ ਹਨ। ਇਸ ਕਰਕੇ ਪਾਰਟੀ ਦੇ ਅਕਸ ਨੂੰ ਢਾਹ ਲੱਗੀ ਹੈ । ਬਰਾੜ ਨੂੰ ਜਾਰੀ ਕਾਰਨ ਦੱਸੋ ਨੋਟਿਸ ਵਿਚ ਇਹ ਵੀ ਕਿਹਾ ਗਿਆ ਹੈ ਕਿ ਜੇਕਰ ਇਕ ਹਫ਼ਤੇ ਦੇ ਵਿਚ ਜੁਆਬ ਨਾ ਦਿੱਤਾ ਗਿਆ ਤਾਂ ਤੁਹਾਡੇ ਖ਼ਿਲਾਫ਼ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ।

ਇਸ ਸੰਬੰਧੀ ਜਗਮੀਤ ਸਿੰਘ ਬਰਾੜ ਨੇ ਇਨ੍ਹਾਂ ਦੋਸ਼ਾਂ ਨੂੰ ਮੁੱਢੋਂ ਹੀ ਨਕਾਰਦਿਆਂ ਕਿਹਾ ਕਿ ਮੈਂ ਕਦੀ ਵੀ ਆਪਣੇ ਆਪ ਨੂੰ ਕਨਵੀਨਰ ਨਹੀਂ ਕਿਹਾ ਤੇ ਦੂਸਰੇ ਮੇਰੇ ਵਿਰੁੱਧ ਇਹ ਕਾਹਲੀ ਤੇ ਬੇਸਮਝੀ ਨਾਲ ਲਿਆ ਫ਼ੈਸਲਾ ਹੈ, ਜੋ ਕਿ ਬਹੁਤ ਖ਼ਤਰਨਾਕ ਸਾਬਿਤ ਹੋਵੇਗਾ। ਬਰਾੜ ਨੇ ਕਿਹਾ ਕਿ ਇਹ ਇਸ ਕਰਕੇ ਵੀ ਨੋਟਿਸ ਮੈਨੂੰ ਜਾਰੀ ਕੀਤਾ ਗਿਆ ਕਿ 21 ਮੈਂਬਰੀ ਕਮੇਟੀ ਦੀ ਮੀਟਿੰਗ, ਜੋ ਕਿ ਥੋੜ੍ਹੇ ਦਿਨਾਂ ਵਿਚ ਅਕਾਲੀ ਦਲ ਦੀ ਏਕਤਾ ਨੂੰ ਮੁੱਖ ਰੱਖ ਕੇ ਕੀਤੀ ਜਾ ਰਹੀ ਸੀ, ਨਾ ਹੋ ਸਕੇ। ਬਰਾੜ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਅਜੇ ਨੋਟਿਸ ਨਹੀਂ ਮਿਲਿਆ, ਜਦੋਂ ਮਿਲਿਆ ਜਵਾਬ ਦੇਵਾਂਗਾ।

**

## ਪ੍ਰਧਾਨ ਮੰਤਰੀ ਨੇ ਗੋਬਿੰਦ ਘਾਟ

ਗੁਰਦੁਆਰਾ ਗੋਬਿੰਦ ਘਾਟ ਤੋਂ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਲਈ ਲਗਭਗ ਛੇ ਕਿਲੋਮੀਟਰ ਦੇ ਰਸਤੇ ਵਾਸਤੇ ਰੋਪਵੇਅ ਦੀ ਯੋਜਨਾ ਤਿਆਰ ਹੋਈ ਸੀ। ਇਸ ਸਬੰਧ ਵਿੱਚ ਹਰ ਵਿਭਾਗ ਕੋਲੋਂ ਐੱਨਓਸੀ ਵੀ ਲੈ ਲਈ ਗਈ ਸੀ ਪਰ ਐਨ ਆਖਰੀ ਮੌਕੇ 'ਤੇ ਇਹ ਯੋਜਨਾ ਠੰਢੇ ਬਸਤੇ ਵਿੱਚ ਪੈ ਗਈ ਸੀ।

ਬਿੰਦਰਾ ਨੇ ਦੱਸਿਆ ਕਿ ਪ੍ਰਸਤਾਵਿਤ ਰੋਪਵੇਅ ਯੋਜਨਾ ਤਹਿਤ ਕਰੀਬ ਸਾਢੇ 12 ਕਿਲੋਮੀਟਰ ਦਾ ਰੋਪਵੇਅ ਤਿਆਰ ਹੋਵੇਗਾ ਅਤੇ ਇਹ ਰਸਤਾ ਸਿਰਫ਼ 45 ਮਿੰਟਾਂ ਵਿੱਚ ਪੂਰਾ ਕੀਤਾ ਜਾ ਸਕੇਗਾ। ਇਸ ਵੇਲੇ ਲਗਭਗ 19 ਕਿਲੋਮੀਟਰ ਦੀ ਤਿੱਖੀ ਚੜ੍ਹਾਈ ਵਾਲਾ ਇਹ ਰਸਤਾ ਦੋ ਦਿਨਾਂ ਵਿਚ ਯਾਤਰੂਆਂ ਵੱਲੋਂ ਪੂਰਾ ਕੀਤਾ ਜਾਂਦਾ ਹੈ। ਇਹ ਯੋਜਨਾ 2024 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ। ਮੀਤ ਚੇਅਰਮੈਨ ਨੇ ਦੱਸਿਆ ਕਿ ਇਸ ਯੋਜਨਾ ਸਬੰਧੀ ਟੈਂਡਰ ਪ੍ਰਕਿਰਿਆ ਜਨਵਰੀ ਤੱਕ ਮੁਕੰਮਲ ਹੋ ਜਾਵੇਗੀ ਜਿਸ ਨੂੰ ਨੈਸ਼ਨਲ ਹਾਈਵੇਅ ਅਥਾਰਿਟੀ ਵੱਲੋਂ ਮੁਕੰਮਲ ਕੀਤਾ ਜਾਵੇਗਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸਿੱਖ ਗੁਰੂਆਂ ਦੇ ਸੰਕਲਪ ਨੂੰ ਪੂਰਾ ਕਰਨ ਲਈ ਕੰਮ ਕਰਦੀ ਰਹੇਗੀ। ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਗੁਰਦੁਆਰਾ ਹੇਮਕੁੰਟ ਸਾਹਿਬ 'ਰੋਪਵੇਅ' ਦਾ ਨੀਂਹ ਪੱਥਰ ਰੱਖਣ ਲਈ ਉਨ੍ਹਾਂ ਦਾ ਧੰਨਵਾਦ ਕਰਨ ਵਾਲੇ ਪੱਤਰ 'ਤੇ ਪ੍ਰਤੀਕਿਰਿਆ ਦੇ ਰਹੇ ਸਨ, ਜੋ ਗੋਬਿੰਦਘਾਟ ਨੂੰ ਹੇਮਕੁੰਟ ਸਾਹਿਬ ਨਾਲ ਜੋੜੇਗਾ। ਮੋਦੀ ਨੇ ਟਵੀਟ ਕਰਦਿਆਂ ਕਿਹਾ ਕਿ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਪ੍ਰਮੁੱਖ ਅਧਿਆਤਮਿਕ ਸ਼ਖ਼ਸੀਅਤਾਂ ਸਮੇਤ ਸਿੱਖ ਭਾਈਚਾਰੇ ਦੇ ਸਤਿਕਾਰਯੋਗ ਮੈਂਬਰਾਂ ਨੇ ਹੇਮਕੁੰਟ ਸਾਹਿਬ 'ਰੋਪਵੇਅ' ਉਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਮੈਂ ਉਨ੍ਹਾਂ ਦੇ ਪਿਆਰ ਭਰੇ ਸ਼ਬਦਾਂ ਲਈ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਅਤੇ ਸੰਗਤ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਅਸੀਂ ਗੁਰੂ ਸਾਹਿਬਾਨ ਦੇ ਸੰਕਲਪ ਨੂੰ ਪੂਰਾ ਕਰਨ ਲਈ ਕੰਮ ਕਰਦੇ ਰਹਾਂਗੇ।

***

## 1 ਨਵੰਬਰ, 1966 'ਤੇ ਵਿਸ਼ੇਸ਼: ਪੰਜਾਬੀ ਸੂਬਾ

ਵਿਰੋਧ ਵਿਚ ਮਾਸਟਰ ਜੀ ਨੇ ਅਗਸਤ 15, 1961 ਨੂੰ ਹਰਿਮੰਦਰ ਸਾਹਿਬ ਤੋਂ ਵਰਤ ਰੱਖ ਦਿੱਤਾ।ਪ੍ਰਧਾਨ ਮੰਤਰੀ ਨੇ ਹਰਦਿੱਤ ਸਿੰਘ ਮਲਿਕ ਰਾਹੀਂ ਮੰਗਾਂ ਮੰਨੇ ਜਾਣ ਦਾ ਵਿਸ਼ਵਾਸ਼ ਦਿਵਾ ਕੇ ਅਕਤੂਬਰ 1, 1961 ਨੂੰ ਮਾਸਟਰ ਜੀ ਦਾ ਵਰਤ ਤੁੜਵਾ ਲਿਆ। ਇਹ ਸਿਰਫ਼ ਇਕ ਚੋਣਾਂ ਦੀ ਰਾਜਨੀਤਕ ਚਾਲ ਸੀ।ਸੰਨ 1961 ਦੀਆਂ ਚੋਣਾਂ ਵਿਚ ਪ੍ਰਤਾਪ ਸਿੰਘ ਕੈਰੋਂ ਦੂਸਰੀ ਵਾਰ ਮੁੱਖ ਮੰਤਰੀ ਬਣੇ। ਜਨਵਰੀ 18,1965 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਸੰਤ ਫਤਹਿ ਸਿੰਘ ਆਗੂ ਬਣੇ। ਉਨ੍ਹਾਂ ਨੇ ਬੜੇ ਸੰਤੁਲਿਤ ਢਗ ਨਾਲ ਸੰਘਰਸ਼ ਨੂੰ ਅਗਾਂਹ ਤੋਰਿਆ। ਮਾਸਟਰ ਜੀ ਨੇ ਵੀ ਖੁਦਮੁਖਤਿਆਰ 'ਪੰਜਾਬੀ ਸੂਬਾ' ਦੀ ਜ਼ੋਰਦਾਰ ਮੰਗ ਉਠਾਈ।ਸੰਤ ਜੀ ਨੇ ਸਰਕਾਰ ਦੇ ਪੱਖਪਾਤ ਦੀ ਨਿਖੇਧੀ ਕੀਤੀ। ਬਿਨਾਂ ਵਜ੍ਹਾ ਮੰਗਾਂ ਨੂੰ ਲਮਕਾਉਣ ਦੇ ਦੋਸ਼ ਲਗਾਏ। ਸੰਤ ਜੀ ਨੇ 7-8 ਅਕਤੂਬਰ, 1965 ਨੂੰ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ, ਗ੍ਰਹਿ ਮੰਤਰੀ ਗੁਲਜ਼ਾਰੀ ਲਾਲ ਨੰਦਾ ਅਤੇ ਗ੍ਰਹਿ ਸਕੱਤਰ ਐਲ ਪੀ ਨਾਲ ਮੁਲਾਕਾਤਾਂ ਕੀਤੀਆਂ। ਸੰਤ ਜੀ ਨੇ ਸਪੱਸ਼ਟ ਕੀਤਾ ਕਿ ਵਾਰ ਵਾਰ ਮੰਗਾਂ ਠੁਕਰਾਉਣ ਤੇ ਸਿੱਖ ਵੀ ਜਵਾਬੀ ਕਾਰਵਾਈ ਕਰ ਸਕਦੇ ਹਨ। ਪ੍ਰਧਾਨ ਮੰਤਰੀ ਨੇ ਵਿਸ਼ਵਾਸ ਦੁਆਇਆ ਕਿ ਸਿੱਖਾਂ ਦੇ ਸਾਰੇ ਸ਼ੰਕੇ ਦੂਰ ਕੀਤੇ ਜਾਣਗੇ।ਅਗਸਤ 16, 1965 ਨੂੰ ਸੰਤ ਜੀ ਨੇ ਮਰਨ ਵਰਤ ਰੱਖ ਲਿਆ।ਉਨ੍ਹਾਂ ਕਿਹਾ ਕਿ ਸਤੰਬਰ 25, 1965 ਨੂੰ ਉਹ ਆਤਮ ਦਾਹ ਕਰਨਗੇ।ਹਿੰਦ ਪਾਕਿ ਜੰਗ ਸਤੰਬਰ ਵਿਚ ਸ਼ੁਰੂ ਹੋਣ ਕਰਕੇ ਸਤੰਬਰ 9, 1965 ਨੂੰ ਵਰਤ ਤੋੜ ਲਿਆ।

ਸਤੰਬਰ 26, 1965 ਨੂੰ ਜੰਗ ਖਤਮ ਹੋਣ ਤੇ ਕੇਂਦਰ ਸਰਕਾਰ ਨੇ ਉਹ ਸੰਸਦੀ ਸਮਿਤੀ ਬਣਾਈ ਅਤੇ ਮੰਤਰੀ ਮੰਡਲ ਸਮਿਤੀ ਵਿਚ ਇੰਦਰਾ ਗਾਂਧੀ (ਸੂਚਨਾ ਪ੍ਰਸਾਰਣ ਮੰਤਰੀ), ਵਾਈ ਬੀ ਚੌਹਾਨ (ਰੱਖਿਆ ਮੰਤਰੀ), ਮਹਾਵੀਰ ਤਿਆਗੀ (ਮੁੜ ਵਸੇਬਾ ਮੰਤਰੀ) ਨਿਯੁਤਕ ਹੋਏ। ਹੁਕਮ ਸਿੰਘ ਸਭਾਪਤੀ ਸਨ। ਪੰਜਾਬੀ ਫੌਜੀਆਂ ਅਤੇ ਆਮ ਨਾਗਰਿਕਾਂ ਨੇ ਜੰਗ ਵਿਚ ਬਹਾਦਰੀ ਵਿਖਾਈ। ਦੇਸ਼ ਦੀ ਸੁਰੱਖਿਆ ਲਈ ਵਚਨਵੱਧ ਰਹੇ। ਇਸ ਲਈ ਸ਼ਲਾਘਾ ਹੋਈ।ਅਕਤੂਬਰ 1, 1965-5 ਨਵੰਬਰ, 1965 ਦੀ ਮਿਆਦ ਵੱਖ ਵੱਖ ਪਾਰਟੀਆਂ ਅਤੇ ਨੁਮਾਇੰਦਿਆਂ ਨਾਗਰਿਕਾਂ ਤੋਂ ਮੰਗ ਪੱਤਰ ਪ੍ਰਾਪਤ ਕਰਨ ਦਾ ਸਮਾਂ ਨਿਰਧਾਰਤ ਕੀਤਾ। ਨਵੰਬਰ 26, ਦਸੰਬਰ 1965 ਤੱਕ ਸਮਿਤੀ ਨੇ ਵਿਚਾਰ ਵਟਾਂਦਰਾ ਕੀਤਾ।ਜਨਵਰੀ 10, 1966 ਨੂੰ ਲਛਮਣ ਸਿੰਘ ਗਿੱਲ, ਜਨਰਲ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਰਵੇਲ ਸਿੰਘ ਮੈਂਬਰ ਕਾਰਜਕਾਰਨੀ ਨੇ ਕੇਸ ਸਮਿਤੀ ਨੂੰ ਪੇਸ਼ ਕੀਤਾ। ਜਨਵਰੀ 27, 1966 ਨੂੰ ਗਿਆਨੀ ਕਰਤਾਰ ਸਿੰਘ ਅਤੇ ਹਰਚਰਨ ਸਿੰਘ ਬਰਾੜ ਕਾਂਗਰਸ ਵਲੋਂ ਪੇਸ਼ ਹੋਏ।ਲਗਭਗ 2200 ਦਰਖਾਸਤਾਂ ਹੱਕ ਵਿਚ ਅਤੇ 903 ਵਿਰੋਧ ਵਿਚ ਪੇਸ਼ ਹੋਈਆਂ। ਹੁਕਮ ਸਿੰਘ ਸਭਾਪਤਾ ਨੇ ਨਿਰਣਾਇਕ ਮਤਦਾਨ ਕੀਤਾ,

ਹਿੰਦੀ ਹਿਤੈਸ਼ੀਆਂ ਨੇ ਮਾਰਚ 9, 1966 ਨੂੰ ਵਿਰੋਧ ਵਿਚ ਹੜਤਾਲ ਕੀਤੀ।ਜੰਗਿਆਂ ਵਿਚ ਪਾਣੀਪਤ ਵਿਖੇ ਤਿੰਨ ਕਾਂਗਰਸੀ ਜਿੰਦਾ ਜਲ਼ਾ ਦਿੱਤੇ ਗਏ।ਸੰਸਦੀ ਸਮਿਤੀ ਦੀ ਸਿਫਾਰਸ਼ ਮਾਰਚ 18, 1966 ਨੂੰ ਸਰਕਾਰ ਨੂੰ ਸੌਂਪੀ ਗਈ।ਪੰਜਾਬੀ ਬੋਲਦੇ ਇਲਾਕੇ ਪੰਜਾਬੀ ਭਾਸ਼ਾਈ ਆਧਾਰ ਤੇ ਪੈਪਸੂ ਦਾ ਇਲਾਕਾ ਜੋੜ ਕੇ 'ਪੰਜਾਬੀ ਸੂਬਾ' ਬਣਾਇਆ ਜਾਵੇ।ਹਿੰਦੀ ਭਾਸ਼ਾਈ ਹਰਿਆਣਾ ਪ੍ਰਦੇਸ਼ ਅਤੇ ਪੰਜਾਬ ਨਾਲ ਲਗਦੇ ਇਲਾਕੇ ਪਹਾੜੀ ਇਲਾਕੇ ਹਿਮਾਚਲ ਪ੍ਰਦੇਸ਼ ਹੋਵੇ।

ਮਾਰਚ 21, 1966 ਨੂੰ ਕੇਂਦਰ ਸਰਕਾਰ ਨੇ ਇਲਾਕਿਆਂ ਦੀ ਹੱਦਬੰਦੀ ਕਰਲ ਲਈ ਆਯੋਗ ਬਣਾਇਆ ਜਿ ਸਵਿਚ ਜੇ ਸੀ ਸ਼ਾਹ, ਸੁਬੀਮੱਲ ਦੱਤ, ਐਮ ਐਮ ਫਿਲਪ ਮੈਂਬਰ ਸਨ।ਆਯੋਗ ਨੇ ਮਈ 31, 1966 ਨੂੰ ਫੈਸਲਾ ਸਰਕਾਰ ਨੂੰ ਸੌਂਪਿਆ। ਭਾਸ਼ਾਈ ਇਲਾਕਈ ਵੰਡ ਵਿਚ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ (ਕਾਂਗੜਾ, ਸ਼ਿਮਲਾ ਸਮੇਤ) ਹੋਂਦ ਵਿਚ ਆਏ। ਪੰਜਾਬ ਪੁਨਰਗਠਨ ਕਾਨੂੰਨ 1966, ਸਤੰਬਰ 3, 1966 ਨੂੰ ਪਾਸ ਹੋਇਆ। ਸਤੰਬਰ 18, 1966 ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਹੋਈ। ਨਵੰਬਰ 1, 1966 ਨੂੰ 'ਪੰਜਾਬੀ ਸੂਬਾ' ਬਣਿਆ।ਚੰਡੀਗੜ੍ਹ ਸੰਘੀ ਖੇਤਰ ਬਣ ਗਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਬਾਅ ਪਾਇਆ ਕਿ ਭਾਖੜਾ ਡੈਮ ਅਤੇ ਚੰਡੀਗੜ੍ਹ ਪੰਜਾਬ ਵਿਚ ਹੋਣ।ਉਹ ਸੰਘਰਸ਼ ਅੱਗੇ ਤੱਕ ਜਾਰੀ ਹੈ। ਸਮੇਂ ਸਮੇਂ ਦੀਆਂ ਸਰਕਾਰਾਂ ਨੇ ਪੰਜਾਬ ਦਾ ਪਹਿਲਾਂ 1947 ਵਿਚ, ਫਿਰ 1966 ਵਿਚ ਬਟਵਾਰਾ ਕੀਤਾ ਅਤੇ ਇਸ ਨੂੰ ਛੋਟੇ ਤੋਂ ਛੋਟਾ ਬਣਾਇਆ ਤਾਂ ਜੋ ਇਹ ਇਕ ਵੱਡੀ ਸ਼ਕਤੀ ਵਜੋਂ ਨਾ ਉਭਰ ਸਕੇ।

***

## ਰਿਸ਼ਤਿਆਂ ਦਾ ਹੋ ਰਿਹਾ ਵਪਾਰੀਕਰਨ

ਜੇਕਰ ਗੱਲ ਕਰੀਏ ਅਪ੍ਰਵਾਨਿਤ ਰਿਸ਼ਤਿਆਂ ਦੀ ਜਿਨ੍ਹਾਂ ਨੂੰ ਤੁਸੀਂ ਚੋਰੀ- ਯਾਰੀ ਦੇ ਰਿਸ਼ਤੇ ਆਖ ਸਕਦੇ ਹੋ ਤਾਂ ਸਾਡੇ ਸਮਾਜ ਵਿੱਚ ਇਨ੍ਹਾਂ ਰਿਸ਼ਤਿਆਂ ਦਾ ਹੜ੍ਹ ਜਿਹਾ ਆਇਆ ਪਿਆ ਹੈ। ਇਹ ਹੜ੍ਹ ਪਤਾ ਹੀ ਨਹੀਂ ਆਪਣੇ ਅੰਦਰ ਕਿੰਨੇ ਮਾਸੂਮ ਬੱਚਿਆਂ, ਬਜ਼ੁਰਗਾਂ ਅਤੇ ਨੌਜਵਾਨਾਂ ਦੀਆਂ ਜਾਨਾਂ ਨੂੰ ਵਹਾ ਕੇ ਲਿਜਾ ਚੁੱਕਾ ਹੈ। ਜੇਕਰ ਇੱਥੇ ਪਿਆਰ ਵਰਗੇ ਸੰਕਲਪ ਦੀ ਇਨ੍ਹਾਂ ਰਿਸ਼ਤਿਆਂ ਦੇ ਸੰਦਰਭ ਵਿੱਚ ਗੱਲ ਕਰਾਂ ਤਾਂ ਵਿਦਿਆਰਥੀ ਵਰਗ ਤੋਂ ਸ਼ੁਰੂ ਹੁੰਦੇ ਪਿਆਰ ਦੇ ਨਾਂ 'ਤੇ ਇਹ ਅਪ੍ਰਵਾਨਿਤ ਰਿਸ਼ਤੇ ਚੇਤਨਾ ਅਤੇ ਅਕਲ ਵਿਹੂਣੇ ਹਨ। ਦੂਜੇ ਪਾਸੇ ਸੋਸ਼ਲ ਮੀਡੀਆ ਤੇ ਇੰਟਰਨੈੱਟ ਦੇ ਜ਼ਮਾਨੇ ਨੇ ਇਨ੍ਹਾਂ ਰਿਸ਼ਤਿਆਂ ਨੂੰ ਜਿਸਮਾਨੀ ਸਬੰਧਾਂ ਅਤੇ ਟਾਈਮ ਪਾਸ ਕਰਨ ਤੱਕ ਸੀਮਤ ਕਰ ਦਿੱਤਾ ਹੈ। ਦੰਪਤੀ ਜੀਵਨ ਤੇ ਸੋਸ਼ਲ ਮੀਡੀਆ, ਇੰਟਰਨੈੱਟ ਅਤੇ ਆਰਥਿਕ ਮੰਦਹਾਲੀ ਦਾ ਵੀ ਉਪਰੋਕਤ ਪ੍ਰਭਾਵ ਦੇਖਣ ਨੂੰ ਮਿਲਦਾ ਹੈ ਤਾਂ ਹੀ ਤਾਂ ਦੂਜਾ ਰੱਬ ਕਹੀਆਂ ਜਾਣ ਵਾਲੀਆਂ ਮਾਵਾਂ ਪ੍ਰੇਮੀਆਂ ਪਿੱਛੇ ਆਪਣੇ ਬੱਚੇ, ਪਤੀ ਤੇ ਮਾਪਿਆਂ ਤੱਕ ਦੇ ਕਤਲ ਕਰਨ ਤੋਂ ਗੁਰੇਜ਼ ਨਹੀਂ ਕਰਦੀਆਂ। ਹੁਣ ਜੇਕਰ ਦੇਖਿਆ ਜਾਵੇ ਤਾਂ ਨੌਕਰੀ ਪੇਸ਼ਾ ਮਨੁੱਖ ਨੇ ਰਿਸ਼ਤਿਆਂ ਦੀਆਂ ਨਵੀਆਂ ਤੰਦਾਂ ਸਿਰਜ ਕੇ ਦੋਗਲੀ ਜ਼ਿੰਦਗੀ ਜਿਉਣੀ ਸ਼ੁਰੂ ਕਰ ਦਿੱਤੀ ਹੈ। ਬਾਹਰ ਆਉਣ-ਜਾਣ ਕਾਰਨ ਮੁਲਾਕਾਤਾਂ ਦੇ ਸਿਲਸਿਲੇ ਵਧ ਗਏ ਹਨ ਤੇ ਸੋਸ਼ਲ ਮੀਡੀਆ ਨੇ ਇਹ ਪਹੁੰਚ ਹੋਰ ਵੀ ਆਸਾਨ ਬਣਾ ਦਿੱਤੀ ਹੈ। ਕੁੱਲ ਮਿਲਾ ਕੇ ਅਪ੍ਰਵਾਨਿਤ ਰਿਸ਼ਤਿਆਂ ਦੇ ਬਣਨ ਦੇ ਵਸੀਲੇ ਵਧ ਗਏ ਹਨ। ਜਿਸ ਕਾਰਨ ਸਮਾਜਿਕ ਰਿਸ਼ਤਿਆਂ ਦਾ ਤਾਣਾ- ਬਾਣਾ ਜ਼ਰਜ਼ਰਾ ਹੋ ਗਿਆ ਹੈ। ਮਰਦ ਦੀ ਬਰਾਬਰੀ ਕਰਨ ਲਈ ਨਿਕਲੀ ਔਰਤ ਬਰਾਬਰੀ ਦੇ ਚੱਕਰ ਵਿੱਚ ਆਪਣਾ ਔਰਤ ਧਰਮ ਭੁੱਲ ਗਈ ਹੈ, ਜਦੋਂ ਕਿ ਜੇਕਰ ਇਹ ਮਸਲਾ ਬਰਾਬਰੀ ਦਾ ਹੁੰਦਾ ਤਾਂ ਕੁਦਰਤ ਦੋ ਲਿੰਗਾਂ ਦੀ ਸਿਰਜਣਾ ਹੀ ਨਾ ਕਰਦੀ। ਸਮਲਿੰਗੀ ਰਿਸ਼ਤੇ ਕਦੇ ਵੀ ਸਮਾਜ ਸਿਰਜਕ ਨਹੀਂ ਹੋ ਸਕਦੇ ਅਤੇ ਇਸੇ ਲਈ ਇਹ ਨਿਰਾਦਰ ਅਤੇ ਨਮੋਸ਼ੀ ਦੇ ਪਾਤਰ ਬਣੇ ਰਹਿੰਦੇ ਹਨ।

ਭਾਵੇਂ ਸਮਾਜ ਵਿੱਚ ਗੋਤ, ਜਾਤ, ਬਰਾਦਰੀ ਦੀਆਂ ਕੰਧਾਂ ਢਾਹ ਕੇ ਰਿਸ਼ਤੇ ਅੱਗੇ ਵਧ ਰਹੇ ਹਨ, ਪਰ ਇਹ ਅਪ੍ਰਵਾਨਿਤ ਰਿਸ਼ਤੇ ਮਨੁੱਖੀ ਜ਼ਿੰਦਗੀ ਨੂੰ ਵੀ ਢਾਹ ਲਾ ਰਹੇ ਹਨ। ਇਸ ਦਾ ਮੁੱਖ ਕਾਰਨ ਜੇਕਰ ਦੇਖਿਆ ਜਾਵੇ ਤਾਂ ਅਜੋਕੇ ਮਨੁੱਖ ਨੇ ਰਿਸ਼ਤਿਆਂ ਦਾ ਵਪਾਰੀਕਰਨ ਕਰ ਦਿੱਤਾ ਹੈ ਅਤੇ ਅਗਲੀ ਪੀੜ੍ਹੀ ਨੂੰ ਦਿੱਤਾ ਵਪਾਰੀਕਰਨ ਦਾ ਇਹ ਤੋਹਫ਼ਾ ਜ਼ਿੰਦਗੀ ਦੀ ਡਿੱਕ- ਡੋਲੇ ਖਾਂਦੀ ਮਸ਼ੀਨੀਕਰਨ ਦੀ ਰਫ਼ਤਾਰ ਨੂੰ ਸਹਾਰਾ ਨਹੀਂ ਦੇ ਸਕਦਾ। ਅੱਜ ਦੇ ਸਮੇਂ ਵਿੱਚ ਪਦਾਰਥਵਾਦੀ ਸੋਚ ਅਧੀਨ ਬਣਾਏ ਰਿਸ਼ਤੇ ਪਾਕ ਅਤੇ ਸਕੂਨ ਭਰਪੂਰ ਨਹੀਂ ਹੋ ਸਕਦੇ।

ਜੇਕਰ ਅਸੀਂ ਰਿਸ਼ਤਿਆਂ ਵਿੱਚ ਕੁਦਰਤੀ ਮੋਹ- ਪਿਆਰ, ਅਪਣੱਤ ਤੇ ਭਾਵਨਾਵਾਂ ਮਨਫ਼ੀ ਕਰਕੇ ਰਿਸ਼ਤੇ ਜੋੜਾਂਗੇ ਤਾਂ ਇਹ ਸਾਡੀ ਪਹਾੜ ਵਰਗੀ ਜ਼ਿੰਦਗੀ ਨੂੰ ਹਿਮਾਲਾ ਪਰਬਤ ਬਣਾ ਦੇਣਗੇ, ਕਿਉਂਕਿ ਸੁਆਰਥ ਲਈ ਜੋੜੇ ਰਿਸ਼ਤਿਆਂ ਵਿੱਚੋਂ ਵਫ਼ਾਦਾਰੀ ਨਹੀਂ ਬਲਕਿ ਖ਼ੁਦਗਰਜ਼ੀ ਤੇ ਬੇਧਿਆਨੀ ਹੀ ਉਪਜਦੀ ਹੈ।ਸੋ ਲੋੜ ਹੈ ਅਜੋਕੇ ਮਨੁੱਖ ਨੂੰ ਇਨਸਾਨ, ਇਨਸਾਨੀਅਤ, ਭਾਵਨਾਵਾਂ ਤੇ ਰਿਸ਼ਤਿਆਂ ਦੀ ਸਹੀ ਕਦਰ ਕਰਨ ਦੀ।

ਨਹੀਂ ਤਾਂ ਰਿਸ਼ਤਿਆਂ ਦੇ ਨਾਲ- ਨਾਲ ਜ਼ਿੰਦਗੀ ਜਿਉਣ ਦਾ ਰਸ ਵੀ ਸਾਡੇ ਤੋਂ ਦੂਰ ਚਲਾ ਜਾਵੇਗਾ ਤੇ ਫਿਰ ਉਹ ਦਿਨ ਦੂਰ ਨਹੀਂ ਜਦੋਂ ਸੰਸਾਰ ਪਾਗਲਾਂ ਦਾ ਘਰ ਬਣ ਜਾਵੇਗਾ ਤੇ ਪਾਗਲਖਾਨੇ ਮਨੁੱਖੀ ਜ਼ਿੰਦਗੀ ਦਾ ਸੱਚ। ਜਿਵੇਂ ਕੱਚੀਆਂ ਬੁਨਿਆਦਾਂ 'ਤੇ ਪੱਕੇ ਮਕਾਨ ਨਹੀਂ ਬਣਦੇ, ਉਵੇਂ ਹੀ ਮਤਲਬ ਨਾਲ ਜੁੜੇ ਰਿਸ਼ਤੇ ਹੰਢਣਸਾਰ ਨਹੀਂ ਹੋ ਸਕਦੇ।

***

## 6 ਰਾਜਾਂ ਵੱਲੋਂ ਰਾਸ਼ਟਰਪਤੀ ਦੀ

ਰਾਜਾਂ ਦੀ ਅਪੀਲ 'ਤੇ ਯੋਜਨਾ ਉਪਰ ਆਰਜ਼ੀ ਤੌਰ 'ਤੇ ਰੋਕ ਲਾ ਦਿੱਤੀ ਹੈ। ਏਟਥ ਸਰਕਟ ਕੋਰਟ ਆਫ ਅਪੀਲਜ਼ ਦੇ ਕੁਲ 11 ਸਰਗਰਮ ਜੱਜਾਂ ਵਿਚੋਂ ਸਾਬਕਾ ਰਾਸ਼ਟਰਪਤੀ ਜਾਰਜ ਡਬਲਯਬ ਬੁੱਸ਼ ਦੁਆਰਾ 5, ਡੋਨਲਡ ਟਰੰਪ ਵੱਲੋਂ 4 ਤੇ ਜਾਰਜ ਐਚ ਡਬਲਯੂ ਤੇ ਬਰਾਕ ਓਬਾਮਾ ਦੁਆਰਾ 1-1 ਜੱਜ ਦੀ ਨਿਯੁਕਤੀ ਕੀਤੀ ਗਈ ਹੈ। ਅਦਾਲਤ ਨੇ ਹਾਲਾਂਕਿ ਆਰਜੀ ਤੌਰ 'ਤੇ ਬਾਈਡਨ ਪ੍ਰਸ਼ਾਸਨ ਨੂੰ ਯੋਜਨਾ ਉਪਰ ਅੱਗੇ ਵਧਣ ਤੋਂ ਰੋਕ ਦਿੱਤਾ ਹੈ ਪ੍ਰੰਤੂ ਨਾਲ ਹੀ ਕਿਹਾ ਹੈ ਕਿ ਵਿਦਿਆਰਥੀ ਰਾਹਤ ਲੈਣ ਲਈ ਦਰਖਾਸਤਾਂ ਦੇ ਸਕਦੇ ਹਨ। ਅਜੇ ਇਹ ਸਪੱਸ਼ਟ ਨਹੀਂ ਹੈ ਕਿ ਅਦਾਲਤ ਅਗਲੀ ਕਾਰਵਾਈ ਕਦੋਂ ਕਰੇਗੀ। ਇਸੇ ਦੌਰਾਨ ਰਾਸ਼ਟਰਪਤੀ ਜੋਅ ਬਾਈਡਨ ਨੇ ਉਕਤ 6 ਰਾਜਾਂ ਤੇ ਹੋਰ ਕੰਜ਼ਰਵੇਟਿਵ ਧਿਰਾਂ ਦੁਆਰਾ ਕਰਜ਼ਾ ਮੁਆਫੀ ਯੋਜਨਾ ਨੂੰ ਪੱਟੜੀ ਤੋਂ ਲਾਹੁਣ ਲਈ ਕੀਤੇ ਜਾ ਰਹੇ ਯਤਨਾਂ ਦੀ ਨਿੰਦਾ ਕੀਤੀ ਹੈ। ਰਾਸ਼ਟਰਪਤੀ ਨੇ ਕਿਹਾ ਹੈ ਕਿ ਉਸ ਦੀ ਯੋਜਨਾ ਦੇ ਹੁੰਗਾਰੇ ਵਿੱਚ ਇਕ ਹਫਤੇ ਵਿਚ 22 ਲੱਖ ਦਰਖਾਸਤਾਂ ਆ ਚੁੱਕੀਆਂ ਹਨ ਜੋ ਕੰਜ਼ਰਵੇਟਿਵ ਲੋਕਾਂ ਨੂੰ ਪਸੰਦ ਨਹੀਂ ਹੈ। ਇਸ ਯੋਜਨਾ ਤਹਿਤ 1,25,000 ਦੀ ਕਮਾਈ ਵਾਲੇ ਇਕਹਿਰੇ ਵਿਅਕਤੀ ਤੇ 2,50,000 ਡਾਲਰ ਦੀ ਆਮਦਨੀ ਵਾਲੇ ਵਿਆਹੁਤਾ ਜੋੜੇ 20000 ਡਾਲਰ ਤੱਕ ਕਰਜ਼ਾ ਰਾਹਤ ਲੈਣ ਲਈ ਦਰਖਾਸਤਾਂ ਦੇ ਸਕਦੇ ਹਨ।

# ਸੁਪਰੀਮ ਕੋਰਟ ਨ.ਫਰਤੀ ਭਾਸ਼ਣ ਦੇਣ ਵਾਲਿਆਂ ਖ਼ਿਲਾ.ਫ ਸ.ਖ਼ਤ

### ਦਿੱਲੀ, ਯੂ.ਪੀ. ਤੇ ਉੱਤਰਾਖੰਡ ਨੂੰ ਸ਼ਿਕਾਇਤਾਂ ਉਡੀਕੇ ਬਿਨਾਂ ਸਖਤ ਕਾਰਵਾਈ ਦੇ ਹੁਕਮ

ਨਵੀਂ ਦਿੱਲੀ/ਏ.ਟੀ.ਨਿਊਜ਼ :- ਸਿਖਰਲੀ ਅਦਾਲਤ ਨੇ ਨਫਰਤੀ ਭਾਸ਼ਣਾਂ ਦੀਆਂ ਘਟਨਾਵਾਂ ਨੂੰ ਹੈਰਾਨ ਕਰਨ ਵਾਲਾ ਦੱਸਿਆ ਹੈ।ਸੁਪਰੀਮ ਕੋਰਟ ਨੇ ਭਾਰਤ ਜਿਹੇ ਧਰਮ ਨਿਰਪੱਖ ਦੇਸ਼ 'ਚ ਨਫਰਤੀ ਭਾਸ਼ਣ ਦੇਣ ਤੇ ਵਾਪਰ ਰਹੀਆਂ ਹੋਰ ਨਫਰਤੀ ਘਟਨਾਵਾਂ ਨੂੰ ਹੈਰਾਨ ਕਰਨ ਵਾਲਾ ਕਰਾਰ ਦਿੰਦਿਆਂ ਅੱਜ ਕਿਹਾ, 'ਅਸੀਂ ਧਰਮ ਦੇ ਨਾਂ 'ਤੇ ਜਿੱਥੇ ਪਹੁੰਚ ਗਏ ਹਾਂ ਤੇ ਧਰਮ ਨੂੰ ਅਸੀਂ ਜਿੰਨਾ ਛੋਟਾ ਬਣਾ ਦਿੱਤਾ ਹੈ ਉਹ ਤ੍ਰਾਸਦੀ ਭਰਿਆ ਹੈ।' ਸੁਪਰੀਮ ਕੋਰਟ ਨੇ ਇਹ ਟਿੱਪਣੀ ਉੱਤਰ ਪ੍ਰਦੇਸ਼ ਸਮੇਤ ਤਿੰਨ ਰਾਜਾਂ ਨੂੰ ਨਫਰਤੀ ਭਾਸ਼ਣ ਦੇਣ ਵਾਲਿਆਂ ਖ਼ਿਲਾਫ਼ ਸਖਤ ਕਾਰਵਾਈ ਕਰਨ ਦੇ ਨਿਰਦੇਸ਼ ਜਾਰੀ ਕਰਨ ਸਮੇਂ ਕੀਤੀ।

ਸੰਵਿਧਾਨ ਅਨੁਸਾਰ ਭਾਰਤ ਨੂੰ ਧਰਮ ਨਿਰਪੱਖ ਮੁਲਕ ਦਸਦਿਆਂ ਸੁਪਰੀਮ ਕੋਰਟ ਨੇ ਦਿੱਲੀ, ਉੱਤਰ ਪ੍ਰਦੇਸ਼ ਤੇ ਉੱਤਰਾਖੰਡ ਦੀਆਂ ਸਰਕਾਰਾਂ ਨੂੰ ਨਫਰਤ ਭਰੇ ਭਾਸ਼ਣ ਦੇਣ ਵਾਲਿਆਂ ਨਾਲ ਸਖਤੀ ਨਾਲ ਨਜਿੱਠਣ ਦੀ ਹਦਾਇਤ ਕੀਤੀ ਹੈ। ਅਦਾਲਤ ਨੇ ਇਨ੍ਹਾਂ ਸੂਬਿਆਂ ਨੂੰ ਕਿਹਾ ਕਿ ਉਹ ਅਜਿਹੇ ਮਾਮਲਿਆਂ ਵਿਚ ਸ਼ਿਕਾਇਤਾਂ ਮਿਲਣ ਦੀ ਉਡੀਕ ਕੀਤੇ ਬਿਨਾਂ ਦੋਸ਼ੀਆਂ ਖ਼ਿਲਾਫ਼ ਤੁਰੰਤ ਅਪਰਾਧਿਕ ਕੇਸ ਦਰਜ ਕੀਤੇ ਜਾਣ। ਸਿਖਰਲੀ ਅਦਾਲਤ ਨੇ ਨਫਰਤ ਭਰੇ ਭਾਸ਼ਣਾਂ ਨੂੰ 'ਬਹੁਤ ਹੀ ਗੰਭੀਰ ਮੁੱਦਾ' ਕਰਾਰ ਦਿੰਦਿਆਂ ਚਿਤਾਵਨੀ ਦਿੱਤੀ ਕਿ ਪ੍ਰਸ਼ਾਸਨ ਵੱਲੋਂ ਕਿਸੇ ਵੀ ਤਰ੍ਹਾਂ ਦੀ ਕੀਤੀ ਗਈ ਦੇਰੀ ਅਦਾਲਤੀ ਹੱਤਕ ਦੇ ਘੇਰੇ ਵਿਚ ਆਵੇਗੀ।

ਜਸਟਿਸ ਕੇਐੱਮ ਜੋਸੇਫ ਅਤੇ ਜਸਟਿਸ ਰਿਸ਼ੀਕੇਸ਼ ਰੌਇ ਦੇ ਬੈਂਚ ਨੇ ਸ਼ਾਹੀਨ ਅਬਦੁੱਲ੍ਹਾ ਨਾਂ ਦੇ ਵਿਅਕਤੀ ਵੱਲੋਂ ਦਾਇਰ ਪਟੀਸ਼ਨ 'ਤੇ ਤਿੰਨਾਂ ਸੂਬਿਆਂ ਦੀਆਂ ਸਰਕਾਰਾਂ ਨੂੰ ਨੋਟਿਸ ਜਾਰੀ ਕੀਤੇ ਹਨ। ਜਸਟਿਸ ਜੋਸੇਫ਼ ਨੇ ਨਿਰਾਸ਼ਾ ਨਾਲ ਕਿਹਾ, 'ਇਹ 21ਵੀਂ ਸਦੀ ਹੈ।ਸੰਵਿਧਾਨ ਦੀ ਧਾਰਾ 51ਏ (ਬੁਨਿਆਦੀ ਫਰਜ਼) ਕਹਿੰਦੀ ਹੈ ਕਿ ਸਾਨੂੰ ਵਿਗਿਆਨਕ ਸੋਚ ਵਿਕਸਿਤ ਕਰਨੀ ਚਾਹੀਦੀ ਹੈ। ਅਸੀਂ ਧਰਮ ਦੇ ਨਾਂ 'ਤੇ ਜਿੱਥੇ ਪਹੁੰਚ ਗਏ ਹਾਂ ਤੇ ਅਸੀਂ ਧਰਮ ਨੂੰ ਅਸੀਂ ਜਿੰਨਾ ਛੋਟਾ ਕਰ ਦਿੱਤਾ ਹੈ, ਉਹ ਤ੍ਰਾਸਦੀ ਭਰਿਆ ਹੈ।' ਉਨ੍ਹਾਂ ਕਿਹਾ, 'ਭਾਰਤ ਜਿਹੇ ਧਰਮ ਨਿਰਪੱਖ ਮੁਲਕ 'ਚ ਅਜਿਹੇ (ਨਫਰਤ ਭਰੇ) ਬਿਆਨ ਬਹੁਤ ਹੀ ਹੈਰਾਨ ਕਰਨ ਵਾਲੇ ਹਨ।' ਜ਼ਿਕਰਯੋਗ ਹੈ ਕਿ ਹਾਕਮ ਧਿਰ ਭਾਜਪਾ ਦੇ ਆਗੂਆਂ ਸਮੇਤ ਕਈ ਸਿਆਸੀ ਆਗੂਆਂ 'ਤੇ ਨਫਰਤੀ ਭਾਸ਼ਣ ਦੇਣ ਦੇ ਦੋਸ਼ ਲੱਗੇ ਹਨ ਤੇ ਕੁਝ ਖ਼ਿਲਾ.ਫ ਕੇਸ ਵੀ ਦਰਜ ਕੀਤੇ ਗਏ ਹਨ। ਸੁਪਰੀਮ ਕੋਰਟ ਨੇ ਕਿਹਾ, 'ਭਾਰਤ ਦਾ ਸੰਵਿਧਾਨ ਵਿਅਕਤੀ ਦੀ ਮਾਣ-ਮਰਿਆਦਾ ਯਕੀਨੀ ਬਣਾਉਣ ਵਾਲੇ ਨਾਗਰਿਕਾਂ ਵਿਚਾਲੇ ਇੱਕ ਧਰਮ ਨਿਰਪੱਖ ਰਾਸ਼ਟਰ ਤੇ ਭਾਈਚਾਰੇ ਦੀ ਕਲਪਨਾ ਕਰਦਾ ਹੈ। ਦੇਸ਼ ਦੀ ਏਕਤਾ ਤੇ ਅਖੰਡਤਾ ਪ੍ਰਸਤਾਵਨਾ 'ਚ ਦਰਜ ਸਿਧਾਂਤਾਂ 'ਚੋਂ ਇੱਕ ਹੈ।' ਸੁਪਰੀਮ ਕੋਰਟ ਨੇ ਕਿਹਾ, 'ਜਦੋਂ ਤੱਕ ਵੱਖ ਵੱਖ ਧਾਰਮਿਕ ਭਾਈਚਾਰਿਆਂ ਦੇ ਮੈਂਬਰ ਸਦਭਾਵਨਾ ਨਾਲ ਰਹਿਣ ਦੇ ਸਮਰੱਥ ਨਹੀਂ ਹੋਣਗੇ, ਉਦੋਂ ਤੱਕ ਭਾਈਚਾਰਾ ਨਹੀਂ ਹੋ ਸਕਦਾ। ਪਟੀਸ਼ਨਰ ਦਸਦੇ ਹਨ ਕਿ ਵੱਖ ਵੱਖ ਸਜ਼ਾਯੋਗ ਮੱਦਾਂ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ ਗਈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ਅੱਜ ਦਾ ਮੁੱਦਾ
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com